@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wedmesday, 22 April 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 22 ਅਪ੍ਰੈਲ 2026, 9 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 167, qpatrika@gmail.com ਫੋਨ : 9971359517 www.qaumipatrika.org

## ਸੁਪਰੀਮ ਕੋਰਟ ਨੇ ਸੜਕ ਸੁਰੱਖਿਆ ਨੂੰ ਲੈ ਕੇ ਪੂਰੇ ਦੇਸ਼ ਲਈ ਜਾਰੀ ਕੀਤੇ ਨਿਰਦੇਸ਼

ਨਵੀਂ ਦਿੱਲੀ 21 ਅਪ੍ਰੈਲ। ਸੁਪਰੀਮ ਕੋਰਟ ਨੇ ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਪੂਰੇ ਦੇਸ਼ ਲਈ ਕਈ ਨਿਰਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਨਿਰਦੇਸ਼ਾਂ 'ਚ ਐਕਸਪ੍ਰੈੱਸਵੇਅ ਵਰਗੀਆਂ ਅਹਿਮ ਸੜਕਾਂ 'ਤੇ ਭਾਰੀ ਵਾਹਨਾਂ ਦੀ ਪਾਰਕਿੰਗ 'ਤੇ ਪਾਬੰਦੀ ਸ਼ਾਮਲ ਹੈ। ਪ੍ਰਸ਼ਾਸਨਿਕ ਸੁਸਤੀ ਜਾਂ ਬੁਨਿਆਦੀ ਢਾਂਚੇ ਦੀ ਘਾਟ ਕਾਰਨ ਐਕਸਪ੍ਰੈੱਸਵੇਅ ਨੂੰ ਖ਼ਤਰੇ ਦੇ ਲਾਂਘੇ ਨਹੀਂ ਬਣਨਾ ਚਾਹੀਦਾ। ਜਸਟਿਸ ਜੇ. ਕੇ. ਮਹੇਸ਼ਵਰੀ ਤੇ ਏ. ਐੱਸ. ਚੰਦੂਰਕਰ ਦੇ ਬੈਂਚ ਨੇ ਸੜਕ ਆਵਾਜਾਈ ਤੇ ਰਾਜਮਾਰਗ ਮੰਤਰਾਲਾ, ਭਾਰਤੀ ਰਾਸ਼ਟਰੀ



ਰਾਜਮਾਰਗ ਅਥਾਰਟੀ (ਐੱਨ. ਐੱਚ. ਆਈ. ਏ.) ਅਤੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸੜਕਾਂ ਨੂੰ ਯਕੀਨੀ ਤੌਰ 'ਤੇ ਸੁਰੱਖਿਅਤ ਬਣਾਉਣ ਦੇ ਨਿਰਦੇਸ਼ ਦਿੱਤੇ। ਬੈਂਚ ਨੇ ਨੋਟ ਕੀਤਾ ਕਿ ਰਾਸ਼ਟਰੀ ਰਾਜਮਾਰਗ ਭਾਰਤ ਦੀਆਂ ਸੜਕਾਂ ਦੀ ਕੁੱਲ ਲੰਬਾਈ ਦਾ ਸਿਰਫ 2 ਫੀਸਦੀ ਬਣਦਾ ਹੈ ਪਰ ਸੜਕ ਹਾਦਸਿਆਂ 'ਚ ਹੋਣ ਵਾਲੀਆਂ ਮੌਤਾਂ ਦਾ ਇਹ ਲੱਗਭਗ 30 ਫੀਸਦੀ ਬਣਦਾ ਹੈ। ਇਨ੍ਹਾਂ ਨਿਰਦੇਸ਼ਾਂ ਦਾ ਐਲਾਨ 13 ਅਪ੍ਰੈਲ ਨੂੰ ਕੀਤਾ ਗਿਆ ਸੀ। ਅਦਾਲਤ 2 ਤੇ 3 ਨਵੰਬਰ, 2025 ਨੂੰ ਰਾਜਸਥਾਨ ਦੇ ਫਲੋਦੀ ਤੇ ਤੇਲੰਗਾਨਾ ਦੇ ਰੰਗਾਰੇਡੀ 'ਚ ਹੋਏ ਸੜਕ ਹਾਦਸਿਆਂ 'ਚ 34 ਵਿਅਕਤੀਆਂ ਦੀ ਮੌਤ ਤੋਂ ਬਾਅਦ ਦਾਇਰ ਕੀਤੇ ਗਏ ਇਕ ਮਾਮਲੇ ਦੀ ਸੁਣਵਾਈ ਕਰ ਰਹੀ ਸੀ। ਸੁਪਰੀਮ ਕੋਰਟ ਨੇ ਇਨ੍ਹਾਂ ਹਾਦਸਿਆਂ ਲਈ ਪ੍ਰਣਾਲੀਗਤ ਲਾਪਰਵਾਹੀ ਤੇ ਤਬਾਹਕੁੰਨ ਬੁਨਿਆਦੀ ਢਾਂਚੇ ਦੀਆਂ ਨਾਕਾਮੀਆਂ ਨੂੰ ਜ਼ਿੰਮੇਵਾਰ ਠਹਿਰਾਇਆ।

# ਮੁੱਖ ਮੰਤਰੀ ਨੇ ਹਾਲੈਂਡ ਦੇ ਮਹਾਨ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਕੀਤੀ ਮੁਲਾਕਾਤ, ਪੰਜਾਬ ਦੇ ਅਥਲੀਟਾਂ ਨੂੰ ਸਿਖਲਾਈ ਦੇਣ ਦਾ ਦਿੱਤਾ ਸੱਦਾ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਚੰਡੀਗੜ੍ਹ, 21 ਅਪ੍ਰੈਲ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹਾਲੈਂਡ ਦੇ ਮਸ਼ਹੂਰ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਵਿੱਚ ਹਾਕੀ ਨੂੰ ਹੋਰ ਮਜ਼ਬੂਤ ਕਰਨ, ਖ਼ਾਸ ਕਰ ਕੇ ਵੱਕਾਰੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਤਿਆਰੀ ਲਈ ਉਨ੍ਹਾਂ ਦੀ ਮੁਹਾਰਤ ਦਾ ਲਾਹਾ ਲੈਣ ਦੀ ਪੇਸ਼ਕਸ਼ ਕੀਤੀ। ਵਿਸਤਾਰ ਨਾਲ ਹੋਈ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਹਾਕੀ ਅਤੇ ਖੇਡਾਂ ਦੇ ਵਿਆਪਕ ਵਾਤਾਵਰਨ ਬਾਰੇ ਚਰਚਾ ਕੀਤੀ, ਕੌਮੀ ਖੇਡ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਫਲੋਰਿਸ ਜਾਨ ਬੋਵਲੈਂਡਰ ਦੇ ਅਸਾਧਾਰਨ ਹੁਨਰ ਅਤੇ ਹਾਕੀ ਵਿੱਚ ਅਥਾਹ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਫਲੋਰਿਸ ਦਾ ਸ਼ਾਨਦਾਰ ਕਰੀਅਰ ਦੁਨੀਆ ਭਰ ਦੇ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਿਤ ਕਰਦਾ ਹੈ। ਉਲੰਪੀਅਨ ਬੋਵਲੈਂਡਰ ਨੂੰ ਪੰਜਾਬ ਆਉਣ ਦਾ ਸੱਦਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਖਿਡਾਰੀਆਂ ਦੇ ਹੁਨਰ ਨੂੰ ਹੋਰ ਤਰਾਸ਼ਣ ਲਈ ਪੰਜਾਬ ਇਸ ਗੱਲ ਦਾ ਇੱਛੁਕ ਹੈ ਕਿ ਫਲੋਰਿਸ ਪੰਜਾਬ ਦੇ ਅਥਲੀਟਾਂ ਨੂੰ ਸਿਖਲਾਈ ਦੇਣ। ਉਨ੍ਹਾਂ ਕਿਹਾ, "ਪੰਜਾਬ ਖੇਡ ਪ੍ਰਤਿਭਾ ਨੂੰ ਨਿਖਾਰਨ ਅਤੇ ਹਾਕੀ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਲਈ ਵਚਨਬੱਧ ਹੈ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਆਪਣੇ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਕਰੇਗਾ, ਜੋ ਸੂਬੇ ਦੇ ਖੇਡ ਵਾਤਾਵਰਨ ਲਈ ਵੱਡਾ ਮੀਲ ਪੱਥਰ ਹੈ। ਆਉਣ ਵਾਲੇ ਕੌਮਾਂਤਰੀ ਮੁਕਾਬਲਿਆਂ ਦੀ ਮਹੱਤਤਾ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਏਸ਼ਿਆਈ ਖੇਡਾਂ ਅਕਤੂਬਰ ਦੇ ਸ਼ੁਰੂ ਵਿੱਚ ਸਮਾਪਤ ਹੋਣਗੀਆਂ, ਜਿਸ



ਤੋਂ ਬਾਅਦ ਚੋਟੀ ਦੀਆਂ ਛੇ ਟੀਮਾਂ ਚੈਂਪੀਅਨਜ਼ ਟਰਾਫ਼ੀ ਵਿੱਚ ਹਿੱਸਾ ਲੈਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਚਾਰ ਦੇਸ਼ਾਂ ਦੇ ਇਸ ਟੂਰਨਾਮੈਂਟ ਦੀ ਪ੍ਰਵਾਨਗੀ ਨਾਲ ਪੰਜਾਬ ਦੀ ਸਥਿਤੀ ਵਿਸ਼ਵ ਪੱਧਰ ਉੱਤੇ ਹਾਕੀ ਹੱਬ ਵਜੋਂ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ, "ਦਹਾਕਿਆਂ ਤੋਂ ਭਾਰਤੀ ਹਾਕੀ ਵਿੱਚ ਪੰਜਾਬੀਆਂ ਦੀ ਮਜ਼ਬੂਤ ਮੌਜੂਦਗੀ ਦੇ ਬਾਵਜੂਦ ਪੰਜਾਬ ਨੇ ਹੁਣ ਤੱਕ ਕਦੇ ਵੀ ਕਿਸੇ ਵੱਡੇ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਦੀ ਮੇਜ਼ਬਾਨੀ ਨਹੀਂ ਕੀਤੀ। ਹੁਣ ਇਹ ਇਕ ਇਤਿਹਾਸਕ ਤਬਦੀਲੀ ਹੈ। ਪੰਜਾਬ ਅਤੇ ਹਾਕੀ ਵਿਚਾਲੇ ਡੂੰਘਾ ਸਬੰਧ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਅਟੁੱਟ ਰਿਸ਼ਤਾ ਹੈ। ਉਨ੍ਹਾਂ ਕਿਹਾ, "ਪੰਜਾਬੀ ਖਿਡਾਰੀਆਂ ਤੋਂ ਬਿਨਾਂ ਭਾਰਤੀ ਹਾਕੀ ਦੀ ਕਲਪਨਾ ਕਰਨੀ ਅਸੰਭਵ ਹੈ। ਪੰਜਾਬ ਦੇ 50 ਤੋਂ ਵੱਧ ਖਿਡਾਰੀਆਂ ਨੇ ਉਲੰਪਿਕ ਤਗਮੇ ਜਿੱਤੇ ਹਨ ਅਤੇ 10 ਪੰਜਾਬੀ ਖਿਡਾਰੀਆਂ ਨੇ ਉਲੰਪਿਕ ਵਿੱਚ ਭਾਰਤ ਦੀ ਕਪਤਾਨੀ ਕੀਤੀ ਹੈ। ਪੰਜਾਬ ਦੀ ਅਮੀਰ ਵਿਰਾਸਤ 'ਤੇ ਜ਼ੋਰ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸੰਸਾਰਪੁਰ, ਖੁਸਰੋਪੁਰ ਅਤੇ ਮਿੱਠਾਪੁਰ ਵਰਗੇ ਪਿੰਡਾਂ ਨੇ ਮਿਲ ਕੇ 20 ਤੋਂ ਵੱਧ ਉਲੰਪੀਅਨ ਪੈਦਾ ਕੀਤੇ ਹਨ। ਉਨ੍ਹਾਂ ਨੇ ਹਾਲੀਆ ਪ੍ਰਾਪਤੀਆਂ 'ਤੇ ਹੋਰ ਚਾਨਣਾ ਪਾਇਆ ਅਤੇ ਕਿਹਾ ਕਿ ਟੋਕੀਓ 2020 ਉਲੰਪਿਕ ਵਿੱਚ ਭਾਰਤ ਦਾ ਕਾਂਸੀ ਦਾ ਤਗਮਾ 41 ਸਾਲਾਂ ਦੇ ਵਕਫ਼ੇ ਤੋਂ ਬਾਅਦ ਆਇਆ, ਜਿਸ ਵਿੱਚ ਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਵਿੱਚ ਨੌਂ ਪੰਜਾਬੀ ਖਿਡਾਰੀ ਸ਼ਾਮਲ ਸਨ। ਉਨ੍ਹਾਂ ਅੱਗੇ ਕਿਹਾ, "ਪੈਰਿਸ 2024 ਉਲੰਪਿਕ ਵਿੱਚ ਵੀ ਭਾਰਤ ਨੇ ਇਕ ਹੋਰ ਕਾਂਸੀ ਦਾ ਤਗਮਾ ਹਾਸਲ ਕੀਤਾ, ਜਿਸ ਵਿੱਚ 10 ਪੰਜਾਬੀ ਖਿਡਾਰੀ ਸ਼ਾਮਲ ਸਨ, ਜਿੱਥੇ ਹਰਮਨਪ੍ਰੀਤ ਸਿੰਘ ਨੇ ਕਪਤਾਨ ਵਜੋਂ ਟੀਮ ਦੀ ਅਗਵਾਈ ਕੀਤੀ ਅਤੇ ਸਭ ਤੋਂ ਵੱਧ ਸਕੋਰ ਕਰਨ ਵਾਲੇ ਖਿਡਾਰੀ ਵਜੋਂ ਉੱਭਰਿਆ। ਆਪਣੇ ਐਕਸ ਪਲੇਟਫਾਰਮ ਉੱਤੇ ਮੀਟਿੰਗ ਦੇ ਕੁਝ ਅੰਸ਼ ਸਾਂਝੇ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਨੀਦਰਲੈਂਡ ਵਿੱਚ ਉਲੰਪੀਅਨ ਫਲੋਰਿਸ ਜਾਨ ਬੋਵਲੈਂਡਰ ਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ, ਜੋ ਆਪਣੇ ਅਸਾਧਾਰਨ ਹੁਨਰ ਅਤੇ ਖੇਡ ਵਿੱਚ ਆਪਣੇ ਯੋਗਦਾਨ ਲਈ ਜਾਣਿਆ ਜਾਂਦਾ ਹੈ। ਉਸ ਦਾ ਸ਼ਾਨਦਾਰ ਕਰੀਅਰ ਅਤੇ ਤਜਰਬਾ ਸਾਡੇ ਨੌਜਵਾਨ ਖਿਡਾਰੀਆਂ ਨੂੰ ਬਹੁਤ ਪ੍ਰੇਰਿਤ ਕਰੇਗਾ। ਫਲੋਰਿਸ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਗਿਆ, ਜਿਸ ਨੂੰ ਉਸ ਨੇ ਖਿੜੇ ਮੱਥੇ ਸਵੀਕਾਰ ਕੀਤਾ। ਉਹ ਆਗਾਮੀ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਤੋਂ ਪਹਿਲਾਂ ਸਾਡੇ ਖਿਡਾਰੀਆਂ ਨਾਲ ਜੁੜਨ ਅਤੇ ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਵਚਨਬੱਧ ਹੈ। ਪੰਜਾਬ ਖੇਡ ਪ੍ਰਤਿਭਾ ਨੂੰ ਨਿਖਾਰਨ ਅਤੇ ਹਾਕੀ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਲਈ ਦ੍ਰਿੜ੍ਹ ਹੈ।

# ਐਲਪੀਜੀ ਸਿਲੰਡਰ ਨੂੰ ਲੈ ਕੇ ਕੇਂਦਰ ਸਰਕਾਰ ਦਾ ਵੱਡਾ ਐਲਾਨ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਬਿਜ਼ਨੈੱਸ ਡੈਸਕ 21 ਅਪ੍ਰੈਲ। ਪੱਛਮੀ ਏਸ਼ੀਆ ਵਿੱਚ ਵੱਧਦੇ ਤਣਾਅ ਅਤੇ ਇਰਾਨ ਸੰਕਟ ਦੇ ਵਿਚਕਾਰ, ਭਾਰਤ ਸਰਕਾਰ ਨੇ ਰਸੋਈ ਗੈਸ ਦੀ ਬੁਕਿੰਗ ਅਤੇ ਸਪਲਾਈ ਨੂੰ ਲੈ ਕੇ ਆਮ ਲੋਕਾਂ ਲਈ ਇੱਕ ਅਹਿਮ ਅਤੇ ਰਾਹਤ ਭਰਿਆ ਐਲਾਨ ਕੀਤਾ ਹੈ। ਸਰਕਾਰ ਨੇ ਸਾਫ਼ ਕੀਤਾ ਹੈ ਕਿ ਦੇਸ਼ ਵਿੱਚ ਐਲਪੀਜੀ ਦੀ ਸਪਲਾਈ ਪੂਰੀ ਤਰ੍ਹਾਂ ਸਥਿਰ ਹੈ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕਮੀ ਜਾਂ ਅਚਾਨਕ ਹੋਣ ਵਾਲੀ ਮਹਿੰਗਾਈ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਨਵੀਂ ਦਿੱਲੀ ਵਿੱਚ ਹੋਈ ਇੱਕ ਉੱਚ ਪੱਧਰੀ ਮੀਟਿੰਗ ਦੌਰਾਨ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੀ ਸਕੱਤਰ ਸੁਜਾਤਾ ਸ਼ਰਮਾ ਨੇ ਦੱਸਿਆ ਕਿ ਉਪਭੋਗਤਾਵਾਂ ਦੀ ਸਹੂਲਤ ਲਈ ਗੈਸ ਸਿਲੰਡਰ ਬੁਕਿੰਗ ਦੀ ਸਮਾਂ ਸੀਮਾ ਵਧਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਦੇਸ਼ ਵਿੱਚ ਘਰੇਲੂ ਐਲਪੀਜੀ ਦਾ ਉਤਪਾਦਨ ਵੀ ਵਧਾ ਦਿੱਤਾ ਗਿਆ ਹੈ ਤਾਂ ਜੋ ਮੰਗ ਨੂੰ ਆਸਾਨੀ ਨਾਲ ਪੂਰਾ ਕੀਤਾ ਜਾ ਸਕੇ। ਕਾਲਾਬਾਜ਼ਾਰੀ 'ਤੇ ਨਕੇਲ ਅਤੇ ਕਮਰਸ਼ੀਅਲ ਗੈਸ ਦੀ ਸਥਿਤੀ ਗੈਸ ਵੰਡ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਉਣ ਲਈ ਸਰਕਾਰ ਨੇ ਡਿਲੀਵਰੀ ਆਥੈਂਟੀਕੇਸ਼ਨ ਕੋਡ (413) ਨੂੰ ਸਖ਼ਤੀ ਨਾਲ ਲਾਗੂ ਕੀਤਾ ਹੈ। ਮੌਜੂਦਾ ਸਮੇਂ ਵਿੱਚ ਇਸ ਦੀ ਵਰਤੋਂ 92% ਤੱਕ ਪਹੁੰਚ ਚੁੱਕੀ ਹੈ, ਜਿਸ ਨਾਲ ਫਰਜ਼ੀ ਡਿਲੀਵਰੀ ਅਤੇ ਕਾਲਾਬਾਜ਼ਾਰੀ ਨੂੰ ਰੋਕਣ ਵਿੱਚ ਵੱਡੀ



ਮਦਦ ਮਿਲ ਰਹੀ ਹੈ। ਇਸ ਤੋਂ ਇਲਾਵਾ, ਕਮਰਸ਼ੀਅਲ ਗੈਸ ਦੀ ਸਪਲਾਈ ਵੀ ਲਗਭਗ 70% ਤੱਕ ਆਮ ਹੋ ਚੁੱਕੀ ਹੈ। ਛੋਟੇ 5 ਕਿਲੋ ਵਾਲੇ ਸਿਲੰਡਰਾਂ ਦੀ ਮੰਗ ਵਿੱਚ ਵੀ ਤੇਜ਼ੀ ਆਈ ਹੈ, ਜਿਸ ਲਈ ਸਰਕਾਰ ਵੱਲੋਂ ਦੇਸ਼ ਭਰ ਵਿੱਚ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਖੇਤਰੀ ਤਣਾਅ ਦੇ ਬਾਵਜੂਦ, ਸਰਕਾਰ ਸਮੁੰਦਰੀ ਮਾਰਗਾਂ ਦੀ ਸੁਰੱਖਿਆ ਨੂੰ ਲੈ ਕੇ ਪੂਰੀ ਤਰ੍ਹਾਂ ਚੌਕਸ ਹੈ। ਜਾਣਕਾਰੀ ਅਨੁਸਾਰ, ਸਟ?ਰੇਟ ਆਫ ਹਾਰਮੁਜ਼ ਤੋਂ ਗੁਜ਼ਰਨ ਵਾਲੇ ਭਾਰਤੀ ਜਹਾਜ਼ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਕੱਚਾ ਤੇਲ ਲੈ ਕੇ ਭਾਰਤ ਪਹੁੰਚ ਰਹੇ ਜਹਾਜ਼ਾਂ ਦੀ ਸਪਲਾਈ ਵਿੱਚ ਕੋਈ ਰੁਕਾਵਟ ਨਹੀਂ ਆ ਰਹੀ। ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਭਾਰਤੀ ਜਹਾਜ਼ਾਂ ਅਤੇ ਉਨ੍ਹਾਂ ਦੇ ਕਰੂ ਮੈਂਬਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਗਿਆ ਹੈ।

# ਦਿੱਲੀ 'ਚ ਨਕਲੀ ਦਵਾਈਆਂ ਤੇ ਕੌਫੀ ਬਣਾਉਣ ਵਾਲੇ ਗਿਰੋਹ ਦਾ ਪਰਦਾਫਾਸ਼, 20 ਲੱਖ ਦਾ ਸਾਮਾਨ ਬਰਾਮਦ

ਨੈਸ਼ਨਲ ਡੈਸਕ 21 ਅਪ੍ਰੈਲ। ਦਿੱਲੀ ਪੁਲਸ ਨੇ ਪੂਰਬੀ ਦਿੱਲੀ ਦੇ ਮਧੂ ਵਿਹਾਰ ਇਲਾਕੇ ਵਿੱਚ ਇੱਕ ਅਜਿਹੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ, ਜੋ ਨਾਮੀ ਕੰਪਨੀਆਂ ਦੇ ਨਾਂ 'ਤੇ ਨਕਲੀ 'ਏਂਟਾਸਿਡ' (ਐਸੀਡਿਟੀ ਦੀ ਦਵਾਈ) ਅਤੇ ਕੌਫੀ ਪਾਊਡਰ ਤਿਆਰ ਕਰ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਸੀ। ਪੁਲਸ ਨੇ ਇਸ ਮਾਮਲੇ ਵਿੱਚ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ ਕਰੀਬ 20 ਲੱਖ ਰੁਪਏ ਦੀ ਕੀਮਤ ਦਾ ਸਾਮਾਨ ਜ਼ਬਤ ਕੀਤਾ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਗਿਰੋਹ ਇੱਕ ਕਿਰਾਏ ਦੇ ਫਲੈਟ ਵਿੱਚੋਂ ਆਪਣੀਆਂ ਗਤੀਵਿਧੀਆਂ ਚਲਾ ਰਿਹਾ ਸੀ। ਇੱਥੇ ਨਾਮੀ ਕੰਪਨੀਆਂ ਦੇ ਰੈਪਰਾਂ ਵਿੱਚ ਨਕਲੀ ਪਾਊਡਰ ਪੈਕ ਕਰਕੇ ਬਾਜ਼ਾਰ ਵਿੱਚ ਸਪਲਾਈ ਕੀਤਾ ਜਾਂਦਾ ਸੀ। ਪੁਲਸ ਨੇ ਮੌਕੇ ਤੋਂ ਨਕਲੀ ਏਂਟਾਸਿਡ ਦੇ ਇੱਕ ਲੱਖ ਪੈਕੇਟ ਅਤੇ ਨਕਲੀ ਕੌਫੀ ਦੇ 50,000 ਪੈਕੇਟ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਭਾਰੀ ਮਾਤਰਾ ਵਿੱਚ ਕੱਚਾ ਮਾਲ, ਪੈਕੇਜਿੰਗ ਮਸ਼ੀਨਾਂ ਅਤੇ ਹੋਰ ਉਪਕਰਨ ਵੀ ਜ਼ਬਤ ਕੀਤੇ ਗਏ ਹਨ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਉੱਤਮ ਦਾਸ (23), ਪਾਪਾ ਦਾਸ (19), ਨਿਤਿਨ ਭਾਰਦਵਾਜ (38) ਅਤੇ ਸੰਜੇ ਬੰਸਲ (50) ਵਜੋਂ ਹੋਈ ਹੈ, ਜੋ ਸਾਰੇ ਦਿੱਲੀ ਦੇ ਰਹਿਣ ਵਾਲੇ ਹਨ। ਪੁੱਛਗਿੱਛ ਦੌਰਾਨ ਪਤਾ ਲੱਗਿਆ ਕਿ ਇਹ ਗਿਰੋਹ ਪਿਛਲੇ ਦੋ ਮਹੀਨਿਆਂ ਤੋਂ ਸਰਗਰਮ ਸੀ। ਮੁੱਖ ਮੁਲਜ਼ਮ ਨਿਤਿਨ ਭਾਰਦਵਾਜ ਨੂੰ ਦੇਹਰਾਦੂਨ ਤੋਂ ਗ੍ਰਿਫਤਾਰ ਕੀਤਾ ਗਿਆ, ਜਦਕਿ ਸੰਜੇ ਬੰਸਲ ਨੂੰ ਕਸ਼ਮੀਰੀ ਗੇਟ ਨੇੜਿਓਂ ਉਸ ਸਮੇਂ ਦਬੋਚਿਆ ਗਿਆ ਜਦੋਂ ਉਹ ਸ਼ਹਿਰ ਛੱਡ ਕੇ ਭੱਜਣ ਦੀ ਫਿਰਾਕ ਵਿੱਚ ਸੀ। ਪੁਲਸ ਮੁਤਾਬਕ ਨਕਲੀ ਦਵਾਈਆਂ ਅਤੇ ਖਾਣ-ਪੀਣ ਵਾਲੀਆਂ ਵਸਤੂਆਂ ਦੀ ਇਸ ਤਰ੍ਹਾਂ ਦੀ ਵਿਕਰੀ ਜਨਤਕ ਸਿਹਤ ਲਈ ਇੱਕ ਵੱਡਾ ਖਤਰਾ ਸੀ। ਸੰਬੰਧਿਤ ਕੰਪਨੀਆਂ ਦੇ ਨੁਮਾਇੰਦਿਆਂ ਨੇ ਵੀ ਪੁਸ਼ਟੀ ਕੀਤੀ ਹੈ ਕਿ ਜ਼ਬਤ ਕੀਤਾ ਗਿਆ ਸਾਰਾ ਮਾਲ ਨਕਲੀ ਹੈ। ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ ਤਾਂ ਜੋ ਇਸ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਦਾ ਪਤਾ ਲਗਾਇਆ ਜਾ ਸਕੇ।

## ਸ਼ਰਦ ਪਵਾਰ ਮੁੰਬਈ ਦੇ ਹਸਪਤਾਲ 'ਚ ਦਾਖਲ

ਨੈਸ਼ਨਲ ਡੈਸਕ 21 ਅਪ੍ਰੈਲ। ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਸ.ਪੀ.) ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸ਼ਰਦ ਪਵਾਰ ਨੂੰ ਸਿਹਤ ਜਾਂਚ ਲਈ ਮੁੰਬਈ ਦੇ ਇੱਕ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, 85 ਸਾਲਾ ਸਾਬਕਾ ਕੇਂਦਰੀ ਮੰਤਰੀ ਪਵਾਰ ਨੂੰ ਦੋ ਦਿਨ ਪਹਿਲਾਂ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਹਸਪਤਾਲ ਦੇ ਸੂਤਰਾਂ ਨੇ ਦੱਸਿਆ ਹੈ ਕਿ ਸ਼ਰਦ



ਪਵਾਰ ਨੂੰ ਸਿਰਫ ਨਿਯਮਤ ਜਾਂਚ (ਚੈੱਕਅੱਪ) ਲਈ ਹਸਪਤਾਲ ਲਿਆਂਦਾ ਗਿਆ ਹੈ ਅਤੇ ਇਸ ਵਿੱਚ ਕੋਈ ਗੰਭੀਰ ਗੱਲ ਨਹੀਂ ਹੈ। ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਪਵਾਰ ਨੇ ਵ?ੀਲਚੇਅਰ 'ਤੇ ਬੈਠ ਕੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ ਸੀ ਅਤੇ ਦਿੱਲੀ ਵਿੱਚ ਮੀਡੀਆ ਨੂੰ ਵੀ ਸੰਬੋਧਨ ਕੀਤਾ ਸੀ। ਦੱਸ ਦੇਈਏ ਕਿ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਸ਼ਰਦ ਪਵਾਰ ਨੂੰ ਇਸ ਸਾਲ ਫਰਵਰੀ ਮਹੀਨੇ ਵਿੱਚ ਵੀ ਸਿਹਤ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਉਸ ਸਮੇਂ ਛਾਤੀ ਵਿੱਚ ਇਨਫੈਕਸ਼ਨ ਅਤੇ ਸਰੀਰ ਵਿੱਚ ਪਾਣੀ ਦੀ ਕਮੀ (ਡੀਹਾਈਡਰੇਸ਼ਨ) ਕਾਰਨ ਉਨ੍ਹਾਂ ਨੂੰ ਪੁਣੇ ਦੇ ਇੱਕ ਹਸਪਤਾਲ ਵਿੱਚ ਦੋ ਵਾਰ ਦਾਖਲ ਕਰਵਾਇਆ ਗਿਆ ਸੀ। ਫਿਲਹਾਲ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

## ਪ੍ਰਧਾਨ ਮੰਤਰੀ ਮੋਦੀ ਵਿਰੁੱਧ ਟਿੱਪਣੀ ਕਰਨ 'ਤੇ ਤਰੁਣ ਚੁੱਘ ਨੇ ਖੜਗੇ ਨੂੰ ਘੇਰਿਆ

ਨੈਸ਼ਨਲ ਡੈਸਕ 21 ਅਪ੍ਰੈਲ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ 'ਅੱਤਵਾਦੀ' ਵਰਗੇ ਸ਼ਬਦ ਦੀ ਵਰਤੋਂ ਕਰਨ ਦੀ ਸਖ਼ਤ ਨਿੰਦਾ ਕੀਤੀ ਹੈ। ਚੁੱਘ ਨੇ ਇਸ ਨੂੰ ਲੋਕਤੰਤਰੀ ਮਰਿਆਦਾਵਾਂ 'ਤੇ ਸਿੱਧਾ ਹਮਲਾ ਦੱਸਦਿਆਂ ਕਿਹਾ ਕਿ ਇਹ ਬਿਆਨ ਕਾਂਗਰਸ ਦੀ ਡਿੱਗ ਰਹੀ ਸਿਆਸੀ ਸੰਸਕ੍ਰਿਤੀ ਅਤੇ ਸੋਚ ਨੂੰ ਉਜਾਗਰ ਕਰਦਾ ਹੈ। ਤਰੁਣ ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਦੇ ਉਨ੍ਹਾਂ ਚੁਣਿੰਦਾ ਆਗੂਆਂ ਵਿੱਚੋਂ ਹਨ, ਜਿਨ੍ਹਾਂ ਨੂੰ ਜਨਤਾ ਨੇ ਵਾਰ-ਵਾਰ ਭਾਰੀ ਬਹੁਮਤ ਨਾਲ ਚੁਣ ਕੇ ਲਗਾਤਾਰ ਤੀਜੀ ਵਾਰ ਦੇਸ਼ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੀ. ਐੱਮ. ਮੋਦੀ ਨੂੰ ਗਰੀਬਾਂ ਦਾ ਮਸੀਹਾ ਮੰਨਿਆ ਜਾਂਦਾ ਹੈ, ਜਿਨ੍ਹਾਂ ਨੇ ਕਰੋੜਾਂ ਲੋਕਾਂ ਦੇ ਜੀਵਨ ਵਿੱਚ ਸਕਾਰਾਤਮਕ ਤਬਦੀਲੀ ਲਿਆ ਕੇ ਇਹ ਸਾਬਤ ਕੀਤਾ ਹੈ ਕਿ ਸਹੀ ਨੀਅਤ ਨਾਲ ਗਰੀਬੀ ਦੂਰ ਕੀਤੀ ਜਾ ਸਕਦੀ ਹੈ। ਚੁੱਘ ਨੇ ਅੱਗੇ ਕਿਹਾ ਕਿ ਇੱਕ ਅਜਿਹੇ ਜਨ-ਨੇਤਾ ਲਈ 'ਅੱਤਵਾਦੀ' ਸ਼ਬਦ ਵਰਤਣਾ ਕਾਂਗਰਸ ਲੀਡਰਸ਼ਿਪ ਦੇ ਮਾਨਸਿਕ ਦਿਵਾਲੀਆਪਨ, ਹਤਾਸ਼ਾ ਅਤੇ ਨਿਰਾਸ਼ਾ ਨੂੰ ਦਰਸਾਉਂਦਾ ਹੈ।

# 3 ਦਿਨਾਂ ਦੌਰੇ 'ਤੇ ਜਰਮਨੀ ਪਹੁੰਚੇ ਰੱਖਿਆ ਮੰਤਰੀ ਰਾਜਨਾਥ ਸਿੰਘ, ਕਈ ਅਹਿਮ ਮੁੱਦਿਆਂ 'ਤੇ ਹੋਵੇਗੀ ਚਰਚਾ

ਕੌਮੀ ਪਤ੍ਰਿਕਾ

ਇੰਟਰਨੈਸ਼ਨਲ ਡੈਸਕ 21 ਅਪ੍ਰੈਲ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਮੰਗਲਵਾਰ ਨੂੰ 3 ਦਿਨਾਂ ਦੌਰੇ 'ਤੇ ਜਰਮਨੀ ਦੇ ਸ਼ਹਿਰ ਮਿਊਨਿਖ ਪਹੁੰਚ ਗਏ ਹਨ। ਇਸ ਦੌਰੇ ਦਾ ਮੁੱਖ ਉਦੇਸ਼ ਭਾਰਤ ਅਤੇ ਜਰਮਨੀ ਵਿਚਕਾਰ ਰਣਨੀਤਕ ਸਬੰਧਾਂ ਅਤੇ ਫੌਜੀ ਸਹਿਯੋਗ ਨੂੰ ਹੋਰ ਡੂੰਘਾ ਕਰਨਾ ਹੈ। ਰਾਜਨਾਥ ਜਰਮਨੀ ਦੇ ਰੱਖਿਆ ਮੰਤਰੀ ਬੋਰਿਸ ਪਿਸਟੋਰੀਅਸ ਨਾਲ ਮੁਲਾਕਾਤ ਕਰਨਗੇ। ਦੋਵੇਂ ਨੇਤਾ ਰੱਖਿਆ ਸਹਿਯੋਗ ਨੂੰ ਵਧਾਉਣ ਅਤੇ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਾਲੇ ਤਾਲਮੇਲ ਮਜ਼ਬੂਤ ਕਰਨ 'ਤੇ ਚਰਚਾ ਕਰਨਗੇ। ਇਸ ਦੌਰੇ ਦੌਰਾਨ ਇੱਕ 'ਡਿਫੈਂਸ ਇੰਡਸਟਰੀਅਲ ਕੋਆਪ੍ਰੇਸ਼ਨ ਰੋਡਮੈਪ' ਅਤੇ ਸੰਯੁਕਤ ਰਾਸ਼ਟਰ ਦੇ ਸ਼ਾਂਤੀ ਮਿਸ਼ਨਾਂ ਦੀ ਸਿਖਲਾਈ ਲਈ ਸਹਿਯੋਗ ਸਮਝੌਤੇ 'ਤੇ ਹਸਤਾਖਰ ਹੋਣ ਦੀ ਸੰਭਾਵਨਾ ਹੈ। ਦੋਵੇਂ ਦੇਸ਼ ਸਾਈਬਰ ਸੁਰੱਖਿਆ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡਰੋਨ ਵਰਗੇ ਸੈਕਟਰਾਂ 'ਚ ਸਹਿਯੋਗ ਦੀਆਂ ਸੰਭਾਵਨਾਵਾਂ ਤਲਾਸ਼ਣਗੇ।



ਰੱਖਿਆ ਮੰਤਰੀ ਜਰਮਨੀ ਦੇ ਪ੍ਰਮੁੱਖ ਰੱਖਿਆ ਉਦਯੋਗ ਪ੍ਰਤੀਨਿਧੀਆਂ ਨਾਲ ਵੀ ਗੱਲਬਾਤ ਕਰਨਗੇ। ਇਸ ਦਾ ਉਦੇਸ਼ ਭਾਰਤ ਦੇ 'ਮੇਕ ਇਨ ਇੰਡੀਆ' ਪ੍ਰੋਗਰਾਮ ਤਹਿਤ ਜਰਮਨ ਕੰਪਨੀਆਂ ਨੂੰ ਭਾਰਤ ਵਿੱਚ ਹਥਿਆਰਾਂ ਦੇ ਸਾਂਝੇ ਵਿਕਾਸ ਅਤੇ ਉਤਪਾਦਨ ਲਈ ਉਤਸ਼ਾਹਿਤ ਕਰਨਾ ਹੈ। ਰੱਖਿਆ ਮੰਤਰਾਲੇ ਅਨੁਸਾਰ, ਇਹ ਦੌਰਾ ਕਾਫ਼ੀ ਮਹੱਤਵਪੂਰਨ ਹੈ ਕਿਉਂਕਿ 7 ਸਾਲਾਂ ਬਾਅਦ ਕੋਈ ਭਾਰਤੀ ਰੱਖਿਆ ਮੰਤਰੀ ਜਰਮਨੀ ਦੇ ਦੌਰੇ 'ਤੇ ਗਿਆ ਹੈ। ਇਸ ਤੋਂ ਪਹਿਲਾਂ ਫਰਵਰੀ 2019 ਵਿੱਚ ਨਿਰਮਲਾ ਸੀਤਾਰਮਨ ਨੇ ਜਰਮਨੀ ਦੀ ਯਾਤਰਾ ਕੀਤੀ ਸੀ। ਜ਼ਿਕਰਯੋਗ ਹੈ ਕਿ ਭਾਰਤ ਅਤੇ ਜਰਮਨੀ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਕੌਮਾਂਤਰੀ ਨਿਯਮਾਂ ਦੀ ਪਾਲਣਾ ਕਰਨ ਵਾਲੇ ਮਜ਼ਬੂਤ ਰਣਨੀਤਕ ਭਾਈਵਾਲ ਹਨ। ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਇਸ ਫੇਰੀ ਦਾ ਬੁਨਿਆਦੀ ਉਦੇਸ਼ ਦੁਵੱਲੇ ਸਬੰਧਾਂ ਨੂੰ ਡੂੰਘਾ ਕਰਨਾ ਅਤੇ ਖੇਤਰੀ ਤੇ ਵਿਸ਼ਵਵਿਆਪੀ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਵਿੱਚ ਯੋਗਦਾਨ ਪਾਉਣਾ ਹੈ।

## ਭਾਜਪਾ ਉਮੀਦਵਾਰ ਅਜੀਤ ਕੁਮਾਰ 'ਤੇ ਜਾਨਲੇਵਾ ਹਮਲਾ

ਨੈਸ਼ਨਲ ਡੈਸਕ 21 ਅਪ੍ਰੈਲ। ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਦੀ ਵੋਟਿੰਗ ਤੋਂ ਠੀਕ ਪਹਿਲਾਂ ਸਿਆਸੀ ਮਾਹੌਲ ਬੇਹੱਦ ਗਰਮਾ ਗਿਆ ਹੈ। ਮੰਗਲਵਾਰ ਨੂੰ ਪੱਛਮੀ ਮੇਦਿਨੀਪੁਰ ਜ਼ਿਲ੍ਹੇ ਦੇ ਦਾਂਤਨ ਇਲਾਕੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਜੀਤ ਕੁਮਾਰ ਜਾਨਾ 'ਤੇ ਜਾਨਲੇਵਾ ਹਮਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਹਿੰਸਕ ਝੜਪ ਵਿੱਚ ਭਾਜਪਾ ਦੇ ਕਈ ਵਰਕਰ ਅਤੇ ਸਮਰਥਕ ਵੀ ਗੰਭੀਰ ਰੂਪ ਵਿੱਚ ਜ਼ਖਮੀ ਦੱਸੇ ਜਾ ਰਹੇ ਹਨ। ਜਾਣਕਾਰੀ ਅਨੁਸਾਰ, ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਚੋਣ ਪ੍ਰਚਾਰ ਦੇ ਆਖਰੀ ਦਿਨ ਹਰੀਪੁਰ ਤੋਂ ਭਾਜਪਾ ਉਮੀਦਵਾਰ ਦੇ ਸਮਰਥਨ ਵਿੱਚ ਇੱਕ ਵੱਡੀ ਮੋਟਰਸਾਈਕਲ ਰੈਲੀ ਕੱਢੀ ਜਾ ਰਹੀ ਸੀ। ਚਸ਼ਮਦੀਦਾਂ ਦਾ ਦਾਅਵਾ ਹੈ ਕਿ ਜਦੋਂ ਇਹ ਰੈਲੀ ਸਬਰਾ ਤੋਂ ਮੋਹਨਪੁਰ ਜਾਂਦੇ ਹੋਏ ਅੰਤਾਲਾ ਇਲਾਕੇ ਵਿੱਚ ਪਹੁੰਚੀ, ਤਾਂ ਬਦਮਾਸ਼ਾਂ ਦੇ ਇੱਕ ਸਮੂਹ ਨੇ ਅਚਾਨਕ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਦੋਸ਼ ਹੈ ਕਿ ਹਮਲਾਵਰਾਂ ਨੇ ਲਾਠੀਆਂ ਨਾਲ ਜਲੂਸ 'ਤੇ ਹਮਲਾ ਕੀਤਾ ਅਤੇ ਕਈ ਮੋਟਰਸਾਈਕਲਾਂ ਦੀ ਭੰਨ-ਤੋੜ ਵੀ ਕੀਤੀ। ਭਾਜਪਾ ਨੇ ਇਸ ਹਮਲੇ ਦਾ ਸਿੱਧਾ ਦੋਸ਼ ਤ੍ਰਿਣਮੂਲ ਕਾਂਗਰਸ ਦੇ ਵਰਕਰਾਂ 'ਤੇ ਲਗਾਇਆ ਹੈ। ਦੂਜੇ ਪਾਸੇ, "$3 ਨੇ ਪਲਟਵਾਰ ਕਰਦਿਆਂ ਦਾਅਵਾ ਕੀਤਾ ਹੈ ਕਿ ਹਮਲਾ ਭਾਜਪਾ ਵੱਲੋਂ ਹੀ ਸ਼ੁਰੂ ਕੀਤਾ ਗਿਆ ਸੀ। ਦੋਵਾਂ ਪੱਖਾਂ ਵੱਲੋਂ ਇੱਕ-ਦੂਜੇ 'ਤੇ ਲਗਾਏ ਜਾ ਰਹੇ ਇਲਜ਼ਾਮਾਂ ਕਾਰਨ ਸਥਿਤੀ ਹੋਰ ਵੀ ਸੰਵੇਦਨਸ਼ੀਲ ਹੋ ਗਈ ਹੈ।

## ਪਾਲਘਰ 'ਚ ਪਟਾਕਾ ਯੂਨਿਟ 'ਚ ਹੋਇਆ ਜ਼ਬਰਦਰਸਤ ਧਮਾਕਾ

ਨੈਸ਼ਨਲ ਡੈਸਕ 21 ਅਪ੍ਰੈਲ: ਮਹਾਰਾਸ਼ਟਰ ਦੇ ਪਾਲਘਰ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਪੁਲਸ ਨੇ ਦੱਸਿਆ ਕਿ ਮੰਗਲਵਾਰ ਨੂੰ ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਵਿੱਚ ਇੱਕ ਪਟਾਕਾ ਫੈਕਟਰੀ ਵਿੱਚ ਹੋਏ ਧਮਾਕੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਤੇ ਚਾਰ ਹੋਰ ਗੰਭੀਰ ਜ਼ਖਮੀ ਹੋ ਗਏ। ਇਹ ਘਟਨਾ ਐਤਵਾਰ ਨੂੰ ਤਾਮਿਲਨਾਡੂ ਵਿੱਚ ਇੱਕ ਪਟਾਕਾ ਫੈਕਟਰੀ ਵਿੱਚ ਹੋਏ ਧਮਾਕੇ ਤੋਂ ਬਾਅਦ ਵਾਪਰੀ ਹੈ, ਜਿਸ ਵਿੱਚ 23 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਨਗਰ ਨਿਗਮ ਆਫ਼ਤ ਪ੍ਰਬੰਧਨ ਸੈੱਲ ਦੇ ਮੁਖੀ ਵਿਵੇਕਾਨੰਦ ਕਦਮ ਨੇ ਕਿਹਾ ਕਿ ਇਹ ਧਮਾਕਾ ਦੁਪਹਿਰ 12 ਵਜੇ ਦੇ ਕਰੀਬ ਵਾਡਾ ਤਾਲੁਕਾ ਦੇ ਕੋਂਸਾਈ ਪਿੰਡ ਵਿੱਚ ਇੱਕ ਪੁਰਾਣੇ ਫਾਰਮਹਾਊਸ ਵਿੱਚ ਇੱਕ ਟੀਨ ਸ਼ੈੱਡ ਵਿੱਚ ਸਥਿਤ ਇੱਕ ਪਟਾਕਾ ਨਿਰਮਾਣ ਯੂਨਿਟ ਵਿੱਚ ਹੋਇਆ। ਉਨ੍ਹਾਂ ਕਿਹਾ ਕਿ ਉਸ ਸਮੇਂ ਲਗਭਗ 35 ਕਾਮੇ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਸਨ, ਪਟਾਕੇ ਬਣਾਉਣ ਵਿੱਚ ਲੱਗੇ ਹੋਏ ਸਨ। ਵਾਡਾ ਪੁਲਿਸ ਸਟੇਸ਼ਨ ਦੇ ਇੱਕ ਅਧਿਕਾਰੀ ਨੇ ਕਿਹਾ, ÷ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਰਸਾਇਣਾਂ ਨੂੰ ਮਿਲਾਉਣ ਦੀ ਪ੍ਰਕਿਰਿਆ ਚੱਲ ਰਹੀ ਸੀ।÷ ਅਧਿਕਾਰੀ ਨੇ ਕਿਹਾ, ÷ਇੱਕ ਕਾਮੇ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇੱਕ ਔਰਤ 90 ਪ੍ਰਤੀਸ਼ਤ ਸੜ ਗਈ।÷ ਔਰਤ ਨੇ ਬਾਅਦ ਵਿੱਚ ਹਸਪਤਾਲ ਵਿੱਚ ਦਮ ਤੋੜ ਦਿੱਤਾ।

# ਮੁੱਖ ਮੰਤਰੀ ਵੱਲੋਂ ਨਿਵੇਸ਼ ਨੂੰ ਉਤਸ਼ਾਹਤ ਕਰਨ ਅਤੇ ਕੌਮਾਂਤਰੀ ਸਹਿਯੋਗ ਲਈ ਆਲਮੀ ਪੱਧਰ ਉੱਤੇ ਹੰਭਲੇ ਜਾਰੀ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ, 21 ਅਪ੍ਰੈਲ: ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਅੰਤਰਰਾਸ਼ਟਰੀ ਭਾਈਵਾਲੀ ਨੂੰ ਹੋਰ ਹੁਲਾਰਾ ਦੇਣ ਲਈ ਵਿਸ਼ਵ-ਵਿਆਪੀ ਪਹੁੰਚ ਜਾਰੀ ਰੱਖਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਰਥਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਉਤਸ਼ਾਹਿਤ ਕਰਨ ਲਈ ਹੰਭਲਾ ਜਾਰੀ ਹੈ। ਚੇਅਰਪਰਸਨ ਮਿਸ ਐਡਿਥ ਨੋਰਡਮੈਨ ਦੀ ਅਗਵਾਈ ਵਾਲੇ ਨੀਦਰਲੈਂਡਜ਼ ਇੰਡੀਆ ਚੈਂਬਰ ਆਫ਼ ਕਾਮਰਸ ਐਂਡ ਟਰੇਡ ਨਾਲ ਰਣਨੀਤਕ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡਜ਼ ਵਿਚਕਾਰ ਦੁਵੱਲੇ ਵਪਾਰਕ ਸਬੰਧਾਂ ਨੂੰ ਵਧਾਉਣ ਅਤੇ ਨਿਵੇਸ਼ ਪ੍ਰਵਾਹ ਨੂੰ ਉਤਸ਼ਾਹਿਤ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਨੇ ਵੈਲਯੂ ਐਡੀਸ਼ਨ, ਬਰਾਮਦ ਆਧਾਰਤ ਵਿਕਾਸ ਅਤੇ ਵਿਸ਼ਵ ਸਪਲਾਈ ਚੇਨਾਂ ਨਾਲ ਤਾਲਮੇਲ, ਖ਼ਾਸ ਕਰ ਕੇ ਫੂਡ ਪ੍ਰੋਸੈਸਿੰਗ ਅਤੇ ਨਿਰਮਾਣ ਵਰਗੇ ਖੇਤਰਾਂ ਵਿੱਚ ਪੰਜਾਬ ਦੇ ਰਣਨੀਤਕ ਫੋਕਸ ਨੂੰ ਵੀ ਉਜਾਗਰ ਕੀਤਾ। ਭਗਵੰਤ ਸਿੰਘ ਮਾਨ ਨੇ ਐਨ.ਆਈ.ਸੀ.ਸੀ.ਟੀ. ਨੂੰ ਪੰਜਾਬ ਨੂੰ ਹਾਲੈਂਡ ਦੇ ਉੱਦਮਾਂ ਨਾਲ ਜੋੜਨ ਅਤੇ ਸੈਕਟਰ-ਵਿਸ਼ੇਸ਼ ਰੁਝੇਵਿਆਂ ਅਤੇ ਵਪਾਰਕ ਵਫ਼ਦਾਂ ਨੂੰ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਇਸ ਦੌਰਾਨ ਹੇਗ ਵਿੱਚ ਨਿਵੇਸ਼ ਰੋਡ ਸ਼ੋਅ ਦੌਰਾਨ ਮੁੱਖ ਮੰਤਰੀ ਨੇ ਇਸ ਪ੍ਰੋਗਰਾਮ ਵਿੱਚ ਸੂਬੇ ਦੀਆਂ ਉਦਯੋਗਿਕ ਸ਼ਕਤੀਆਂ ਅਤੇ ਉੱਭਰ ਰਹੇ ਮੌਕਿਆਂ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਨੀਦਰਲੈਂਡ ਦੇ ਉਦਯੋਗਪਤੀਆਂ, ਵਪਾਰਕ ਪ੍ਰਤੀਨਿਧੀਆਂ ਅਤੇ ਭਾਈਵਾਲਾਂ ਨੇ ਭਾਗ ਲਿਆ। ਭਗਵੰਤ ਸਿੰਘ ਮਾਨ ਨੇ ਵੈਲਯੂ ਐਡਿਡ ਨਿਰਮਾਣ, ਉਦਯੋਗਿਕ ਵਿਕਾਸ ਅਤੇ ਬਰਾਮਦ ਆਧਾਰਤ ਵਿਕਾਸ ਵੱਲ ਪੰਜਾਬ ਦੀ ਤਬਦੀਲੀ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਸੂਬੇ ਦੇ ਮਜ਼ਬੂਤ ਬੁਨਿਆਦੀ ਢਾਂਚੇ ਨੂੰ ਵੀ ਪ੍ਰਦਰਸ਼ਿਤ ਕੀਤਾ, ਜਿਸ ਵਿੱਚ ਇਸ ਦਾ ਮਜ਼ਬੂਤ ਨਿਰਮਾਣ ਮਾਹੌਲ, ਹੁਨਰਮੰਦ ਕਾਰਜਬਲ, ਪ੍ਰਗਤੀਸ਼ੀਲ ਨੀਤੀਆਂ ਅਤੇ ਨਿਵੇਸ਼ਕ-ਅਨੁਕੂਲ ਸ਼ਾਸਨ ਢਾਂਚਾ ਸ਼ਾਮਲ ਹੈ। ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡ ਵਿਚਕਾਰ ਮਜ਼ਬੂਤ ਇਤਿਹਾਸਕ ਅਤੇ ਸੱਭਿਆਚਾਰਕ ਸਬੰਧਾਂ 'ਤੇ ਵੀ ਜ਼ੋਰ ਦਿੱਤਾ, ਜੋ ਖੁੱਲ੍ਹੇਪਣ ਅਤੇ ਨਵੀਨਤਾ ਦੇ ਸਾਂਝੇ ਮੁੱਲਾਂ ਨੂੰ ਦਰਸਾਉਂਦੇ ਹਨ। ਉਨ੍ਹਾਂ ਨੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਪ੍ਰਤੀ ਸੂਬਾ ਸਰਕਾਰ ਦੀ ਸਰਗਰਮ ਅਤੇ ਸੁਧਾਰ-ਮੁਖੀ ਪਹੁੰਚ 'ਤੇ ਵੀ ਜ਼ੋਰ ਦਿੱਤਾ ਅਤੇ ਕਿਹਾ ਕਿ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2026 ਦੇਸ਼ ਵਿੱਚ ਸਭ ਤੋਂ ਵੱਧ ਮੁਕਾਬਲੇ ਵਾਲੀ ਨੀਤੀ ਹੈ। ਭਗਵੰਤ ਸਿੰਘ ਮਾਨ ਨੇ ਸਿੰਗਲ-ਵਿੰਡੋ ਕਲੀਅਰੈਂਸ ਅਤੇ ਸਮਾਂਬੱਧ ਪ੍ਰਵਾਨਗੀਆਂ ਨੂੰ ਯਕੀਨੀ ਬਣਾਉਣ ਵਿੱਚ ਫਾਸਟ ਟਰੈਕ ਪੰਜਾਬ ਪੋਰਟਲ ਦੀ ਪ੍ਰਭਾਵਸ਼ੀਲਤਾ ਬਾਰੇ ਵੀ ਜਾਣੂ ਕਰਵਾਇਆ। ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡ ਵਿਚਕਾਰ ਸਾਂਝੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਉੱਦਮੀ ਭਾਵਨਾ ਦੀ ਸ਼ਲਾਘਾ ਕਰਦੇ ਹੋਏ ਵਿਸ਼ਵ-ਵਿਆਪੀ ਨਿਵੇਸ਼ਕਾਂ ਨੂੰ 'ਪੰਜਾਬ ਵਿੱਚ ਆਓ, ਨਿਵੇਸ਼ ਕਰੋ ਅਤੇ ਅੱਗੇ ਵਧੋ' ਦਾ ਸੱਦਾ ਦਿੱਤਾ। ਉਨ੍ਹਾਂ ਨੇ ਪੰਜਾਬ ਦੇ ਰਣਨੀਤਕ ਫਾਇਦਿਆਂ ਨੂੰ ਵੀ ਉਜਾਗਰ ਕੀਤਾ ਅਤੇ ਨਿਰਵਿਘਨ ਨਿਵੇਸ਼ਾਂ ਨੂੰ ਆਰਾਮਦਾਇਕ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਅਤੇ ਪੰਜਾਬ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਗੁਣਵੱਤਾ ਵਾਲਾ ਬੁਨਿਆਦੀ ਢਾਂਚਾ, ਪ੍ਰਗਤੀਸ਼ੀਲ ਕਿਸਾਨ ਅਤੇ ਵਿਸ਼ਵ ਪੱਧਰੀ ਮਾਪਦੰਡਾਂ ਅਨੁਸਾਰ ਹੁਨਰਮੰਦ ਮਨੁੱਖੀ ਸ਼ਕਤੀ 'ਤੇ ਜ਼ੋਰ ਦਿੱਤਾ। ਭਗਵੰਤ ਸਿੰਘ ਮਾਨ ਨੇ ਡੱਚ ਕੰਪਨੀਆਂ ਨੂੰ ਨਵੇਂ ਨਿਵੇਸ਼ਾਂ ਲਈ ਪੰਜਾਬ ਨੂੰ ਇਕ ਸੰਭਾਵੀ ਸਥਾਨ ਵਜੋਂ ਵਿਚਾਰਨ ਦਾ ਵੀ ਸੱਦਾ ਦਿੱਤਾ। ਮੁੱਖ ਮੰਤਰੀ ਨੇ ਇਕ ਭਾਈਚਾਰਕ ਪ੍ਰੋਗਰਾਮ ਦੌਰਾਨ ਪਰਵਾਸੀ ਪੰਜਾਬੀਆਂ ਨਾਲ ਗੱਲਬਾਤ ਕੀਤੀ, ਜਿਸ ਨਾਲ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਡੂੰਘਾ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਸੱਭਿਆਚਾਰਕ ਅਤੇ ਆਰਥਿਕਤਾ ਰਾਹੀਂ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਨੀਦਰਲੈਂਡਜ਼ ਵਿੱਚ ਭਾਰਤੀ ਅਤੇ ਪੰਜਾਬੀ ਭਾਈਚਾਰੇ ਦੇ ਯੋਗਦਾਨ ਨੂੰ ਸਵੀਕਾਰ ਕੀਤਾ। ਗੱਲਬਾਤ ਦੌਰਾਨ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਦੇ ਸੁਝਾਅ ਵੀ ਮੰਗੇ ਅਤੇ ਪੰਜਾਬ ਦੀ ਵਿਕਾਸ ਯਾਤਰਾ ਵਿੱਚ ਮੁੱਖ ਭਾਈਵਾਲਾਂ ਵਜੋਂ ਪਰਵਾਸੀ ਪੰਜਾਬੀਆਂ ਨਾਲ ਜੁੜਨ ਦੀ ਸਰਕਾਰ ਦੀ ਵਚਨਬੱਧਤਾ ਦੀ ਵੀ ਪੁਸ਼ਟੀ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਸੰਜੀਵ ਅਰੋੜਾ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਨੀਦਰਲੈਂਡਜ਼ ਵਿੱਚ ਭਾਰਤੀ ਸਫ਼ੀਰ ਕੁਮਾਰ ਤੁਹਿਨ ਅਤੇ ਹੋਰ ਵੀ ਹਾਜ਼ਰ ਸਨ।

# ਪਾਣੀ ਦੀ ਟੈਂਕੀ 'ਤੇ ਡਟੀ ਗੁਰਜੀਤ ਕੌਰ ਦੀ ਵਿਗੜੀ ਤਬੀਅਤ, ਨਿਹੰਗ ਸਿੰਘ ਜਥੇਬੰਦੀਆਂ ਨੇ ਅਫ਼ਸਰਾਂ ਨੂੰ ਦਿੱਤੀ ਚੇਤਾਵਨੀ

ਕੌਮੀ ਪਤ੍ਰਿਕਾ

ਬਰਨਾਲਾ 21 ਅਪ੍ਰੈਲ। ਪਿੰਡ ਕੁਤਬੇ ਕਲਾਂ ਵਿਚ ਇਕ ਦਰਦਨਾਕ ਅਤੇ ਹੈਰਾਨੀਜਨਕ ਮਾਮਲਾ ਸਾਹਮਣੇ ਆ ਰਿਹਾ ਹੈ, ਜਿੱਥੇ ਆਪਣੇ ਹੱਕਾਂ ਲਈ ਲੜ ਰਹੀਆਂ ਗੁਰਸਿੱਖ ਮਾਂ-ਧੀ ਨੂੰ ਪਾਣੀ ਦੀ ਟੈਂਕੀ 'ਤੇ ਚੜ੍ਹੇ ਅੱਜ ਛੇਵਾਂ ਦਿਨ ਹੋ ਗਿਆ ਹੈ। ਹੱਥ 'ਚ ਪੈਟਰੋਲ ਦੀ ਬੋਤਲ ਲੈ ਕੇ ਟੈਂਕੀ 'ਤੇ ਬੈਠੀ ਪੀੜਤ ਗੁਰਜੀਤ ਕੌਰ ਦੀ ਸਿਹਤ ਪਿਛਲੇ ਦਿਨੀਂ ਹੋਈ ਭਾਰੀ ਬਾਰਿਸ਼ ਅਤੇ ਤੇਜ਼ ਹਵਾਵਾਂ ਕਾਰਨ ਅਚਾਨਕ ਵਿਗੜ ਗਈ ਹੈ। ਹਾਲਤ ਇੰਨੀ ਗੰਭੀਰ ਹੈ ਕਿ ਡਾਕਟਰਾਂ ਦੀ ਟੀਮ ਨੂੰ ਪਾਣੀ ਦੀ ਟੈਂਕੀ ਦੇ ਉੱਪਰ ਹੀ ਜਾ ਕੇ ਇਲਾਜ ਸ਼ੁਰੂ ਕਰਨਾ ਪਿਆ। ਪੀੜਤ ਗੁਰਜੀਤ ਕੌਰ ਨੇ ਬੇਹੱਦ ਕਮਜ਼ੋਰ ਆਵਾਜ਼ 'ਚ ਦੱਸਿਆ ਕਿ ਉਸ ਦਾ ਪਤੀ ਉਸ ਨਾਲ ਅਤੇ ਉਸ ਦੇ ਦੋਵਾਂ ਬੱਚਿਆਂ ਨਾਲ ਲਗਾਤਾਰ ਧੱਕੇਸ਼ਾਹੀ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਉਸ ਦੇ ਪਤੀ ਦੇ ਪਹਿਲਾਂ ਵੀ ਦੋ ਵਿਆਹ ਹੋ ਚੁੱਕੇ ਸਨ, ਜਿਨ੍ਹਾਂ ਦੀ ਕੋਈ ਔਲਾਦ ਨਹੀਂ ਸੀ। ਗੁਰਜੀਤ ਕੌਰ ਦੀ ਕੁੱਖੋਂ ਦੋ ਬੱਚਿਆਂ ਨੇ ਜਨਮ ਲਿਆ ਪਰ ਪਤੀ ਹੁਣ ਬੱਚਿਆਂ ਦਾ ਹੱਕ ਮਾਰ ਕੇ ਸਾਰੀ ਜਾਇਦਾਦ ਆਪਣੇ ਰਿਸ਼ਤੇਦਾਰਾਂ ਨੂੰ ਲੁਟਾ ਰਿਹਾ ਹੈ। ਪੀੜਤ ਔਰਤ ਮੁਤਾਬਕ, ਪਰਿਵਾਰ ਕੋਲ 28 ਕਿੱਲੇ ਜ਼ਮੀਨ ਹੈ ਪਰ ਇਸ ਦੇ ਬਾਵਜੂਦ ਉਹ ਆਪਣੇ ਬੱਚਿਆਂ ਦੇ ਭਵਿੱਖ ਲਈ ਮਜ਼ਦੂਰੀ ਕਰਨ ਨੂੰ ਮਜਬੂਰ ਹੈ। ਗੁਰਜੀਤ ਕੌਰ ਦੀ 18 ਸਾਲਾ ਧੀ ਮਨਵੀਰ ਕੌਰ ਨੇ ਵੀ ਪ੍ਰਸ਼ਾਸਨ 'ਤੇ ਵਰ੍ਹਦਿਆਂ ਕਿਹਾ ਕਿ ਅਜਿਹੀ ਜਾਇਦਾਦ ਦਾ ਕੀ ਫਾਇਦਾ ਜੋ ਬੱਚਿਆਂ ਦੇ ਕੰਮ ਹੀ ਨਾ ਆਵੇ। ਉਸ ਨੇ ਆਪਣੀ ਮਾਂ ਦੀ ਵਿਗੜਦੀ ਹਾਲਤ ਲਈ ਆਪਣੇ ਪਿਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਮਾਂ-ਧੀ ਨੇ ਭਰੇ ਮਨ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਅਪੀਲ ਕੀਤੀ ਹੈ ਕਿ ਉਹ ਇਕ ਗੁਰਸਿੱਖ ਪਰਿਵਾਰ ਨਾਲ ਹੋ ਰਹੀ ਇਸ ਬੇਇਨਸਾਫ਼ੀ ਦਾ ਨੋਟਿਸ ਲੈਣ ਅਤੇ ਮੌਕੇ 'ਤੇ ਪਹੁੰਚ ਕੇ ਉਨ੍ਹਾਂ ਦੀ ਸਾਰ ਲੈਣ। ਇਸ ਸੰਘਰਸ਼ ਨੂੰ ਦਸਮੇਸ਼ ਤਰਨਾ ਦਲ, ਬੁੱਢਾ ਦਲ (96 ਕਰੋੜੀ) ਅਤੇ ਹੋਰ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਭਰਵਾਂ ਸਮਰਥਨ ਮਿਲ ਰਿਹਾ ਹੈ। ਦਸਮੇਸ਼ ਤਰਨਾ ਦਲ ਦੇ ਜਥੇਦਾਰ ਨਰਦੇਵ ਸਿੰਘ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ



ਵਿਸਾਖੀ ਤੱਕ ਮਾਂ-ਧੀ ਨੂੰ ਇਨਸਾਫ ਨਾ ਮਿਲਿਆ, ਤਾਂ ਸਮੂਹ ਜਥੇਬੰਦੀਆਂ ਤਿੱਖਾ ਸੰਘਰਸ਼ ਸ਼ੁਰੂ ਕਰਨਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਨਿਹੰਗ ਸਿੰਘ ਆਪਣੇ ਘੋੜੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਦਫ਼ਤਰਾਂ ਅਤੇ ਘਰਾਂ ਦੇ ਬਾਹਰ ਬੰਨ੍ਹਣਗੇ ਅਤੇ ਉਦੋਂ ਤੱਕ ਨਹੀਂ ਹਟਣਗੇ ਜਦੋਂ ਤੱਕ ਮਾਂ-ਧੀ ਨੂੰ ਬਣਦਾ ਹੱਕ ਨਹੀਂ ਮਿਲਦਾ। ਪੀੜਤ ਪੱਖ ਦਾ ਕਹਿਣਾ ਹੈ ਕਿ ਮਹਿਲਾ ਕਮਿਸ਼ਨ ਵੱਲੋਂ ਉਨ੍ਹਾਂ ਨੂੰ ਸੱਦਿਆ ਤਾਂ ਗਿਆ ਸੀ ਪਰ ਕੋਈ ਠੋਸ ਹੱਲ ਨਹੀਂ ਨਿਕਲਿਆ। ਪੁਲਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਟੈਂਕੀ ਤੋਂ ਉਤਾਰਨ ਦੀਆਂ ਕੋਸ਼ਿਸ਼ਾਂ ਤਾਂ ਕੀਤੀਆਂ ਜਾ ਰਹੀਆਂ ਹਨ ਪਰ ਜ਼ਮੀਨੀ ਪੱਧਰ 'ਤੇ ਇਨਸਾਫ ਦਿਵਾਉਣ ਵਿਚ ਦੇਰੀ ਹੋ ਰਹੀ ਹੈ। ਇਸ ਮੌਕੇ ਜਥੇਦਾਰ ਸਾਹਿਬ ਸਿੰਘ, ਮੁਖਤਿਆਰ ਸਿੰਘ ਖਾਲਸਾ (ਹਰਿਆਣਾ), ਸੁਖਦੀਪ ਸਿੰਘ, ਪ੍ਰੀਤਮ ਸਿੰਘ, ਦਰਸ਼ਨ ਸਿੰਘ, ਬੂਟਾ ਸਿੰਘ ਅਤੇ ਗੁਰਮੇਲ ਸਿੰਘ ਸਮੇਤ ਵੱਡੀ ਗਿਣਤੀ 'ਚ ਸਿੰਘ ਫੌਜਾਂ ਹਾਜ਼ਰ ਸਨ।

### ਡੇਂਗੂ ਅਤੇ ਚਿਕਨਗੁਨੀਆ ਤੋਂ ਬਚਾਅ ਲਈ ਐਡਵਾਈਜ਼ਰੀ ਜਾਰੀ

ਮੋਗਾ 21 ਅਪ੍ਰੈਲ। ਸਿਵਲ ਸਰਜਨ ਮੋਗਾ ਡਾ. ਰਮਨਦੀਪ ਸਿੰਗਲਾ ਵੱਲੋਂ ਦਿਨੋਂ-ਦਿਨ ਵੱਧ ਰਹੀ ਗਰਮੀ ਨੂੰ ਦੇਖਦਿਆਂ ਮਲੇਰੀਆ, ਡੇਂਗੂ ਅਤੇ ਚਿਕਨਗੁਨੀਆਂ ਤੋਂ ਬਚਾਅ ਲਈ ਐਡਵਾਈਜ਼ਰੀ ਜਾਰੀ ਕਰ ਕੇ ਜ਼ਿਲ੍ਹਾ ਵਾਸੀਆਂ ਨੂੰ ਜਾਗਰੂਕ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਖ਼ਾਸ ਟੀਮਾਂ ਦਾ ਗਠਨ ਕਰ ਕੇ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿਚ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕਰਵਾਈ ਗਈ ਹੈ ਤਾਂ ਜੋ ਸਕੂਲੀ ਬੱਚਿਆਂ ਨੂੰ ਗਰਮੀ ਅਤੇ ਇਨ੍ਹਾਂ ਖ਼ਤਰਨਾਕ ਬਿਮਾਰੀਆਂ ਤੋਂ ਬਚਾਅ ਬਾਰੇ ਜ਼ਰੂਰੀ ਜਾਣਕਾਰੀ ਦਿੱਤੀ ਜਾ ਸਕੇ। ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਆਪਣੇ ਆਲੇ-ਦੁਆਲੇ ਸਾਫ਼-ਸਫ਼ਾਈ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ, ਤਾਂ ਜੋ ਮੱਛਰ ਪੈਦਾ ਨਾ ਹੋ ਸਕਣ। ਇਸਦੇ ਨਾਲ ਹੀ ਸਿਹਤ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਇਲਾਕੇ ਦੇ ਸਕੂਲਾਂ ਅਤੇ ਸਲਮ ਬਸਤੀਆਂ ਵਿਚ ਜਾ ਕੇ ਲੋਕਾਂ ਨੂੰ ਡੇਂਗੂ ਦੇ ਲਾਰਵੇ ਨੂੰ ਰੋਕਣ ਬਾਰੇ ਜਾਗਰੂਕ ਕੀਤਾ ਗਿਆ। ਸਿਹਤ ਵਿਭਾਗ ਵਲੋਂ ਲੋਕਾਂ ਨੂੰ ਡੇਂਗੂ ਅਤੇ ਚਿਕਨਗੁਨਿਆ ਤੋਂ ਬਚਾਅ ਲਈ ਹੋਰ ਜ਼ਰੂਰੀ ਸਾਵਧਾਨੀਆਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ।

## ਘਰ ਦੀ ਸਫ਼ਾਈ ਲਈ ਰੱਖਣੀ ਨੌਕਰਾਣੀ ਨੇ ਕੀਤੀ ਚੋਰੀ

ਕੌਮੀ ਪਤ੍ਰਿਕਾ

ਲੁਧਿਆਣਾ 21 ਅਪ੍ਰੈਲ। ਹੈਬੋਵਾਲ ਦੇ ਨਿਊ ਅਮਨ ਵਿਹਾਰ ਇਲਾਕੇ ਵਿਚ ਇਕ ਘਰ ਦੇ ਅੰਦਰ ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਚੋਰੀ ਦੇ ਖੇਡ ਦਾ ਆਖ਼ਰਕਾਰ ਪਰਦਾਫਾਸ਼ ਹੋ ਗਿਆ ਹੈ। ਘਰ ਵਿਚ ਚੋਰੀ ਕਰਨ ਵਾਲੀ ਕੋਈ ਹੋਰ ਨਹੀਂ, ਬਲਕਿ ਉਹੀ ਨੌਕਰਾਣੀ ਨਿਕਲੀ ਜਿਸ 'ਤੇ ਪਰਿਵਾਰ ਅੱਖਾਂ ਬੰਦ ਕਰਕੇ ਭਰੋਸਾ ਕਰਦਾ ਸੀ। ਮਾਲਕ ਨੇ ਆਪਣੀ ਪੈਂਟ ਦੀ ਜੇਬ ਵਿੱਚੋਂ ਹੱਥ ਸਾਫ਼ ਕਰਦੇ ਹੋਏ ਨੌਕਰਾਣੀ ਨੂੰ ਰੰਗੇ ਹੱਥੀਂ ਦਬੋਚ ਲਿਆ, ਜਿਸ ਤੋਂ ਬਾਅਦ ਉਸ ਨੂੰ ਥਾਣਾ ਹੈਬੋਵਾਲ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਨਿਊ ਅਮਨ ਵਿਹਾਰ (ਪ੍ਰੀਤਮ ਨਗਰ) ਦੇ ਨਿਵਾਸੀ ਨਰੇਸ਼ ਕੁਮਾਰ ਪਿਛਲੇ ਕਾਫ਼ੀ ਸਮੇਂ ਤੋਂ ਘਰੋਂ ਗਾਇਬ ਹੋ ਰਹੀ ਨਕਦੀ ਨੂੰ ਲੈ ਕੇ ਪਰੇਸ਼ਾਨ ਸਨ। ਉਨ੍ਹਾਂ ਨੂੰ ਸ਼ੱਕ ਤਾਂ ਸੀ, ਪਰ ਸਬੂਤ ਦੀ ਘਾਟ ਕਾਰਨ ਉਹ ਚੁੱਪ ਸਨ। ਬੁੱਧਵਾਰ 8 ਅਪ੍ਰੈਲ ਨੂੰ ਜਦੋਂ ਨੌਕਰਾਣੀ ਮੋਹਿਨੀ ਕੰਮ 'ਤੇ ਪਹੁੰਚੀ, ਤਾਂ ਨਰੇਸ਼ ਕੁਮਾਰ ਨੇ ਉਸ ਨੂੰ ਬਿਨਾਂ ਦੱਸੇ ਉਸ 'ਤੇ ਪੈਨੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਜਿਵੇਂ ਹੀ ਮੋਹਿਨੀ ਨੇ ਮੌਕਾ ਪਾ ਕੇ ਕਮਰੇ ਵਿਚ ਕਿੱਲੀ 'ਤੇ ਟੰਗੀ ਨਰੇਸ਼ ਦੀ ਪੈਂਟ ਦੇ ਪਰਸ ਵਿਚੋਂ 3000 ਰੁਪਏ ਕੱਢੇ, ਉਵੇਂ ਹੀ ਨਰੇਸ਼ ਨੇ ਉਸ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਤੋਂ ਬਾਅਦ ਜਦੋਂ ਨਰੇਸ਼ ਦੀ ਪਤਨੀ ਕਿਰਨ ਨੇ ਮਹਿਲਾ ਦੀ ਤਲਾਸ਼ੀ ਲਈ, ਤਾਂ ਚੋਰੀ ਕੀਤੇ ਗਏ 3000 ਰੁਪਏ ਬਰਾਮਦ ਹੋ ਗਏ। ਫੜੇ ਜਾਣ ਤੋਂ ਬਾਅਦ ਜਦੋਂ ਪਰਿਵਾਰ ਨੇ ਮੋਹਿਨੀ ਤੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ, ਤਾਂ ਉਸ ਨੇ ਜੋ ਸੱਚ ਉਗਲਿਆ ਉਸ ਨੂੰ ਸੁਣ ਕੇ ਪਰਿਵਾਰ ਦੇ ਹੋਸ਼ ਉੱਡ ਗਏ। ਮੋਹਿਨੀ ਨੇ ਕਬੂਲ ਕੀਤਾ ਕਿ ਉਹ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਇਸੇ ਤਰ੍ਹਾਂ ਛੋਟੀ-ਮੋਟੀ ਰਕਮ ਚੋਰੀ ਕਰ ਰਹੀ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਪਿਛਲੇ ਇਕ ਸਾਲ ਤੋਂ ਇਸ ਘਰ ਵਿਚ ਸਾਫ਼-ਸਫ਼ਾਈ ਦਾ




ਕੰਮ ਕਰ ਰਹੀ ਸੀ ਅਤੇ ਪਰਿਵਾਰ ਦਾ ਉਸ 'ਤੇ ਅਟੁੱਟ ਵਿਸ਼ਵਾਸ ਸੀ। ਫਿਲਹਾਲ ਪੀੜਤ ਦੀ ਸ਼ਿਕਾਇਤ 'ਤੇ ਥਾਣਾ ਹੈਬੋਵਾਲ ਦੀ ਪੁਲਸ ਨੇ ਤੁਰੰਤ ਹਰਕਤ ਵਿਚ ਆਉਂਦੇ ਹੋਏ ਮੁਲਜ਼ਮ ਮਹਿਲਾ ਮੋਹਿਨੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਦਾ ਕਹਿਣਾ ਹੈ ਕਿ ਮੁਲਜ਼ਮ ਮਹਿਲਾ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਕੈਨੇਡਾ ਭੇਜਣ ਦੇ ਨਾਂ 'ਤੇ 22 ਲੱਖ ਦੀ ਠੱਗੀ

ਗੁਰਦਾਸਪੁਰ 21 ਅਪ੍ਰੈਲ। ਵਿਦੇਸ਼ ਭੇਜਣ ਦੇ ਨਾਂ 'ਤੇ ਇਕ ਵਿਅਕਤੀ ਨੂੰ ਆਪਣੀ ਠੱਗੀ ਦਾ ਸ਼ਿਕਾਰ ਬਣਾਉਣ ਵਾਲੇ ਅਣਪਛਾਤੇ ਵਿਅਕਤੀਆਂ ਵਿਰੁੱਧ ਕਾਰਵਾਈ ਕਰਦਿਆਂ ਥਾਣਾ ਸਾਇਬਰ ਕਰਾਈਮ ਗੁਰਦਾਸਪੁਰ ਦੀ ਪੁਲਸ ਨੇ 22 ਲੱਖ ਰੁਪਏ ਦੀ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਵਰਿੰਦਰ ਕੌਰ ਪਤਨੀ ਜਸਵਿੰਦਰ ਸਿੰਘ ਵਾਸੀ ਸੂਹਰ ਕਲਾਂ ਨੇ ਦੱਸਿਆ ਕਿ 14 ਅਕਤੂਬਰ 2024 ਨੂੰ ਉਸ ਦੇ ਪਤੀ ਨੇ ਇੰਸਟਾਗ੍ਰਾਮ 'ਤੇ ਇੱਕ ਇਸ਼ਤਿਹਾਰ ਦੇਖਿਆ ਸੀ। ਜਦੋਂ ਉਸ ਇਸ਼ਤਿਹਾਰ ਵਿੱਚ ਦਿੱਤੇ ਨੰਬਰ 'ਤੇ ਸੰਪਰਕ ਕੀਤਾ ਗਿਆ, ਤਾਂ ਸਾਹਮਣੇ ਵਾਲੇ ਵਿਅਕਤੀ ਨੇ ਆਪਣਾ ਨਾਂ ਬਲਵਿੰਦਰ ਸਿੰਘ ਬਾਜਵਾ




ਦੱਸਿਆ। ਉਸ ਵਿਅਕਤੀ ਨੇ ਵਰਿੰਦਰ ਕੌਰ ਦੇ ਪਤੀ ਨੂੰ ਘੱਟ ਪੈਸਿਆਂ ਵਿੱਚ ਕੈਨੇਡਾ ਭੇਜਣ ਦਾ ਝਾਂਸਾ ਦਿੱਤਾ। ਸ਼ਿਕਾਇਤਕਰਤਾ ਅਨੁਸਾਰ, ਉਕਤ ਅਣਪਛਾਤੇ ਵਿਅਕਤੀ ਨੇ ਫਰਜ਼ੀ ਇਸ਼ਤਿਹਾਰ ਰਾਹੀਂ ਉਨ੍ਹਾਂ ਨੂੰ ਆਪਣੇ ਜਾਲ ਵਿੱਚ ਫਸਾਇਆ ਅਤੇ ਕੈਨੇਡਾ ਭੇਜਣ ਦੇ ਨਾਂ 'ਤੇ ਕੁੱਲ 22 ਲੱਖ ਰੁਪਏ ਦੀ ਠੱਗੀ ਮਾਰ ਲਈ। ਦੱਸਣਯੋਗ ਹੈ ਕਿ ਪੀੜਤ ਔਰਤ ਦਾ ਪਤੀ ਪਿਛਲੇ 7-8 ਮਹੀਨਿਆਂ ਤੋਂ ਦੁਬਈ ਗਿਆ ਹੋਇਆ ਹੈ। ਪੁਲਸ ਨੇ ਸ਼ਿਕਾਇਤ ਦੇ ਅਧਾਰ 'ਤੇ ਜਾਂਚ ਕਰਨ ਤੋਂ ਬਾਅਦ ਅਣਪਛਾਤੇ ਵਿਅਕਤੀ ਮਾਮਲਾ ਦਰਜ ਕੀਤਾ ਹੈ

## ਹੁਣ ਖਾਲੀ ਪਲਾਸਟਿਕ ਦੀਆਂ ਬੋਤਲਾਂ ਦੇ ਮਿਲਣਗੇ ਪੈਸੇ ! ਦਿੱਲੀ 'ਚ ਪ੍ਰਦੂਸ਼ਣ ਨੂੰ ਨੱਥ ਪਾਉਣ ਵੱਲ ਵੱਡਾ ਕਦਮ

ਨਵੀਂ ਦਿੱਲੀ 21 ਅਪ੍ਰੈਲ। ਦਿੱਲੀ ਸਰਕਾਰ ਸ਼ਹਿਰ 'ਚ ਗੈਰ-ਬਾਇਓਡੀਗ੍ਰੇਡੇਬਲ ਕੂੜੇ, ਖਾਸ ਕਰਕੇ ਪਲਾਸਟਿਕ ਦੀਆਂ ਬੋਤਲਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਕ ਨਵੀਂ 'ਡਿਪਾਜ਼ਿਟ ਰਿਟਰਨ ਸਕੀਮ' ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ। ਦਿੱਲੀ ਦੇ ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਅਧਿਕਾਰੀਆਂ ਨੂੰ ਮਹੀਨੇ ਦੇ ਅੰਦਰ ਇਸ ਸਬੰਧੀ ਵਿਸਤ੍ਰਿਤ ਪ੍ਰਸਤਾਵ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਇਕ ਉਤਸ਼ਾਹ-ਅਧਾਰਤ ਪ੍ਰਣਾਲੀ ਹੈ ਜਿਸ ਦੇ ਤਹਿਤ ਗਾਹਕਾਂ ਨੂੰ ਪਲਾਸਟਿਕ ਦੀਆਂ ਬੋਤਲਾਂ ਵਰਗੀਆਂ ਵਸਤੂਆਂ ਖਰੀਦਦੇ ਸਮੇਂ ਇਕ ਛੋਟੀ ਜਿਹੀ 'ਰਿਫੰਡੇਬਲ' (ਵਾਪਸ ਮਿਲਣ ਵਾਲੀ) ਜਮ?ਹਾਂ ਰਾਸ਼ੀ ਦਿੱਤੀ ਜਾਂਦੀ ਹੈ। ਇਹ ਰਾਸ਼ੀ ਉਦੋਂ ਵਾਪਸ ਮਿਲ ਜਾਂਦੀ ਹੈ, ਜਦੋਂ ਉਹ ਉਸ ਸਾਮਾਨ ਨੂੰ ਤੈਅ ਕੀਤੇ ਗਏ ਕਲੈਕਸ਼ਨ ਪੁਆਇੰਟਸ 'ਤੇ ਵਾਪਸ ਜਮ?ਹਾਂ ਕਰਦੇ ਹਨ। ਇਸ ਕਦਮ ਦਾ ਮੁੱਖ ਉਦੇਸ਼ ਰੀਸਾਈਕਲ ਹੋਣ ਯੋਗ ਪਲਾਸਟਿਕ ਨੂੰ ਵਾਤਾਵਰਣ 'ਚ ਖਿਲਰਨ ਤੋਂ ਰੋਕਣਾ ਹੈ। ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮੰਤਰੀ ਸਿਰਸਾ ਨੇ ਚਿੰਤਾ ਪ੍ਰਗਟਾਈ ਕਿ ਪਲਾਸਟਿਕ ਕੂੜਾ ਨਾਲਿਆਂ ਨੂੰ ਬੰਦ ਕਰ ਰਿਹਾ ਹੈ, ਪਾਣੀ ਦੇ ਸਰੋਤਾਂ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ ਅਤੇ ਖੁੱਲ੍ਹੇ 'ਵਿੱਚ ਸਾੜਨ ਕਾਰਨ ਹਵਾ ਪ੍ਰਦੂਸ਼ਣ 'ਚ ਵਾਧਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਦਿੱਲੀ ਦੀਆਂ ਵਿਲੱਖਣ ਸ਼ਹਿਰੀ ਚੁਣੌਤੀਆਂ ਨੂੰ ਹੱਲ ਕਰਨ 'ਚ ਸਹਾਇਕ ਹੋਵੇਗੀ। ਅਧਿਕਾਰੀਆਂ ਅਨੁਸਾਰ, ਅਜਿਹੀ ਪ੍ਰਣਾਲੀ ਪਹਿਲਾਂ ਹੀ ਗੋਆ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਰਗੇ ਰਾਜਾਂ 'ਚ ਲਾਗੂ ਹੈ, ਜਿੱਥੇ ਇਸ ਦੇ ਉਤਸ਼ਾਹਜਨਕ ਨਤੀਜੇ ਸਾਹਮਣੇ ਆਏ ਹਨ। ਵਿਸ਼ਵ ਪੱਧਰ 'ਤੇ, 40 ਤੋਂ ਵੱਧ ਦੇਸ਼ਾਂ 'ਚ ਇਹ ਮਾਡਲ ਚੱਲ ਰਿਹਾ ਹੈ, ਜਿੱਥੇ ਕੂੜਾ ਵਾਪਸੀ ਦੀ ਦਰ 90 ਫੀਸਦੀ ਤੋਂ ਵੀ ਵੱਧ ਦਰਜ ਕੀਤੀ ਗਈ ਹੈ। ਸਿਰਸਾ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਸਕੀਮ ਦੀ ਸਫਲਤਾ ਲਈ ਜਨਤਾ ਦੀ ਹਿੱਸੇਦਾਰੀ ਸਭ ਤੋਂ ਮਹੱਤਵਪੂਰਨ ਹੋਵੇਗੀ। ਉਨ੍ਹਾਂ ਕਿਹਾ, ਨਾਗਰਿਕਾਂ, ਕਾਰੋਬਾਰਾਂ ਅਤੇ ਰੀਸਾਈਕਲਰਾਂ ਨੂੰ ਸ਼ਾਮਲ ਕਰਕੇ, ਇਹ ਸਕੀਮ ਨਾ ਸਿਰਫ ਪ੍ਰਦੂਸ਼ਣ ਨੂੰ ਘਟਾਏਗੀ ਬਲਕਿ ਇਕ ਸਾਫ਼ ਅਤੇ ਹਰਿਆਲੀ ਵਾਲੀ ਦਿੱਲੀ ਬਣਾਉਣ ਵਿੱਚ ਮਦਦ ਕਰੇਗੀ।"

## ਓਵਰਸਪੀਡ ਮੋਟਰਸਾਈਕਲ ਨੇ ਬਾਈਕ ਸਵਾਰਾਂ ਨੂੰ ਮਾਰੀ ਟੱਕਰ, ਇਕ ਦੀ ਮੌਤ

ਕੌਮੀ ਪਤ੍ਰਿਕਾ

ਲੁਧਿਆਣਾ 21 ਅਪ੍ਰੈਲ। ਤਾਜਪੁਰ ਰੋਡ ਇਲਾਕੇ 'ਚ ਇਕ ਤੇਜ਼ ਰਫ਼ਤਾਰ ਮੋਟਰਸਾਈਕਲ ਸਵਾਰ ਦੀ ਲਾਪ੍ਰਵਾਹੀ ਨੇ ਇਕ ਹੱਸਦੇ-ਖੇਡਦੇ ਪਰਿਵਾਰ ਦੀਆਂ ਖ਼ੁਸ਼ੀਆਂ ਉਜਾੜ ਦਿੱਤੀਆਂ। ਗੁੱਜਰਾਂ ਦੇ ਡੇਰੇ ਕੋਲ ਹੋਏ ਇਕ ਭਿਆਨਕ ਸੜਕ ਹਾਦਸੇ 'ਚ 17 ਸਾਲਾ ਲੜਕੇ ਸੰਜੋਗ ਸਿੰਘ ਦੀ ਮੌਤ ਹੋ ਗਈ, ਜਦਕਿ ਉਸ ਦਾ ਦੋਸਤ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ। ਪੁਲਸ ਨੇ ਇਸ ਮਾਮਲੇ 'ਚ ਮੁਲਜ਼ਮ ਬਾਈਕ ਚਾਲਕ ਖ਼?ਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ਿਕਾਇਤਕਰਤਾ ਪ੍ਰਕਾਸ਼ ਸਿੰਘ ਨੇ ਦੱਸਿਆ ਕਿ ਉਹ ਮ੍ਰਿਤਕ ਦਾ ਮਾਮਾ ਹੈ। ਉਸ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ 6 ਅਪ੍ਰੈਲ ਨੂੰ ਉਹ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਕੰਮ ਦੇ ਸਿਲਸਿਲੇ 'ਚ ਵਾਪਸ ਪ੍ਰੀਤ ਨਗਰ,




ਤਾਜਪੁਰ ਰੋਡ ਸਥਿਤ ਆਪਣੇ ਘਰ ਵੱਲ ਜਾ ਰਹੇ ਸਨ। ਉਨ੍ਹਾਂ ਦੇ ਅੱਗੇ ਉਨ੍ਹਾਂ ਦਾ ਭਾਣਜਾ ਸੰਜੋਗ ਸਿੰਘ (17) ਅਤੇ ਭਾਣਜੇ ਦਾ ਦੋਸਤ ਸਾਗਰ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਹੇ ਸਨ। ਜਿਵੇਂ ਹੀ ਉਹ ਗੁੱਜਰਾਂ ਦੇ ਡੇਰੇ ਕੋਲ ਪਹੁੰਚੇ ਤਾਂ ਸਾਹਮਣਿਓਂ ਆ ਰਹੇ ਇਕ ਤੇਜ਼ ਰਫ਼ਤਾਰ ਮੋਟਰਸਾਈਕਲ ਨੇ ਉਨ੍ਹਾਂ ਦੇ ਭਾਣਜੇ ਦੀ ਬਾਈਕ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਸੰਜੋਗ ਸਿੰਘ ਅਤੇ ਉਸ ਦਾ ਦੋਸਤ ਸਾਗਰ ਸਿੰਘ ਸੜਕ 'ਤੇ ਡਿੱਗ ਕੇ ਬੁਰੀ ਤਰ੍ਹਾਂ ਲਹੂ-ਲੁਹਾਨ ਹੋ ਗਏ। ਦੋਵਾਂ ਨੂੰ ਤੁਰੰਤ ਗੰਭੀਰ ਹਾਲਤ 'ਚ ਸੀ. ਐੱਮ. ਸੀ. ਹਸਪਤਾਲ ਲਿਜਾਇਆ ਗਿਆ, ਜਿੱਥੇ ਸੰਜੋਗ ਸਿੰਘ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਸਾਗਰ ਸਿੰਘ ਦਾ ਇਲਾਜ ਅਜੇ ਵੀ ਜਾਰੀ ਹੈ ਅਤੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਥਾਣਾ ਡਵੀਜ਼ਨ ਨੰਬਰ-7 ਦੀ ਪੁਲਸ ਨੇ ਮੁਲਜ਼ਮ ਚਰਨਜੀਤ ਸਿੰਘ ਖ਼?ਲਾਫ਼ ਕੇਸ ਦਰਜ ਕਰਕੇ ਉਸ ਦਾ ਮੋਟਰਸਾਈਕਲ ਕਬਜ਼ੇ 'ਚ ਲੈ ਲਿਆ ਹੈ।

## ਬੇਮੌਸਮੇ ਮੀਂਹ ਨੇ ਕਿਸਾਨਾਂ ਦੇ ਸਾਹ ਸੂਤੇ, ਸਾਲ ਭਰ ਦੀ ਮਿਹਨਤ 'ਤੇ ਫਿਰਿਆ ਪਾਣੀ

ਅੰਮ੍ਰਿਤਸਰ 21 ਅਪ੍ਰੈਲ। ਅੰਮ੍ਰਿਤਸਰ ਵਿਚ ਲਗਾਤਾਰ ਦੂਜੇ ਦਿਨ ਮੌਸਮ ਨੇ ਆਪਣਾ ਮਿਜ਼ਾਜ ਬਦਲਿਆ, ਜਿਸ ਨਾਲ ਜਿੱਥੇ ਸ਼ਹਿਰ ਵਾਸੀਆਂ ਨੂੰ ਗਰਮੀ ਤੋਂ ਰਾਹਤ ਮਿਲੀ, ਉੱਥੇ ਹੀ ਕਿਸਾਨਾਂ ਲਈ ਇਹ ਬੇਮੌਸਮੀ ਬਰਸਾਤ ਆਫ਼ਤ ਬਣ ਕੇ ਆਈ ਹੈ। ਦਿਨ ਭਰ ਦੀ ਗਰਮੀ ਅਤੇ ਘੁਟਣ ਵਾਲੇ ਮਾਹੌਲ ਤੋਂ ਬਾਅਦ ਆਸਮਾਨ ਵਿਚ ਛਾਏ ਸੰਘਣੇ ਕਾਲੇ ਬੱਦਲਾਂ, ਚਮਕਦੀ ਬਿਜਲੀ ਅਤੇ ਤੇਜ਼ ਹਵਾਵਾਂ ਦੇ ਨਾਲ ਕਈ ਇਲਾਕਿਆਂ ਵਿਚ



ਕਾਫ਼ੀ ਸਮਾਂ ਮੀਂਹ ਪੈਂਦਾ ਰਿਹਾ। ਇਸ ਨਾਲ ਮੌਸਮ ਇਕ ਵਾਰ ਫਿਰ ਤੋਂ ਠੰਢਾ ਹੋ ਗਿਆ, ਪਰ ਖੇਤਾਂ ਵਿਚ ਪੱਕੀ ਕਣਕ ਦੀ ਫ਼ਸਲ, ਜੋ ਕਿ ਅਖੀਰਲੇ ਪੜਾਅ 'ਤੇ ਸੀ, ਨੂੰ ਵੱਡਾ ਨੁਕਸਾਨ ਪਹੁੰਚਣ ਦਾ ਡਰ ਬਣ ਗਿਆ ਹੈ। ਵਿਸਾਖੀ ਦੇ ਨੇੜੇ ਜਦੋਂ ਕਣਕ ਦੀ ਵਾਢੀ ਸ਼ੁਰੂ ਹੋਣ ਵਾਲੀ ਹੁੰਦੀ ਹੈ, ਉਦੋਂ ਇਸ ਤਰ੍ਹਾਂ ਦੀ ਲਗਾਤਾਰ ਬੇਮੌਸਮੀ ਬਰਸਾਤ ਨੇ ਕਿਸਾਨਾਂ ਦੀ ਸਾਲ ਭਰ ਦੀ ਮਿਹਨਤ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਮੀਂਹ ਦੇ ਨਾਲ ਹਵਾ ਵਿਚ ਨਮੀ ਵੱਧ ਜਾਂਦੀ ਹੈ, ਜਿਸ ਨਾਲ ਕਣਕ ਦੇ ਦਾਣੇ ਕਾਲੇ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਵਜ਼ਨ ਘਟਣ ਦਾ ਡਰ ਵੀ ਬਣ ਗਿਆ ਹੈ। ਇਸ ਨਾਲ ਮੰਡੀ ਵਿਚ ਫ਼ਸਲ ਦਾ ਸਹੀ ਭਾਅ ਮਿਲਣਾ ਔਖਾ ਹੋ ਜਾਂਦਾ ਹੈ। ਕਈ ਥਾਵਾਂ 'ਤੇ ਖੇਤਾਂ ਵਿਚ ਪਾਣੀ ਖੜ੍ਹ ਜਾਣ ਨਾਲ ਫ਼ਸਲ ਢਹਿ-ਢੇਰੀ ਹੋ ਗਈ ਹੈ, ਜਿਸ ਨਾਲ ਪਾਣੀ ਵਿਚ ਵਾਢੀ ਕਰਨ ਵਿਚ ਮੁਸ਼ਕਲਾਂ ਆਉਣ ਦੀ ਸੰਭਾਵਨਾ ਵੱਧ ਜਾਂਦੀ ਹੈ। ਦਿਹਾਤੀ ਇਲਾਕਿਆਂ ਵਿਚ ਫ਼ਸਲਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੁੰਦਾ ਦਿਖਾਈ ਦੇ ਰਿਹਾ ਹੈ। ਜੇਕਰ ਲਗਾਤਾਰ ਇਸ ਤਰ੍ਹਾਂ ਹੀ ਮੀਂਹ ਪੈਂਦਾ ਰਿਹਾ, ਤਾਂ ਕਿਸਾਨਾਂ ਵੱਲੋਂ ਖ਼ੂਨ-ਪਸੀਨੇ ਨਾਲ ਤਿਆਰ ਹੋਈ ਫ਼ਸਲ ਸਾਰੀ ਦੀ ਸਾਰੀ ਬਰਬਾਦ ਹੋ ਜਾਵੇਗੀ ਅਤੇ ਮੰਡੀਆਂ ਵਿਚ ਵੇਚਣ ਲਈ ਕੁਝ ਨਹੀਂ ਬਚੇਗਾ। ਮੌਸਮ ਦੀ ਇਸ ਲਗਾਤਾਰ ਮਾਰ ਨੇ ਕਿਸਾਨਾਂ ਨੂੰ ਗੰਭੀਰ ਸੋਚ ਵਿੱਚ ਪਾ ਦਿੱਤਾ ਹੈ।

## ਪ੍ਰੀਖਿਆ ਡਿਊਟੀਆਂ ਦੇ ਰਹੇ ਸਟਾਫ਼ ਦੇ ਮਿਹਨਤਾਨੇ 'ਚ ਵਾਧਾ, ਜਾਰੀ ਕੀਤਾ ਗਿਆ ਨਵਾਂ ਸਰਕੂਲਰ

ਕੌਮੀ ਪਤ੍ਰਿਕਾ

ਚੰਡੀਗੜ੍ਹ 21 ਅਪ੍ਰੈਲ। ਪੰਜਾਬ ਯੂਨੀਵਰਸਿਟੀ (ਪੀ. ਯੂ.) ਪ੍ਰਸ਼ਾਸਨ ਨੇ ਪ੍ਰੀਖਿਆਵਾਂ ਦੌਰਾਨ ਡਿਊਟੀ ਨਿਭਾਉਣ ਵਾਲੇ ਅਮਲੇ ਦੇ ਮਾਣਭੱਤੇ 'ਚ ਵੱਡਾ ਵਾਧਾ ਕਰਦਿਆਂ ਨਵਾਂ ਸਰਕੂਲਰ ਜਾਰੀ ਕਰ ਦਿੱਤਾ ਹੈ। ਇਹ ਫ਼ੈਸਲਾ ਯੂਨੀਵਰਸਿਟੀ ਅਤੇ ਇਸ ਨਾਲ ਸਬੰਧਿਤ 200 ਕਾਲਜਾਂ ਦੇ ਲਗਭਗ ਢਾਈ ਲੱਖ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਦੇ ਪ੍ਰਬੰਧਾਂ 'ਚ ਜੁੱਟੇ ਸਟਾਫ਼ ਲਈ ਵੱਡੀ ਰਾਹਤ ਲੈ ਕੇ ਆਇਆ ਹੈ। ਸਰਕੂਲਰ ਅਨੁਸਾਰ ਅੰਡਰ ਗ੍ਰੈਜੂਏਟ ਪੇਪਰ ਸੈਂਟਰਾਂ ਲਈ 850 ਰੁਪਏ ਅਤੇ ਪੀ. ਐੱਚ. ਡੀ. ਥੀਸਸ ਦੇ ਮੁਲਾਂਕਣ ਲਈ 5000 ਰੁਪਏ ਮਿਹਨਤਾਨਾ ਤੈਅ ਕੀਤਾ ਗਿਆ ਹੈ। ਵਿਦੇਸ਼ੀ ਐਗਜ਼ਾਮੀਨਰਾਂ ਲਈ ਇਹ ਰਾਸ਼ੀ ਵਧਾ ਕੇ 10,000 ਰੁਪਏ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਬੋਰਡ ਆਫ ਫਾਈਨੈਂਸ



ਦੀ ਮੀਟਿੰਗ ਵਿੱਚ ਸੁਪਰੀਡੈਂਟ, ਕਲਰਕ ਅਤੇ ਇਲੈਕਟ?ਰੀਸ਼ੀਅਨ ਦੇ ਮਿਹਨਤਾਨੇ 'ਚ 20 ਫ਼ੀਸਦੀ ਵਾਧੇ ਦੇ ਪ੍ਰਸਤਾਵ ਨੂੰ ਵੀ ਹਰੀ ਝੰਡੀ ਦੇ ਦਿੱਤੀ ਗਈ ਹੈ।ਇਹ ਸੁਧਾਰ ਰਿਸਰਚ ਸਕਾਲਰਾਂ ਦੇ ਲੰਬੇ ਸਮੇਂ ਤੋਂ ਕੀਤੇ ਜਾ ਰਹੇ ਯਤਨਾਂ ਦਾ ਸਿੱਟਾ ਹੈ। ਸਮਾਜਿਕ ਕਾਰਜ ਵਿਭਾਗ ਦੇ ਰਿਸਰਚ ਸਕਾਲਰ ਸ਼ਿਸ਼ਪਾਲ ਸ਼ਿਓਕੰਦ ਦੀ ਅਗਵਾਈ 'ਚ ਯੂਨੀਵਰਸਿਟੀ ਦੇ ਰਜਿਸਟਰਾਰ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ ਸੀ, ਜਿਸ 'ਚ ਦੱਸਿਆ ਗਿਆ ਸੀ ਕਿ ਮੌਜੂਦਾ 300 ਰੁਪਏ ਦੀ ਦਰ ਪ੍ਰੀਖਿਆ ਡਿਊਟੀ ਦੀ ਜ਼ਿੰਮੇਵਾਰੀ ਅਤੇ ਸਮੇਂ ਦੇ ਅਨੁਸਾਰ ਬਹੁਤ ਘੱਟ ਹੈ। ਸ਼ਿਸ਼ਪਾਲ ਸ਼ਿਓਕੰਦ ਨੇ ਇਸ ਫ਼ੈਸਲੇ ਨੂੰ ਸਮੂਹ ਅਧਿਆਪਕਾਂ, ਖੋਜਾਰਥੀਆਂ ਅਤੇ ਗੈਰ-ਅਧਿਆਪਨ ਸਟਾਫ਼ ਦੀ ਸਾਂਝੀ ਜਿੱਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਅਕਾਦਮਿਕ ਪ੍ਰਣਾਲੀ 'ਚ ਉਨ੍ਹਾਂ ਦੀ ਭੂਮਿਕਾ ਦੇ ਮਹੱਤਵ ਨੂੰ ਸਵੀਕਾਰ ਕਰਦਾ ਹੈ। ਨਵੀਆਂ ਦਰਾਂ 'ਚ ਪੋਸਟ ਗ੍ਰੈਜੂਏਟ ਪ੍ਰੋਫ਼ੈਸ਼ਨਲ ਪ੍ਰੀਖਿਆਵਾਂ ਲਈ 1200 ਰੁਪਏ ਪ੍ਰਤੀ ਸਮੈਸਟਰ ਅਤੇ ਐੱਮ. ਫਿਲ ਥਿਊਰੀ ਪ੍ਰੀਖਿਆ ਲਈ 1200 ਰੁਪਏ ਨਿਰਧਾਰਤ ਕੀਤੇ ਗਏ ਹਨ।

## 4 ਏਕੜ ਖੜ੍ਹੀ ਕਣਕ ਦੀ ਫ਼ਸਲ ਸੜ ਕੇ ਹੋਈ ਸੁਆਹ

ਦੋਦਾ 21 ਅਪ੍ਰੈਲ। ਪਿੰਡ ਕੋਟਲੀ ਅਬਲੂ ਦੇ ਕੋਠੇ ਢਾਬਾਂ ਵਾਲਾ 'ਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਗਮਦੂਰ ਸਿੰਘ ਅਤੇ ਅਵਤਾਰ ਸਿੰਘ ਦੀ ਕਰੀਬ ਚਾਰ ਏਕੜ ਖੜ੍ਹੀ ਕਣਕ ਦੀ ਫ਼ਸਲ ਅਚਾਨਕ ਅੱਗ ਦੀ ਲਪੇਟ 'ਚ ਆ ਗਈ ਅਤੇ ਵੇਖਦੇ ਹੀ ਵੇਖਦੇ ਸੜ ਕੇ ਸੁਆਹ ਹੋ ਗਈ। ਉੱਥੇ ਮੌਕੇ 'ਤੇ ਇੱਕਤਰ ਹੋਏ ਕਿਸਾਨਾਂ ਨੇ ਜਾਣਕਾਰੀ ਦਿੰਦੇ ਦੱਸਿਆ ਖੇਤ 'ਚ ਕੰਬਾਈਨ ਰਾਹੀਂ ਕਣਕ ਦੀ ਕਟਾਈ ਕਰ ਰਿਹਾ ਸੀ ਕਿ ਅਚਾਨਕ ਅੱਗ ਭੜਕ ਉੱਠੀ ਪਰ ਅੱਗ ਲੱਗਣ ਦੇ ਸਹੀ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਮਸ਼ੀਨਰੀ ਵਿੱਚੋਂ ਨਿਕਲੀ ਚਿੰਗਾਰੀ ਜਾਂ ਤਕਨੀਕੀ ਖ਼ਰਾਬੀ ਇਸ ਦਾ ਕਾਰਨ ਹੋ ਸਕਦੀ ਹੈ। ਤੇਜ਼ ਹਵਾ ਕਾਰਨ ਅੱਗ ਨੇ ਥੋੜ੍ਹੇ ਹੀ ਸਮੇਂ ਵਿੱਚ ਭਿਆਨਕ ਰੂਪ ਧਾਰ ਲਿਆ ਅਤੇ ਵੱਡੇ ਖੇਤਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਘਟਨਾ ਦੀ ਸੂਚਨਾ ਮਿਲਦੇ ਹੀ ਦੋਦਾ ਤੋਂ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਤੁਰੰਤ ਪਹੁੰਚ ਗਈ। ਫਾਇਰ ਮੈਨ ਸੁਖਦਿੱਤਾ ਸਿੰਘ, ਮਨਦੀਪ ਸਿੰਘ ਅਤੇ ਹੋਰ ਕਰਮਚਾਰੀਆਂ ਨੇ ਮੁਸ਼ਕਲ ਹਾਲਾਤਾਂ ਦੇ ਬਾਵਜੂਦ ਜਲਦੀ ਕਾਰਵਾਈ ਕਰਦੇ ਹੋਏ ਅੱਗ 'ਤੇ ਕਾਬੂ ਪਾ ਲਿਆ। ਉਨ੍ਹਾਂ ਦੱਸਿਆ ਕਿ ਜੇ ਕੁਝ ਹੋਰ ਦੇਰ ਹੋ ਜਾਂਦੀ ਤਾਂ ਅੱਗ ਨੇ ਨੇੜਲੇ ਖੇਤਾਂ ਅਤੇ ਹੋਰ ਫ਼ਸਲਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਾਉਣਾ ਸੀ। ਇਸ ਅੱਗ ਕਾਰਨ ਕਿਸਾਨਾਂ ਦੀ ਸਾਰੀ ਖੜ੍ਹੀ ਫ਼ਸਲ ਤਬਾਹ ਹੋ ਗਈ, ਜਿਸ ਨਾਲ ਉਨ੍ਹਾਂ ਨੂੰ ਵੱਡਾ ਆਰਥਿਕ ਝਟਕਾ ਲੱਗਾ ਹੈ। ਪੀੜਤ ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਯੋਗ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਨੁਕਸਾਨ ਦੀ ਭਰਪਾਈ ਕਰ ਸਕਣ।ਪਿੰਡ ਵਾਸੀਆਂ ਨੇ ਵੀ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਖੇਤਾਂ ਵਿੱਚ ਅੱਗ ਤੋਂ ਬਚਾਅ ਲਈ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਅਤੇ ਮਸ਼ੀਨਰੀ ਦੀ ਸਮੇਂ-ਸਮੇਂ 'ਤੇ ਜਾਂਚ ਯਕੀਨੀ ਬਣਾਈ ਜਾਵੇ, ਤਾਂ ਜੋ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।

## ਲੁਧਿਆਣਾ 'ਚ ਦਵਾਈਆਂ ਦੇ ਗੋਦਾਮ ਨੂੰ ਲੱਗੀ ਭਿਆਨਕ ਅੱਗ

ਲੁਧਿਆਣਾ 21 ਅਪ੍ਰੈਲ। ਸ਼ਹਿਰ ਦੇ ਬਲਦੇਵ ਵੇਅਰਹਾਊਸ ਕੰਪਲੈਕਸ ਵਿਚ ਐਤਵਾਰ ਸਵੇਰੇ ਉਸ ਵੇਲੇ ਭਾਜੜਾਂ ਪੈ ਗਈਆਂ, ਜਦੋਂ ਇਕ ਦਵਾਈਆਂ ਦੇ ਗੋਦਾਮ ਵਿਚ ਭਿਆਨਕ ਅੱਗ ਲੱਗ ਗਈ। ਤਕਰੀਬਨ 2 ਹਜ਼ਾਰ ਵਰਗ ਫੁੱਟ ਵਿਚ ਬਣੇ ਇਸ ਗੋਦਾਮ ਵਿਚ ਰੱਖੀਆਂ ਦਵਾਈਆਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਮੁੱਢਲੇ ਅਨੁਮਾਨ ਮੁਤਾਬਕ, ਇਸ ਅੱਗ ਕਾਰਨ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਗੋਦਾਮਮ ਦੀ ਮਾਲਕਣ ਦੀਪਿਕਾ ਜੈਨ ਨੇ ਦੱਸਿਆ ਕਿ ਸਵੇਰੇ ਕਰੀਬ 9 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ ਸੀ। ਵੇਖਦੇ ਹੀ ਵੇਖਦੇ ਅੱਗ ਨੇ ਪੂਰੇ ਗੋਦਾਮ ਨੂੰ ਆਪਣੀ ਲਪੇਟ ਵਿਚ ਲੈ ਲਿਆ। ਗਨੀਮਤ ਇਹ ਰਹੀ ਕਿ ਘਟਨਾ ਵੇਲੇ ਕੋਈ ਵੀ ਮੁਲਾਜ਼ਮ ਅੰਦਰ ਮੌਜੂਦ ਨਹੀਂ ਸੀ, ਜਿਸ ਨਾਲ ਕਿਸੇ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਫ਼ਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ। ਅਫ਼ਸਰਾਂ ਮੁਤਾਬਕ, ਫ਼ਾਇਰ ਬ੍ਰਿਗੇਡ ਦੀਆਂ 4 ਤੋਂ 5 ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ। ਅੱਗ ਲੱਗਣ ਦੇ ਸਹੀ ਕਾਰਨਾਂ ਦਾ ਅਜੇ ਤਕ ਪਤਾ ਨਹੀਂ ਲੱਗ ਸਸਕਿਆ, ਹਾਲਾਂਕਿ ਗੋਦਾਮ ਮਾਲਕ ਵੱਲੋਂ ਸ਼ਾਰਟ ਸਰਕਟ ਕਾਰਰਨ ਅੱਗ ਲੱਗਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਫ਼?ਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਮੋਗਾ ਪੁਲਸ ਵੱਲੋਂ ਹੈਰੋਇਨ ਤੇ ਸ਼ਰਾਬ ਸਮੇਤ 3 ਮੁਲਜ਼ਮ ਗ੍ਰਿਫ਼ਤਾਰ

ਮੋਗਾ 21 ਅਪ੍ਰੈਲ। ਮੋਗਾ ਪੁਲਸ ਨੇ ਤਿੰਨ ਵਿਅਕਤੀਆਂ ਨੂੰ ਹੈਰੋਇਨ ਅਤੇ ਸ਼ਰਾਬ ਸਮੇਤ ਕਾਬੂ ਕੀਤਾ ਹੈ। ਥਾਣਾ ਨਿਹਾਲ ਸਿੰਘ ਵਾਲਾ ਦੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਜਦੋਂ ਉਹ ਪੁਲਸ ਪਾਰਟੀ ਸਮੇਤ ਇਲਾਕੇ ਵਿਚ ਗਸ਼ਤ ਕਰ ਰਹੇ ਸਨ ਤਾਂ ਗੁਪਤ ਸੂਚਨਾ ਦੇ ਆਧਾਰ 'ਤੇ ਗੁਰਸੇਵਕ ਸਿੰਘ ਵਾਸੀ ਪਿੰਡ ਪੱਤੋ ਹੀਰਾ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਉਸ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਥਾਣਾ ਬਾਘਾ ਪੁਰਾਣਾ ਦੇ ਇੰਚਾਰਜ ਜਨਕ ਰਾਜ ਨੇ ਦੱਸਿਆ ਕਿ ਜਦੋਂ ਸਹਾਇਕ ਥਾਣੇਦਾਰ ਰਮੇਸ਼ ਲਾਲ ਪੁਲਸ ਪਾਰਟੀ ਸਮੇਤ ਇਲਾਕੇ ਵਿਚ ਗਸ਼ਤ ਕਰਦੇ ਹੋਏ ਪਿੰਡ ਬੁੱਧ ਸਿੰਘ ਵਾਲਾ ਤੋਂ ਫੂਲੇਵਾਲਾ ਨੂੰ ਜਾਂਦੀ ਨਹਿਰ ਦੀ ਪੱਟੜੀ 'ਤੇ ਜਾ ਰਹੇ ਸਨ, ਤਾਂ ਗੁਪਤ ਸੂਚਨਾ ਦੇ ਆਧਾਰ 'ਤੇ ਨਾਕਾਬੰਦੀ ਕਰਕੇ ਸਵਿੱਫਟ ਕਾਰ ਨੂੰ ਰੋਕਿਆ ਗਿਆ। ਤਲਾਸ਼ੀ ਦੌਰਾਨ ਉਸ ਵਿਚੋਂ 48 ਬੋਤਲਾਂ ਸ਼ਰਾਬ ਮਾਰਕਾ ਪੰਜਾਬ ਜੁਗਨੀ ਬਰਾਮਦ ਹੋਈਆਂ। ਪੁਲਸ ਨੇ ਅਵਤਾਰ ਸਿੰਘ ਵਾਸੀ ਬੁੱਧ ਸਿੰਘ ਵਾਲਾ ਨੂੰ ਕਾਬੂ ਕਰ ਲਿਆ, ਜਦਕਿ ਉਸ ਦਾ ਸਾਥੀ ਰਮਨਦੀਪ ਸਿੰਘ ਫਰਾਰ ਹੋ ਗਿਆ। ਦੋਵੇਂ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ ਹਨ।

## ਕਾਰ ਤੇ ਮੋਟਰਸਾਈਕਲ ਵਿਚਕਾਰ ਜ਼ਬਰਦਸਤ ਟੱਕਰ ਹੋਣ ਕਾਰਨ ਵਾਪਰਿਆ ਹਾਦਸਾ

ਗੁਰੂਹਰਸਹਾਏ 21 ਅਪ੍ਰੈਲ। ਗੁਰੂਹਰਸਹਾਏ ਵਿਖੇ ਕਾਰ ਅਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਖ਼ਬਰ ਮਿਲੀ ਹੈ। ਇਸ ਸਬੰਧੀ ਥਾਣਾ ਗੁਰੂਹਰਸਹਾਏ ਪੁਲਸ ਨੇ ਕਾਰ ਚਾਲਕ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਸਤਵਿੰਦਰ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਪਿੰਡ ਲਖਮੀਰਪੁਰਾ ਨੇ ਦੱਸਿਆ ਕਿ ਬੀਤੇ ਦਿਨੀਂ ਨੂੰ ਉਹ ਆਪਣੇ ਪਿੰਡ ਤੋਂ ਕਿਸੇ ਘਰੇਲੂ ਕੰਮ ਲਈ ਆਪਣੇ ਮੋਟਰਸਾਈਕਲ 'ਤੇ ਪਿੰਡ ਬੀੜ ਹਰਬੰਸਪੁਰਾ ਨੂੰ ਜਾ ਰਿਹਾ ਸੀ ਤਾਂ ਜਦ ਉਹ ਪੁਲ ਨਹਿਰ ਬੀੜ ਹਰਬੰਸਪੁਰਾ ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਪੁੱਜਿਆਂ ਤਾਂ ਗੁਰੂਹਰਸਹਾਏ ਵੱਲੋਂ ਇਕ ਕਾਰ ਵੈਣਟੋ ਜਿਸ ਨੂੰ ਇਕ ਮੋਨਾ ਨੌਜਵਾਨ ਚਲਾ ਰਿਹਾ ਸੀ। ਜਿਸ ਨੇ ਆਪਣੀ ਕਾਰ ਬਿਨ੍ਹਾਂ ਹਾਰਨ ਵਜਾਏ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਉਸ ਦੇ ਮੋਟਰਸਾਈਕਲ ਵਿਚ ਮਾਰੀ। ਕਾਰ ਵੱਜਣ ਕਾਰਨ ਉਹ ਸਮੇਤ ਮੋਟਰਸਾਈਕਲ ਸੜਕ 'ਤੇ ਡਿੱਗ ਗਿਆ। ਸਤਵਿੰਦਰ ਸਿੰਘ ਨੇ ਦੱਸਿਆ ਕਿ ਉਸ ਨੂੰ ਕਾਫ਼ੀ ਸੱਟਾਂ ਲੱਗੀਆਂ ਅਤੇ ਮੋਟਰਸਾਈਕਲ ਵੀ ਨੁਕਸਾਨਿਆ ਗਿਆ। ਪੁਲਸ ਨੇ ਦੱਸਿਆ ਕਿ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਕਾਰ ਚਾਲਕ ਖ਼?ਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਪੰਜਾਬ 'ਚ 6 ਕਰੋੜ ਦੀ ਲਾਟਰੀ ਜਿੱਤਣ ਵਾਲਾ 'ਲਾਪਤਾ' !

ਕੌਮੀ ਪਤ੍ਰਿਕਾ

ਲੁਧਿਆਣਾ 21 ਅਪ੍ਰੈਲ। ਪੰਜਾਬ ਸਮੇਤ ਸਾਰੇ ਦੇਸ਼ ਵਿਚ ਵੱਡੀ ਗਿਣਤੀ ਵਿਚ ਲੋਕ ਕਰੋੜਪਤੀ ਬਣਨ ਦੀ ਆਸ ਨਾਲ ਲਾਟਰੀ ਦੀਆਂ ਟਿਕਟਾਂ ਖਰੀਦਦੇ ਹਨ ਤੇ ਆਪਣੇ ਕਿਸਮਤ ਬਦਲਣ ਦੀ ਉਮੀਦ ਨਾਲ ਬੰਪਰ ਦੇ ਨਤੀਜਿਆਂ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹੁੰਦੇ ਹਨ, ਉੱਥੇ ਹੀ ਇਕ ਮਾਮਲਾ ਅਜਿਹਾ ਵੀ ਸਾਹਮਣੇ ਆਇਆ ਹੈ, ਜਿੱਥੇ 6 ਕਰੋੜ ਰੁਪਏ ਦੀ ਲਾਟਰੀ ਜਿੱਤਣ ਵਾਲੇ ਵਿਅਕਤੀ ਦੀ ਅਜੇ ਤਕ ਕੋਈ ਉੱਗ-ਸੁੱਗ ਹੀ ਨਹੀਂ ਲੱਗ ਸਕੀ ਹੈ। ਅਸੀਂ ਗੱਲ ਕਰ ਰਹੇ ਹਾਂ ਪੰਜਾਬ ਵਿਚ ਐਲਾਨੇ ਗਏ ਵਿਸਾਖੀ ਬੰਪਰ ਦੇ ਨਤੀਜਿਆਂ ਦੀ, ਜਿੱਥੇ 6 ਕਰੋੜ ਰੁਪਏ ਦਾ ਇਨਾਮ ਜਿੱਤਣ ਵਾਲਾ ਵਿਅਕਤੀ ਨੂੰ ਅਜੇ ਤਕ ਸ਼ਾਇਦ ਇਸ ਗੱਲ ਦਾ ਇਲਮ ਨਹੀਂ ਕਿ ਉਸ ਦੀ ਕਿਸਮਤ ਨੇ ਇੰਨੀ ਵੱਡੀ ਪਲਟੀ ਮਾਰ ਲਈ ਹੈ। ਦਰਅਸਲ, 18 ਅਪ੍ਰੈਲ ਨੂੰ ਵਿਸਾਖੀ ਬੰਪਰ ਦਾ ਨਤੀਜਾ ਐਲਾਨਿਆ ਗਿਆ ਸੀ। ਜੇਤੂ ਟਿਕਟ ਦਾ ਨੰਬਰ 2-ਸੀਰੀਜ਼ 520729 ਹੈ, ਜਿਸ 'ਤੇ 6 ਕਰੋੜ ਰੁਪਏ ਦਾ ਇਨਾਮ ਨਿਕਲਿਆ ਹੈ। ਇਹ ਟਿਕਟ ਲੁਧਿਆਣਾ ਦੇ ਘੰਟਾ ਘਰ ਇਲਾਕੇ ਵਿਚ ਸਥਿਤ 'ਗਾਂਧੀ ਬ੍ਰਦਰਜ਼' ਦੀ ਲਾਟਰੀ ਦੀ ਦੁਕਾਨ ਤੋਂ ਸਿਰਫ਼ 500 ਰੁਪਏ ਵਿਚ ਖਰੀਦੀ ਗਈ ਸੀ। ਪਰ ਹਾਲੇ ਤਕ ਇਹ ਪਤਾ ਨਹੀਂ ਲੱਗਿਆ ਕਿ ਇਹ ਟਿਕਟ ਕਿਸ ਕੋਲ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਇਨਾਮ ਨਿਕਲੇ ਨੂੰ ਦੋ ਦਿਨ ਬੀਤ ਜਾਣ ਦੇ ਬਾਵਜੂਦ ਹਾਲੇ ਤੱਕ ਕੋਈ ਵੀ ਜੇਤੂ ਆਪਣਾ ਇਨਾਮ ਕਲੇਮ ਕਰਨ ਲਈ ਏਜੰਸੀ ਕੋਲ ਨਹੀਂ ਪਹੁੰਚਿਆ ਹੈ। ਹੋ ਸਕਦਾ ਹੈ ਕਿ ਖ਼ੁਸ਼ਕਿਸਮਤ ਜੇਤੂ ਨੂੰ ਹਾਲੇ ਤੱਕ ਇਹ ਪਤਾ ਹੀ ਨਾ ਲੱਗਾ ਹੋਵੇ ਕਿ ਉਹ ਕਰੋੜਪਤੀ ਬਣ ਚੁੱਕਾ ਹੈ। ਲਾਟਰੀ ਵਿਕਰੇਤਾ ਤਰਨਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਜੇਤੂ ਦੀ ਭਾਲ ਲਗਾਤਾਰ ਜਾਰੀ ਹੈ। ਉਨ੍ਹਾਂ ਮੁਤਾਬਕ, ਜਿਸ ਕਿਸੇ ਕੋਲ ਵੀ ਇਹ ਜੇਤੂ ਟਿਕਟ ਹੈ, ਉਸ ਨੂੰ ਲਾਟਰੀ ਨਿਕਲਣ ਦੇ ਦਿਨ ਤੋਂ ਇਕ ਮਹੀਨੇ ਦੇ ਅੰਦਰ ਆਪਣਾ ਇਨਾਮ ਕਲੇਮ ਕਰਨਾ ਹੋਵੇਗਾ। ਜੇਕਰ ਕੋਈ ਇਕ ਮਹੀਨੇ ਤੋਂ ਬਾਅਦ ਆਉਂਦਾ ਹੈ, ਤਾਂ ਇਨਾਮ ਮਿਲ ਸਕਦਾ ਹੈ ਪਰ ਉਸ ਦੀ ਕਾਨੂੰਨੀ ਪ੍ਰਕਿਰਿਆ ਕਾਫ਼ੀ ਲੰਬੀ ਹੋ ਜਾਂਦੀ ਹੈ।

## ਪਹਿਲਾਂ ਲਿਆ ਆਸ਼ੀਰਵਾਦ ਤੇ ਫਿਰ ਲੁਹਾ ਲਈਆਂ ਵਾਲੀਆਂ !

ਲੁਧਿਆਣਾ 21 ਅਪ੍ਰੈਲ। ਸੰਸਕਾਰ ਤੇ ਸਨਮਾਨ ਦੀ ਆੜ 'ਚ ਲੁਕੇ ਹੈਵਾਨਾਂ ਨੇ ਹੈਬੋਵਾਲ ਇਲਾਕੇ 'ਚ ਇੱਕ ਅਜਿਹੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ, ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਸੰਤ ਵਿਹਾਰ, ਰਾਜਨ ਅਸਟੇਟ ਵਿੱਚ ਦਿਨ-ਦਿਹਾੜੇ ਬਾਈਕ ਸਵਾਰ ਦੋ ਸ਼ਾਤਰ ਬਦਮਾਸ਼ਾਂ ਨੇ ਇੱਕ 68 ਸਾਲਾ ਬਜ਼ੁਰਗ ਮਹਿਲਾ ਕਮਲੇਸ਼ ਰਾਣੀ ਨੂੰ ਆਪਣਾ ਨਿਸ਼ਾਨਾ ਬਣਾਇਆ। ਬਦਮਾਸ਼ਾਂ ਨੇ ਪਹਿਲਾਂ ਬਜ਼ੁਰਗ ਮਹਿਲਾ ਦੇ ਪੈਰ ਛੂਹ ਕੇ ਆਸ਼ੀਰਵਾਦ ਲਿਆ ਤੇ ਜਿਵੇਂ ਹੀ ਮਹਿਲਾ ਉਨ੍ਹਾਂ ਦੀ ਗੱਲ ਸੁਣਨ ਲਈ ਨੇੜੇ ਆਈ, ਮੁਲਜ਼ਮ ਉਨ੍ਹਾਂ ਦੇ ਕੰਨਾਂ ਵਿੱਚੋਂ ਸੋਨੇ ਦੀਆਂ ਵਾਲੀਆਂ ਝਪਟ ਕੇ ਫਰਾਰ ਹੋ ਗਏ। ਇਸ ਖੋਹ ਦੌਰਾਨ ਬਜ਼ੁਰਗ ਮਹਿਲਾ ਦੇ ਕੰਨ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਹਨ। ਜਾਣਕਾਰੀ ਮੁਤਾਬਕ ਕਮਲੇਸ਼ ਰਾਣੀ ਆਪਣੀ ਗਲੀ 'ਚ ਕੁਰਸੀ 'ਤੇ ਬੈਠੀ ਸੀ, ਜਦੋਂ ਇੱਕ ਬਾਈਕ 'ਤੇ ਸਵਾਰ ਦੋ ਨੌਜਵਾਨ ਉੱਥੇ ਰੇਕੀ ਕਰ ਰਹੇ ਸਨ। ਕੁਝ ਦੇਰ ਬਾਅਦ ਉਹ ਮਹਿਲਾ ਕੋਲ ਰੁਕੇ ਅਤੇ ਨਾਟਕ ਕਰਦੇ ਹੋਏ ਉਸ ਦੇ ਪੈਰ ਛੂਹੇ। ਝਪਟਮਾਰਾਂ ਨੇ ਮਹਿਲਾ ਤੋਂ ਕਿਸੇ ਦਾ ਪਤਾ ਪੁੱਛਣ ਦਾ ਬਹਾਨਾ ਬਣਾਇਆ। ਕਿਉਂਕਿ ਬਜ਼ੁਰਗ ਮਹਿਲਾ ਨੂੰ ਥੋੜ੍ਹਾ ਘੱਟ ਸੁਣਦਾ ਸੀ, ਇਸ ਲਈ ਉਹ ਗੱਲ ਸਮਝਣ ਲਈ ਜਿਵੇਂ ਹੀ ਉਨ੍ਹਾਂ ਦੇ ਕਰੀਬ ਗਈ, ਇੱਕ ਬਦਮਾਸ਼ ਨੇ ਤੇਜ਼ੀ ਨਾਲ ਉਸ ਦੇ ਕੰਨਾਂ ਵਿੱਚੋਂ ਕਰੀਬ 8 ਗ੍ਰਾਮ ਦੀਆਂ ਸੋਨੇ ਦੀਆਂ ਵਾਲੀਆਂ ਖਿੱਚ ਲਈਆਂ। ਲਹੂ-ਲੁਹਾਨ ਹਾਲਤ ਵਿੱਚ ਬਜ਼ੁਰਗ ਮਹਿਲਾ ਨੇ ਬਹਾਦਰੀ ਦਿਖਾਉਂਦੇ ਹੋਏ ਸ਼ੋਰ ਮਚਾਇਆ ਅਤੇ ਮੁਲਜ਼ਮਾਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਲੁਟੇਰੇ ਪਲਕ ਝਪਕਦੇ ਹੀ ਗਲੀਆਂ ਵਿੱਚ ਗਾਇਬ ਹੋ ਗਏ। ਇਹ ਪੂਰੀ ਵਾਰਦਾਤ ਕੋਲ ਹੀ ਲੱਗੇ ਸੀਸੀਟੀਵੀ ਕੈਮਰਿਆਂ 'ਚ ਕੈਦ ਹੋ ਗਈ ਹੈ। ਫੁਟੇਜ 'ਚ ਦਿਖ ਰਿਹਾ ਹੈ ਕਿ ਬਾਈਕ ਚਲਾਉਣ ਵਾਲੇ ਮੁਲਜ਼ਮ ਨੇ ਹੈਲਮੇਟ ਪਾਇਆ ਹੋਇਆ ਸੀ, ਜਦੋਂ ਕਿ ਪਿੱਛੇ ਬੈਠੇ ਦੂਜੇ ਬਦਮਾਸ਼ ਨੇ ਚਿੱਟੇ ਰੰਗ ਦੀ ਟੋਪੀ ਪਹਿਨੀ ਹੋਈ ਸੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਲੁਟੇਰਿਆਂ ਦੇ ਹਮਲੇ ਦੇ ਬਾਵਜੂਦ ਵਿਦਿਆਰਥੀ ਨੇ ਦਿਖਾਈ ਬਹਾਦਰੀ

**ਕੌਮੀ ਪਤ੍ਰਿਕਾ**

ਲੁਧਿਆਣਾ, 21 ਅਪ੍ਰੈਲ। ਮਹਾਨਗਰ ਵਿੱਚ ਇੱਕ ਬੀ.ਫ਼ਾਰਮੇਸੀ ਦੇ ਵਿਦਿਆਰਥੀ ਨੇ ਅਜਿਹੀ ਬਹਾਦਰੀ ਦਿਖਾਈ ਕਿ ਲੁਟੇਰੇ ਡਰ ਗਏ। ਇਹ ਘਟਨਾ 33 ਫੁੱਟ ਰੋਡ 'ਤੇ ਆਰਪੀ ਬਿਲਿੰਗ ਮਟੀਰੀਅਲਜ਼ ਦੀ ਦੁਕਾਨ 'ਤੇ ਵਾਪਰੀ, ਜਿੱਥੇ ਐਤਵਾਰ ਰਾਤ ਲਗਭਗ 8:30 ਵਜੇ ਤਿੰਨ ਬਾਈਕ ਸਵਾਰ ਬਦਮਾਸ਼ਾਂ ਨੇ ਲੁੱਟ ਦੇ ਇਰਾਦੇ ਨਾਲ ਹਮਲਾ ਕਰ ਦਿੱਤਾ। ਦੁਕਾਨਦਾਰ ਰਾਮ ਨਾਥ ਗੁਪਤਾ ਦਾ ਪੁੱਤਰ ਮਨੀਸ਼, ਪੜ੍ਹਾਈ ਦੌਰਾਨ ਦੁਕਾਨ 'ਤੇ ਮਦਦ ਕਰਦਾ ਹੈ, ਇੱਕ ਪਾਰਟੀ ਤੋਂ ਭੁਗਤਾਨ ਪ੍ਰਕਿਰਿਆ ਕਰਦੇ ਸਮੇਂ ਫੋਨ 'ਤੇ ਰੁੱਝਿਆ ਹੋਇਆ ਸੀ। ਇਸ ਦੌਰਾਨ ਤੇਜ਼ਧਾਰ ਹਥਿਆਰਾਂ ਨਾਲ ਲੈਸ ਦੋ ਨਕਾਬਪੋਸ਼ ਬਦਮਾਸ਼ ਦੁਕਾਨ ਵਿੱਚ ਦਾਖਲ ਹੋਏ, ਜਦੋਂ ਕਿ ਉਨ੍ਹਾਂ ਦਾ ਤੀਜਾ ਸਾਥੀ ਆਪਣੀ ਬਾਈਕ ਲੈ ਕੇ ਬਾਹਰ ਖੜ੍ਹਾ ਸੀ। ਮਨੀਸ਼ ਨੇ ਕਿਹਾ ਕਿ ਅੰਦਰ ਜਾਣ 'ਤੇ ਬਦਮਾਸ਼ਾਂ ਨੇ ਉਸਨੂੰ ਧਮਕੀ ਦਿੱਤੀ ਤੇ ਉਸਦਾ ਮੋਬਾਈਲ ਫੋਨ ਖੋਹਣ ਦੀ ਕੋਸ਼ਿਸ਼ ਕੀਤੀ। ਜਦੋਂ ਉਸਨੇ ਵਿਰੋਧ ਕੀਤਾ ਤਾਂ ਲੁਟੇਰਿਆਂ ਨੇ ਗਾਲੀ-ਗਲੋਚ ਕੀਤੀ ਤੇ ਜ਼ਬਰਦਸਤੀ ਕੈਸ਼ ਬਾਕਸ ਤੋਂ ਨਕਦੀ ਖੋਹਣੀ ਸ਼ੁਰੂ ਕਰ ਦਿੱਤੀ। ਸੀਸੀਟੀਵੀ ਫੁਟੇਜ ਦੇ ਅਨੁਸਾਰ ਮਨੀਸ਼ ਡਰਿਆ ਨਹੀਂ ਗਿਆ ਸੀ, ਸਗੋਂ ਉਸਨੇ ਚਲਾਕੀ ਨਾਲ ਕੰਮ ਕੀਤਾ ਅਤੇ ਲੁਟੇਰਿਆਂ ਦਾ ਧਿਆਨ ਭਟਕਣ ਦੀ ਉਡੀਕ ਕੀਤੀ। ਜਿਵੇਂ ਹੀ ਲੁਟੇਰੇ ਲੁੱਟ ਦਾ ਸਮਾਨ ਲੈ ਕੇ ਭੱਜ ਰਹੇ ਸਨ, ਬਹਾਦਰ ਮਨੀਸ਼ ਉਨ੍ਹਾਂ ਦੇ ਪਿੱਛੇ ਭੱਜਿਆ ਤੇ ਆਪਣੀ ਜਾਨ ਬਚਾਉਣ ਲਈ ਡਰਦੇ ਹੋਏ, ਇੱਕ ਲੁਟੇਰੇ ਨੂੰ ਜ਼ੋਰ ਨਾਲ ਫੜ ਲਿਆ। ਮਨੀਸ਼ ਦੀ ਹਿੰਮਤ ਦੇਖ ਕੇ ਲੁਟੇਰੇ ਘਬਰਾ ਗਏ ਅਤੇ ਆਪਣੇ ਆਪ ਨੂੰ ਛੁਡਾਉਣ ਲਈ ਸੰਘਰਸ਼ ਕੀਤਾ। ਜਦੋਂ ਮਨੀਸ਼ ਨੇ ਇੱਕ ਲੁਟੇਰੇ ਨੂੰ ਜ਼ਮੀਨ 'ਤੇ ਸੁੱਟ ਦਿੱਤਾ, ਤਾਂ ਬਾਹਰ ਖੜ੍ਹੇ ਉਨ੍ਹਾਂ ਦੇ ਤੀਜੇ ਸਾਥੀ ਨੇ ਆਪਣੇ ਦੋਸਤ ਨੂੰ ਬਚਾਉਣ ਲਈ ਮਨੀਸ਼ 'ਤੇ ਇੱਟਾਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਸਿਰ 'ਤੇ ਲੱਗਣ ਦੇ ਡਰ ਅਤੇ ਅਚਾਨਕ ਹੋਏ ਝਟਕੇ ਨੇ ਮਨੀਸ਼ ਦੀ ਪਕੜ ਢਿੱਲੀ ਕਰ ਦਿੱਤੀ, ਜਿਸਦਾ ਫਾਇਦਾ ਉਠਾਉਂਦੇ ਹੋਏ ਤਿੰਨ ਅਪਰਾਧੀ ਇੱਕ ਕਾਲੇ ਸਪਲੈਂਡਰ ਮੋਟਰਸਾਈਕਲ 'ਤੇ ਮੌਕੇ ਤੋਂ ਭੱਜ ਗਏ। ਹਾਲਾਂਕਿ ਮਨੀਸ਼ ਆਪਣਾ ਫੋਨ ਬਚਾਉਣ ਵਿੱਚ ਕਾਮਯਾਬ ਹੋ ਗਿਆ, ਪਰ ਦੋਸ਼ੀ ਕੈਸ਼ ਬਾਕਸ ਵਿੱਚੋਂ ਨਕਦੀ ਲੈ ਕੇ ਭੱਜਣ ਵਿੱਚ ਕਾਮਯਾਬ ਹੋ ਗਿਆ। ਪੀੜਤ ਪਰਿਵਾਰ ਨੇ ਹੁਣ ਇਨਸਾਫ਼ ਦੀ ਮੰਗ ਲਈ ਸੀਸੀਟੀਵੀ ਫੁਟੇਜ ਨਾਲ ਪੁਲਸ ਕੋਲ ਪਹੁੰਚ ਕੀਤੀ ਹੈ। ਮਨੀਸ਼ ਦੀ ਬਹਾਦਰੀ, ਜਿਸਨੇ ਹਥਿਆਰਾਂ ਅੱਗੇ ਸਮਰਪਣ ਕਰਨ ਦੀ ਬਜਾਏ ਉਨ੍ਹਾਂ ਦਾ ਸਾਹਮਣਾ ਕਰਨ ਦੀ ਚੋਣ ਕੀਤੀ, ਦੀ ਇਲਾਕੇ ਵਿੱਚ ਵਿਆਪਕ ਚਰਚਾ ਹੋ ਰਹੀ ਹੈ।




## ਮਹਿਲ ਕਲਾਂ ਪੈਟਰੋਲ ਪੰਪ ਸਾਹਮਣੇ ਕੰਬਾਈਨ ਤੇ ਟਰੱਕ ਦੀ ਹੋਈ ਭਿਆਨਕ ਟੱਕਰ

ਮਹਿਲ ਕਲਾਂ, 21 ਅਪ੍ਰੈਲ। ਮਹਿਲ ਕਲਾਂ ਵਿਖੇ ਬੀਤੀ ਰਾਤ 11 ਵਜੇ ਦੇ ਕਰੀਬ ਯੋਗੀ ਫੀਲਿੰਗ ਸਟੇਸ਼ਨ ਦੇ ਬਿਲਕੁਲ ਸਾਹਮਣੇ ਇੱਕ ਕੰਬਾਈਨ ਅਤੇ ਤੇਜ਼ ਰਫ਼ਤਾਰ ਟਰੱਕ ਵਿਚਾਲੇ ਭਿਆਨਕ ਟੱਕਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ, ਬਰਨਾਲਾ ਸਾਈਡ ਤੋਂ ਆ ਰਹੀ ਕੰਬਾਈਨ (ਨੰਬਰ 295 8126), ਜਿਸ ਨੇ ਲੁਧਿਆਣਾ ਜਾਣਾ ਸੀ, ਅਚਾਨਕ ਪੈਟਰੋਲ ਪੰਪ ਦੇ ਸਾਹਮਣੇ ਆ ਕੇ ਰੁਕੀ ਸੀ। ਇਸੇ ਦੌਰਾਨ ਪਿੱਛੋਂ ਆ ਰਹੇ ਇੱਕ ਤੇਜ਼ ਰਫ਼ਤਾਰ ਟਰੱਕ (ਨੰਬਰ 13 4“ 3500) ਨੇ ਖੜੀ ਕੰਬਾਈਨ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਕੰਬਾਈਨ ਦੇ ਮਾਲਕ ਬਲਵੀਰ ਸਿੰਘ ਪੁੱਤਰ ਕਿਰਪਾਲ ਸਿੰਘ ਵਾਸੀ ਸਿੱਧਵਾਂ ਵੇਟ ਨੇ ਦੱਸਿਆ ਕਿ ਟੱਕਰ ਇੰਨੀ ਜ਼ਬਰਦਸਤ ਸੀ ਕਿ ਕੰਬਾਈਨ ਦਾ ਕਟਰ ਪੂਰੀ ਤਰ੍ਹਾਂ ਟੁੱਟ ਗਿਆ ਹੈ। ਇਸ ਹਾਦਸੇ ਵਿੱਚ ਲਗਭਗ ਢਾਈ ਤੋਂ ਤਿੰਨ ਲੱਖ ਰੁਪਏ ਦਾ ਮਾਲੀ ਨੁਕਸਾਨ ਹੋਣ ਦਾ ਅੰਦਾਜ਼ਾ ਹੈ। ਮਾਲਕ ਅਨੁਸਾਰ, ਕੰਬਾਈਨ ਨੂੰ ਦੁਬਾਰਾ ਠੀਕ ਕਰਨ ਵਿੱਚ 10 ਤੋਂ 15 ਦਿਨਾਂ ਦਾ ਸਮਾਂ ਲੱਗੇਗਾ, ਜਿਸ ਕਾਰਨ ਉਸ ਦੇ ਹਾੜੀ ਦੇ ਸੀਜ਼ਨ ਦੇ ਕੰਮ 'ਤੇ ਬਹੁਤ ਬੁਰਾ ਅਸਰ ਪਵੇਗਾ।

## ਰੇਲਵੇ ਯਾਤਰੀਆਂ ਦੀਆਂ ਲੱਗ ਗਈਆਂ ਮੌਜਾਂ !

ਨੈਸ਼ਨਲ ਡੈਸਕ 21 ਅਪ੍ਰੈਲ। ਭਾਰਤੀ ਰੇਲਵੇ ਨੇ ਰੋਜ਼ਾਨਾ ਸਫ਼ਰ ਕਰਨ ਵਾਲੇ ਯਾਤਰੀਆਂ ਲਈ ਇੱਕ ਵੱਡਾ ਤੋਹਫ਼ਾ ਦਿੱਤਾ ਹੈ। ਹੁਣ RailOne ਐਪ ਰਾਹੀਂ ਡਿਜੀਟਲ ਪੇਮੈਂਟ ਕਰਕੇ ਅਨ-ਰਿਜ਼ਰਵਡ ਟਿਕਟਾਂ ਬੁੱਕ ਕਰਨ 'ਤੇ ਯਾਤਰੀਆਂ ਨੂੰ 3 ਫੀਸਦੀ ਦੀ ਛੋਟ ਮਿਲੇਗੀ। ਇਹ ਛੋਟ ਭਾਵੇਂ ਦੇਖਣ ਵਿੱਚ ਘੱਟ ਲੱਗੇ, ਪਰ ਰੋਜ਼ਾਨਾ ਸਫ਼ਰ ਕਰਨ ਵਾਲੇ ਯਾਤਰੀਆਂ ਲਈ ਇਹ ਹਰ ਮਹੀਨੇ ਵੱਡੀ ਬੱਚਤ ਸਾਬਤ ਹੋਵੇਗੀ। ਇਹ ਡਿਸਕਾਊਂਟ ਕੇਵਲ ਉਨ੍ਹਾਂ ਟਿਕਟਾਂ 'ਤੇ ਹੀ ਮਿਲੇਗਾ ਜਿਨ੍ਹਾਂ ਦੀ ਬੁਕਿੰਗ UPI, ਡੈਬਿਟ ਕਾਰਡ, ਕ੍ਰੈਡਿਟ ਕਾਰਡ ਜਾਂ ਨੈੱਟ ਬੈਂਕਿੰਗ ਵਰਗੇ ਡਿਜੀਟਲ ਵਿਕਲਪਾਂ ਰਾਹੀਂ ਕੀਤੀ ਜਾਵੇਗੀ। ਯਾਤਰੀ ਇਸ ਸੁਵਿਧਾ ਦਾ ਲਾਭ 14 ਜੁਲਾਈ 2026 ਤੱਕ ਉਠਾ ਸਕਦੇ ਹਨ। ਇਸ ਕਦਮ ਨਾਲ ਨਾ ਸਿਰਫ਼ ਯਾਤਰੀਆਂ ਦਾ ਖਰਚਾ ਘਟੇਗਾ, ਸਗੋਂ ਡਿਜੀਟਲ ਮਾਧਿਅਮ ਰਾਹੀਂ ਟਿਕਟ ਬੁਕਿੰਗ ਨੂੰ ਵੀ ਹੁਲਾਰਾ ਮਿਲੇਗਾ। RailOne ਐਪ ਦੀ ਮਦਦ ਨਾਲ ਹੁਣ ਯਾਤਰੀਆਂ ਨੂੰ ਟਿਕਟ ਲੈਣ ਲਈ ਸਟੇਸ਼ਨ 'ਤੇ ਲੰਬੀਆਂ ਲਾਈਨਾਂ ਵਿੱਚ ਲੱਗਣ ਦੀ ਲੋੜ ਨਹੀਂ ਪਵੇਗੀ।

# ਜਲੰਧਰ 'ਚ ਬੇਖੌਫ ਲੁਟੇਰੇ: ਮਨੀ ਐਕਸਚੇਂਜ 'ਚ ਵੜ ਕੇ ਲੜਕੀ ਦੀ ਕੀਤੀ ਕੁੱਟਮਾਰ, 1.09 ਲੱਖ ਰੁਪਏ ਲੁੱਟੇ

ਜਲੰਧਰ 21 ਅਪ੍ਰੈਲ। ਪਟੇਲ ਚੌਕ ਦੇ ਕੋਲ ਹੀ ਸਥਿਤ ਮਨੀ ਐਕਸਚੇਂਜ ਦੀ ਦੁਕਾਨ ਵਿਚ ਸ਼ਾਮ ਲਗਭਗ 4.30 ਵਜੇ 2 ਨੌਜਵਾਨਾਂ ਨੇ ਦੁਕਾਨ ਵਿਚ ਕੰਮ ਕਰਨ ਵਾਲੀ ਲੜਕੀ ਨਾਲ ਕੁੱਟਮਾਰ ਕੀਤੀ ਅਤੇ ਗੱਲੇ ਵਿਚੋਂ ਕੈਸ਼ ਲੈ ਕੇ ਸਕੂਟਰੀ 'ਤੇ ਫ਼ਰਾਰ ਹੋ ਗਏ। ਘਟਨਾ ਤੋਂ ਬਾਅਦ ਮੌਕੇ 'ਤੇ ਏ. ਸੀ. ਪੀ. ਸੈਂਟਰਲ ਅਜੈ ਸਿੰਘ ਅਤੇ ਥਾਣਾ ਨੰਬਰ 2 ਦੀ ਪੁਲਸ ਦੇ ਨਾਲ ਸੀ. ਆਈ. ਏ. ਸਟਾਫ ਦੀ ਪੁਲਸ ਵੀ ਪਹੁੰਚੀ। ਵਾਰਦਾਤ ਦੁਕਾਨ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਵਿਚ ਕੈਦ ਹੋ ਗਈ। ਇਸ ਸਬੰਧੀ ਸ਼ਿਕਾਇਤ ਥਾਣਾ ਨੰਬਰ 2 ਦੀ ਪੁਲਸ ਨੂੰ ਵੀ ਦਿੱਤੀ ਗਈ ਹੈ ਅਤੇ ਪੀੜਤ ਧਿਰ ਥਾਣੇ ਵੀ ਪਹੁੰਚੀ। ਜਾਣਕਾਰੀ ਦਿੰਦਿਆਂ ਦੁਕਾਨ ਸੰਚਾਲਕ ਉਪਿੰਦਰ ਰਾਜਧਾਨ ਨੇ ਦੱਸਿਆ ਕਿ ਉਨ੍ਹਾਂ ਦੀ ਰਾਜ ਟੂਰ ਐਂਡ ਟ?ਰੈਵਲ ਕੰਪਨੀ ਹੈ ਅਤੇ ਦੁਕਾਨ ਵਿਚ ਉਨ੍ਹਾਂ ਕੋਲ ਕੰਮ ਕਰਨ ਵਾਲੀ ਲੜਕੀ ਸ਼ਾਮ ਨੂੰ ਦੁਕਾਨ ਵਿਚ ਸੀ। ਇੰਨੇ ਵਿਚ 2 ਨੌਜਵਾਨ, ਜਿਨ੍ਹਾਂ ਦੇ ਮੂੰਹ ਮਾਸਕ ਨਾਲ ਬੰਨ੍ਹੇ ਹੋਏ ਸਨ, ਦੁਕਾਨ ਵਿਚ ਆਏ ਅਤੇ ਆਉਂਦੇ ਹੀ ਲੜਕੀ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ ਅਤੇ ਉਸ ਦੀ ਬਾਂਹ ਫੜੀ ਅਤੇ ਗੱਲੇ ਵਿਚੋਂ 1 ਲੱਖ 9 ਹਜ਼ਾਰ ਰੁਪਏ ਦੀ ਨਕਦੀ ਲੁੱਟ ਕੇ ਫ਼ਰਾਰ ਹੋ ਗਏ। ਉਨ੍ਹਾਂ ਦਾ ਤੀਜਾ ਸਾਥੀ ਸਕੂਟਰੀ ਸਟਾਰਟ ਕਰ ਕੇ ਦੁਕਾਨ ਦੇ ਬਾਹਰ ਪਹਿਲਾਂ ਤੋਂ ਖੜ੍ਹਾ ਸੀ। ਤਿੰਨੋਂ ਮੌਕੇ ਤੋਂ ਸਕੂਟਰੀ 'ਤੇ ਸਵਾਰ ਹੋ ਕੇ ਫ਼ਰਾਰ ਹੋ ਗਏ। ਉਥੇ ਹੀ ਜਾਂਚ ਅਧਿਕਾਰੀ ਐੱਸ. ਆਈ. ਰਘੁਬੀਰ ਸਿੰਘ ਨੇ ਕਿਹਾ ਕਿ ਪੀੜਤ ਲੜਕੀ ਨੇ ਪੁਲਸ ਨੂੰ ਲਿਖਤੀ ਬਿਆਨ ਦਿੱਤੇ ਹਨ ਕਿ ਉਸ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਹਾਲੇ ਬਿਆਨ ਦਰਜ ਨਹੀਂ ਕਰਵਾ ਸਕਦੀ ਅਤੇ ਉਹ ਵੀਰਵਾਰ ਨੂੰ ਬਿਆਨ ਦੇਵੇਗੀ, ਜਿਸ ਕਾਰਨ ਪੁਲਸ ਨੇ ਕੇਸ ਦਰਜ ਨਹੀਂ ਕੀਤਾ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.



**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਸ਼੍ਰੋਮਣੀ ਪੰਜਾਬੀ ਸਾਹਿਤਕਾਰ ਗਿਆਨੀ ਬਲਵੰਤ ਸਿੰਘ ਕੋਠਾਗੁਰੂ



ਸਵਰਨਦੀਪ ਸਿੰਘ ਨੂਰ
ਮੋਬਾਈਲ : 75891-19192

ਇਹ ਕਥਨ ਅਕਸਰ ਚਰਚਾ ਵਿਚ ਰਹਿੰਦਾ ਹੈ ਕਿ ਸਿੱਖਾਂ ਨੇ ਇਤਿਹਾਸ ਬਣਾਇਆ ਤਾਂ ਬਹੁਤ ਹੈ ਪਰ ਉਸ ਨੂੰ ਸਾਂਭਿਆ ਨਹੀਂ। ਅਜਿਹੇ ਵਿਚ ਜਦੋਂ ਅਸੀਂ ਗਿਆਨੀ ਬਲਵੰਤ ਸਿੰਘ ਜੀ ਵਰਗੇ ਕੁਲ-ਵਕਤੀ ਸਿੱਖ ਇਤਿਹਾਸਕਾਰ ਵੱਲ ਵੇਖਦੇ ਹਾਂ ਤਾਂ ਕਿਤੇ ਨਾ ਕਿਤੇ ਉਪਰੋਕਤ ਕਥਨ ਝੂਠ ਜਾਪਦੇ ਹਨ। ਗਿਆਨੀ ਬਲਵੰਤ ਸਿੰਘ ਵਰਗੀ ਖਿੱਚ ਭਰਪੂਰ ਸ਼ਖ਼ਸੀਅਤ ਪਹਿਲੀ ਨਜ਼ਰੇ ਹੀ ਇਹ ਪ੍ਰਭਾਵ ਦਿੰਦੀ ਹੈ ਕਿ ਜਿਵੇਂ ਉਨ੍ਹਾਂ ਦਾ ਜਨਮ ਇਤਿਹਾਸ ਲਿਖਣ ਲਈ ਹੀ ਹੋਇਆ ਹੋਵੇ।

ਗਿਆਨੀ ਬਲਵੰਤ ਸਿੰਘ ਦਾ ਜਨਮ ਮਾਲਵੇ ਦੇ ਇਤਿਹਾਸਕ ਪਿੰਡ 'ਕੋਠਾਗੁਰੂ' ਵਿਖੇ 25 ਜੂਨ 1933 ਨੂੰ ਪਿਤਾ ਸ. ਬੁੱਘਾ ਸਿੰਘ ਮਾਨ ਤੇ ਮਾਤਾ ਵੀਰ ਕੌਰ ਦੇ ਘਰ, ਇਕ ਖੁਸ਼ਹਾਲ ਪਰਿਵਾਰ ਵਿਚ ਹੋਇਆ। ਇਨ੍ਹਾਂ ਦੇ ਪਿਤਾ ਜੀ ਇਲਾਕੇ ਦੇ ਮੰਨੇ ਹੋਏ ਪਹਿਲਵਾਨ ਸਨ। ਪਰ ਬਚਪਨ ਵਿਚ ਹੀ ਉਨ੍ਹਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਇਨ੍ਹਾਂ ਦੇ ਅਬੋਧ ਮਨ ਅੰਦਰ ਕਦੇ ਵੀ ਪਿਤਾ ਵਾਂਗ ਪਹਿਲਵਾਨੀ ਕਰਨ ਦੀ ਇੱਛਾ ਪੈਦਾ ਨਾ ਹੋਈ। ਉਸ ਸਮੇਂ ਪਿੰਡ ਵਿਚ ਸਕੂਲ ਨਾ ਹੋਣ ਕਾਰਨ ਆਰੰਭਿਕ ਵਿੱਦਿਆ ਪਿੰਡ ਦੇ ਹੀ ਡੇਰੇ ਤੋਂ ਉਚਕੋਟੀ ਦੇ ਉਸਤਾਦ 'ਸੰਤ ਬੈਰਾਗਪੁਰੀ' ਤੋਂ ਪ੍ਰਾਪਤ ਕੀਤੀ। ਉਨ੍ਹਾਂ ਕੋਲੋਂ ਗਿਆਨੀ ਜੀ ਨੇ ਪੌਰਾਣਿਕ ਹਿੰਦੀ ਸਾਹਿਤ ਦਾ ਅਧਿਐਨ ਕੀਤਾ। ਇਕ ਸਾਧੂ ਜੋ ਇਨ੍ਹਾਂ ਦੇ ਹੀ ਪਿੰਡ ਛੇ-ਸੱਤ ਮਹੀਨੇ ਰਿਹਾ ਉਸ ਪਾਸੋਂ 'ਪਿੰਗਲ ਦਾ ਗਿਆਨ ਹਾਸਲ ਕੀਤਾ।

ਗਿਆਨੀ ਬਲਵੰਤ ਸਿੰਘ ਜੀ ਨੇ ਗੁਰਬਾਣੀ ਦੀ ਸਿੱਖਿਆ ਅਮਰਗੜ੍ਹ ਤੋਂ ਪ੍ਰਾਪਤ ਕੀਤੀ। ਉਪਰੰਤ ਆਪ ਨੇ ਗੁਰਦੁਆਰਾ ਮਸਤੂਆਣਾ ਸਾਹਿਬ, ਤਲਵੰਡੀ ਸਾਬੋ ਤੋਂ 'ਸੂਰਜ ਪ੍ਰਕਾਸ਼', 'ਪ੍ਰਾਚੀਨ ਪੰਥ ਪ੍ਰਕਾਸ਼', 'ਭਾਈ ਗੁਰਦਾਸ', 'ਨਿਰਮਲ ਪੰਥ ਦਾ ਇਤਿਹਾਸ' ਤੇ ਹੋਰ ਕਈ ਪੁਰਾਤਨ ਸਿੱਖ ਗ੍ਰੰਥਾਂ ਦਾ ਨੀਝ ਨਾਲ ਅਧਿਐਨ ਕੀਤਾ। ਗਿਆਨ ਪ੍ਰਾਪਤੀ ਦੀ ਡੂੰਘੀ ਲਗਨ ਨੇ ਆਪ ਨੂੰ ਇੱਥੇ ਵੀ ਟਿਕਣ ਨਾ ਦਿੱਤਾ। ਸੋ ਇੱਥੋਂ ਆਪ ਕਾਸ਼ੀ ਵਿਖੇ 'ਸੰਸਕ੍ਰਿਤ ਮਹਾਂਵਿਦਿਆਲਾ, ਲਾਹੌਰੀ ਟੋਲਾ (ਬਨਾਰਸ) ਵਿਖੇ ਜਾ ਪਹੁੰਚੇ। ਉੱਥੇ ਆਪ ਨੇ ਪੁਰਾਤਨ ਸੰਸਕ੍ਰਿਤ ਅਤੇ ਪ੍ਰਾਚੀਨ ਭਾਰਤੀ ਗ੍ਰੰਥਾਂ ਦੇ ਡੂੰਘੇ ਅਧਿਐਨ ਲਈ ਸੰਸਕ੍ਰਿਤ ਦੀ ਵਿੱਦਿਆ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਬ੍ਰਜ ਭਾਸ਼ਾ, ਹਿੰਦੀ, ਉਰਦੂ ਅਤੇ ਫ਼ਾਰਸੀ ਦੀ ਸਿੱਖਿਆ ਵੀ ਪ੍ਰਾਪਤ ਕੀਤੀ। ਨੀਤੀ ਸਾਹਿਤ, ਵੇਦਾਂਤ, ਕਾਵਿ, ਹਿੰਦੂ ਧਰਮ ਦਰਸ਼ਨ, ਬੋਧ ਧਰਮ, ਸਿੱਖ ਧਰਮ ਦਰਸ਼ਨ ਅਤੇ ਪ੍ਰਚਲਿਤ ਸਭ ਧਰਮਾਂ ਦੇ ਇਤਿਹਾਸ ਤੇ ਮਿਥਿਹਾਸ ਦਾ ਗਹਿਰਾ ਅਧਿਐਨ ਕੀਤਾ।

*ਗਿਆਨੀ ਜੀ ਸਫ਼ਲ ਵਿਆਖਿਆਕਾਰ ਤੇ ਨਿਪੁੰਨ ਵਕਤਾ ਵੀ ਹਨ। ਆਪ ਦੀ ਬੋਲੀ ਦਾਰਸ਼ਨਿਕ ਤੇ ਮਧੁਰ ਹੈ। ਇਤਿਹਾਸ, ਮਿਥਿਹਾਸ ਨੂੰ ਲੈਕੇ ਕਿਸੇ ਵੀ ਸੰਸੇ ਦਾ ਨਿਵਾਰਣ ਗਿਆਨੀ ਜੀ ਕੋਲੋਂ ਸਹਿਜੇ ਹੀ ਕੀਤਾ ਜਾ ਸਕਦਾ ਹੈ...*

14 ਸਾਲ ਦੀ ਉਮਰ ਵਿਚ ਆਪ ਦੀ ਪਹਿਲੀ ਕਵਿਤਾ 'ਸਿੰਘ ਨੂੰ ਹਲੂਣਾ' 'ਨਿਹੰਗ ਸਿੰਘ ਸੰਦੇਸ਼' ਨਾਮੀ ਮਾਸਕ ਪੱਤਰ ਵਿਚ ਛਪੀ। ਇੱਥੋਂ ਗਿਆਨੀ ਜੀ ਦੇ ਅੰਦਰਲੇ ਲੇਖਕ ਨੇ ਪਰਵਾਜ਼ ਭਰੀ ਅਤੇ ਆਪ ਦੁਆਰਾ ਸਿੱਖ ਇਤਿਹਾਸ, ਸੰਤਾਂ ਮਹਾਂਪੁਰਸ਼ਾਂ ਦਾ ਜੀਵਨ ਤੇ ਕਵਿਤਾਵਾਂ ਦਾ ਨਿਰੰਤਰ ਸਿਲਸਿਲਾ ਰੋਜ਼ਾਨਾ ਅਖ਼ਬਾਰਾਂ, ਮਾਸਿਕ ਪੱਤ੍ਰਿਕਾਵਾਂ ਵਿਚ ਸ਼ੁਰੂ ਹੋਇਆ। 1955 ਵਿਚ ਆਪ ਜੀ ਦੀ ਪਹਿਲੀ ਕਿਤਾਬ 'ਅਦੁੱਤੀ ਸੇਵਕ' (ਜੀਵਨੀ ਜਥੇਦਾਰ ਦਿਆਲ ਸਿੰਘ ਪ੍ਰਵਾਨਾ) ਛਪ ਕੇ ਆਈ। 1958 ਵਿਚ ਆਪ ਜੀ ਨੇ ਆਪਣੀ ਖੋਜੀ ਬਿਰਤੀ ਦੇ ਆਧਾਰ ਤੇ 'ਤਖ਼ਤ ਸ੍ਰੀ ਦਮਦਮਾ ਸਾਹਿਬ' ਨਾਮੀ ਕਿਤਾਬ ਲਿਖੀ ਜਿਸ ਵਿਚ ਆਪ ਜੀ ਨੇ ਪਹਿਲੀ ਵਾਰ ਸਿੱਖ ਸੰਗਤਾਂ ਸਾਹਮਣੇ ਸੈਂਕੜੇ ਤਰ੍ਹਾਂ ਦੇ ਪ੍ਰਮਾਣ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਛਰਨ-ਛੋਹ ਪ੍ਰਾਪਤ ਇਸ ਮਹਾਨ ਇਤਿਹਾਸਕ ਅਸਥਾਨ ਨੂੰ 'ਤਖ਼ਤ' ਸਿੱਧ ਕੀਤਾ। ਗਿਆਨੀ ਜੀ ਦੁਆਰਾ ਕੀਤੀ ਡੂੰਘੀ ਖੋਜ ਤੋਂ ਬਾਅਦ ਸੰਤ ਫਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਹੋਰਾਂ ਦੁਆਰਾ ਕੀਤੀ ਪਹਿਲ ਸਦਕਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਵੱਲੋਂ ਇਸ ਸਥਾਨ ਨੂੰ 'ਤਖ਼ਤ ਸ੍ਰੀ ਦਮਦਮਾ ਸਾਹਿਬ' ਦੇ ਰੂਪ ਵਿਚ ਮਾਨਤਾ ਦਿੱਤੀ ਗਈ। ਤਖ਼ਤ ਸ੍ਰੀ ਦਮਦਮਾ ਸਾਹਿਬ, ਗੁਰੂ ਕੀ ਕਾਸ਼ੀ ਬਾਰੇ ਗਿਆਨੀ ਬਲਵੰਤ ਸਿੰਘ ਨੇ ਪੰਜ ਗ੍ਰੰਥ ਰੂਪੀ ਕਿਤਾਬਾਂ ਲਿਖ ਕੇ ਡੂੰਘਾ ਖੋਜ-ਕਾਰਜ ਕੀਤਾ। ਗਿਆਨੀ ਜੀ ਨੇ ਹੁਣ ਤਕ ਦੋ ਦਰਜਨ ਦੇ ਕਰੀਬ ਕਿਤਾਬਾਂ ਅਤੇ ਮਾਲਵੇ ਦੇ ਅੱਧੀ ਦਰਜਨ ਗੁਰਦੁਆਰਿਆਂ ਦਾ ਇਤਿਹਾਸ ਲਿਖਿਆ ਹੈ। ਇਸ ਤੋਂ ਇਲਾਵਾ ਗਿਆਨੀ ਜੀ ਵੱਲੋਂ ਲਿਖਤ ਇਕ ਦਰਜਨ ਦੇ ਕਰੀਬ ਕਿਤਾਬਾਂ ਅਜੇ ਅਪ੍ਰਕਾਸ਼ਿਤ ਹਨ।



ਜਿੰਨਾਂ ਵਿੱਚੋਂ ਇਕ ਕਿਤਾਬ 'ਗੁਰਬਾਣੀ ਅਤੇ ਵੇਦਾਂਤ ਨਿਰਣੈ' ਪ੍ਰੈੱਸ ਵਿਚ ਛਪਾਈ ਅਧੀਨ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ 'ਇਨਸਾਈਕਲੋਪੀਡੀਆ ਆਫ ਸਿੱਖਇਜ਼ਮ' ਵਿਚ ਆਪ ਜੀ ਦੇ ਬਹੁਤ ਸਾਰੇ ਲੇਖ ਸ਼ਾਮਿਲ ਹਨ। ਗਿਆਨੀ ਜੀ ਨੂੰ ਮਿਲੇ ਇਨਾਮਾਂ ਸਨਮਾਨਾਂ ਦੀ ਇਕ ਲੰਬੀ ਲੜੀ ਹੈ। ਸਰਵ ਪ੍ਰਥਮ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਖੋਜ ਕਰਨ ਬਦਲੇ 13 ਅਪ੍ਰੈਲ 1967 ਨੂੰ ਤਖ਼ਤ ਸਾਹਿਬ ਦੇ ਤਤਕਾਲੀ ਹੈੱਡ ਗ੍ਰੰਥੀ ਗਿਆਨੀ ਚੰਨਣ ਸਿੰਘ ਨੇ 'ਸਾਹਿਤ ਸ਼ਾਸਤਰੀ ਪੁਰਸਕਾਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ 19 ਅਪ੍ਰੈਲ 1997 ਨੂੰ 'ਭਾਈ ਮਹਾਰਾਜ ਸਿੰਘ ਪੁਰਸਕਾਰ ਦਿੱਤਾ ਗਿਆ, ਸਬ ਡਿਵਿਜ਼ਨ ਰਾਮਪੁਰਾ ਫੂਲ ਵੱਲੋਂ 15 ਅਗਸਤ 2001 ਨੂੰ 'ਸਾਹਿਤਕ ਸੇਵਾ ਪ੍ਰਸੰਸਾ ਪੱਤਰ', ਮਾਲਵਾ ਹੈਰੀਟੇਜ਼ ਫਾਊਂਡੇਸ਼ਨ ਬਠਿੰਡਾ ਵੱਲੋਂ 6 ਨਵੰਬਰ 2005 ਨੂੰ 'ਸਾਹਿਤ ਰਤਨ ਪੁਰਸਕਾਰ', ਸਿਰਜਣਧਾਰਾ ਲੁਧਿਆਣਾ ਵੱਲੋਂ 'ਭਾਈ ਕ੍ਰਿਪਾਲ ਸਿੰਘ ਖ਼ਾਲਸਾ ਪੁਰਸਕਾਰ', ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਵੱਲੋਂ 5 ਅਪ੍ਰੈਲ 2005 ਨੂੰ ਸਿਰਪਾਉ ਤੇ ਸਿਮਰਤੀ ਚਿੰਨ੍ਹ, ਬਾਬਾ ਵਿਰਸਾ ਸਿੰਘ ਮੈਮੋਰੀਅਲ ਟਰੱਸਟ ਗੋਬਿੰਦ ਸਦਨ ਨਵੀਂ ਦਿੱਲੀ ਵੱਲੋਂ 19 ਅਕਤੂਬਰ 2008 ਨੂੰ 'ਹਿਸਟੋਰੀਅਨ' ਐਵਾਰਡ, ਪੰਜਾਬੀ ਯੂਨੀਵਰਸਿਟੀ ਨੇ ਬਰਹੁੱਡ ਕੈਂਪਸ ਰਾਮਪੁਰਾ ਫੂਲ ਵੱਲੋਂ 'ਗੁਰੂ ਗ੍ਰੰਥ ਸਾਹਿਬ' ਜੀ ਦੇ ਤਿੰਨ ਸੌ ਸਾਲਾ ਗੁਰਤਾ ਗੱਦੀ ਪੂਰਵ ਤੇ ਵਿਸ਼ੇਸ਼ ਸਨਮਾਨ, ਲੇਖਕ-ਪਾਠਕ ਮੰਚ ਮਾਨਸਾ ਵੱਲੋਂ 26 ਅਕਤੂਬਰ 2008 ਨੂੰ ਸਨਮਾਨ ਅਤੇ 'ਸੰਤ' ਦੀ ਉਪਾਧੀ, ਮਲਵਈ ਪੰਜਾਬੀ ਸੱਥ ਲਾਂਬੜਾ ਦੀ ਇਕਾਈ 'ਮੰਡੀ ਕਲਾਂ' ਵੱਲੋਂ 2 ਫਰਵਰੀ 2009 ਨੂੰ 'ਭਾਈ ਕਾਨ੍ਹ ਸਿੰਘ ਨਾਭਾ' ਪੁਰਸਕਾਰ ਪ੍ਰਦਾਨ ਕੀਤਾ ਗਿਆ।

ਧਰਮ ਦਰਸ਼ਨ ਤੇ ਭਾਰਤੀ ਧਰਮਾਂ ਦੇ ਇਤਿਹਾਸ -ਮਿਥਿਹਾਸ ਦੀ ਖੋਜ ਵਿਚ ਬਤੀਤ ਕਰਨ ਵਾਲੇ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਨੂੰ ਪੰਜਾਬ ਸਰਕਾਰ ਵੱਲੋਂ ਇਸੇ ਸਾਲ 12 ਮਾਰਚ 2016 ਨੂੰ ਭਾਸ਼ਾ ਵਿਭਾਗ ਪਟਿਆਲਾ ਵਿਖੇ ਵੱਖ-ਵੱਖ ਵਿਦਵਾਨਾਂ ਦੇ ਸਨਮਾਨ ਸਮੇਂ ਕਰਵਾਏ ਸਮਾਗਮ ਵਿਚ ਸਨਮਾਨ ਚਿੰਨ੍ਹ, ਪ੍ਰਸ਼ੰਸਾ ਪੱਤਰ, ਸ਼ਾਲ ਅਤੇ ਪੰਜ ਲੱਖ ਰੁਪਏ ਨਕਦ ਦਾ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਦੀ ਵਡਮੁੱਲੀ ਖੋਜੀ ਬਿਰਤੀ ਤੋਂ ਪਾਠਕਾਂ ਤੇ ਸਮਕਾਲੀ ਵਿਦਵਾਨਾਂ ਨੂੰ ਹੋਰ ਵੱਡੀਆਂ ਆਸਾਂ ਹਨ। •

## ਗ਼ਜ਼ਲਾਂ



ਬਹੁਤ ਦਿਨਾਂ ਤੋਂ ਹੱਸਿਆ ਹਾਂ ਨਾ ਰੋਇਆ ਹਾਂ।
ਗਹਿਰੀ ਚੁੱਪ ਦੇ ਅੰਦਰ ਆਣ ਖਲੋਇਆ ਹਾਂ।

ਨਾ ਪੜ੍ਹਿਆ ਤੇ ਨਾ ਹੀ ਲਿਖਿਆ ਗੀਤ ਕੋਈ,
ਬੱਚੇ ਪਾਲ਼ੇ ਕੰਮ ਸੰਭਾਲ਼ੇ ਰੋਜ਼ਗਾਰ ਦਾ ਹੋਇਆ ਹਾਂ।

ਦਿਲ ਕਰਦਾ ਕੁਝ ਕਹਿਣ ਸੁਣਨ ਨੂੰ ਪਰ ਕਿੰਜ ਆਖਾਂ,
ਲਾਵਾ ਸੂਕੇ, ਕੋਇਲ ਕੂਕੇ ਦਲਦਲ ਵਿਚ ਸਮੋਇਆ ਹਾਂ।

ਤਨ ਤੋਂ ਨੰਗਾ, ਮਨ ਵਿਚ ਰੰਗਾ, ਹਾਂ ਬੇਸਮਝ ਜਿਹਾ
ਅੱਲ੍ਹਾ ਆਖੇ ਡਰਦਾ ਕਾਹਤੋਂ ਤੇਰੇ ਨਾਲ ਖਲੋਇਆ ਹਾਂ।

ਲੈ ਫੜ ਮੇਰੀ ਅਰਜ਼ੀ ਮੌਲਾ ,'ਲੱਗ ਕਰ ਦੇ ਦੁੱਧ ਪਾਣੀ ਨੂੰ
ਕਿੰਨਾ ਤੈਥੋਂ ਬਾਹਰ ਹਾਂ ਮੈਂ, ਕਿੰਨਾ ਵਿਚ ਸਮੋਇਆ ਹਾਂ।

ਮਰ ਜਾਣੇ 'ਗੁਰਮਾਨ' ਦੀ ਅੱਲਾ ਸੁਣ ਲੈ ਰਾਮ ਕਹਾਣੀ ਨੂੰ,
ਲੈ ਕੇ ਚਾਰ ਭਰਾਵਾਂ ਨੂੰ ਅੱਜ ਦਰ ਤੇਰੇ ਦਾ ਹੋਇਆ ਹਾਂ।

• ਗੁਰਮਾਨ ਸੈਣੀ

ਸਾਡੇ ਸਿਰ 'ਤੇ ਗ਼ਮ ਦਾ ਰਹਿੰਦਾ ਸਾਇਆ ਹੈ।
ਇਹੋ ਸਾਡੇ ਵਿਰਸੇ ਦੇ ਵਿਚ ਆਇਆ ਹੈ।

ਜਿਸ ਨੇ ਸਾਡੇ ਦਿਲ ਦਾ ਚੈਨ ਚੁਰਾਇਆ ਹੈ।
ਉਸ ਨੇ ਮੁੜ ਨਾ ਫੇਰਾ ਪਾਇਆ ਹੈ।

ਦਰਦ ਉਦਾਸੀ ਹੰਝੂ, ਹਉਕੇ, ਤਨਹਾਈ,
ਇਹੋ ਸਾਡੇ ਜੀਵਨ ਦਾ ਸਰਮਾਇਆ ਹੈ।

ਪੀ ਕੇ ਖ਼ੂਨ ਜਿਗਰ ਦਾ ਬੈਠੇ ਚੁੱਪ ਅਸੀਂ,
ਸੱਜਣਾ ਐਸਾ ਮੂੰਹ ਨੂੰ ਜੰਦਰਾ ਲਾਇਆ ਹੈ।

ਹੁਣ ਕੋਈ ਵੀ ਮਹਿਫ਼ਲ ਚੰਗੀ ਲੱਗਦੀ ਨਾ,
ਕਿਸਮਤ ਨੇ ਅੱਜ ਕੈਸਾ ਰੂਪ ਵਟਾਇਆ ਹੈ।

ਯਾਦਾਂ ਵਾਲਾ ਝੁਰਮਟ ਜਦ ਵੀ ਪਾਉਂਦਾ ਹੈ,
ਜੀ ਆਇਆਂ ਕਹਿ ਕੇ ਅਸੀਂ ਬਿਠਾਇਆ ਹੈ।

ਲੱਖ ਵਾਰ ਭੁਲਾਇਆਂ ਵੀ ਨਹੀਂ ਭੁੱਲ ਸਕਦਾ,
ਜਿਹੜਾ ਸਾਡੇ ਦਿਲ ਦੇ ਵਿਚ ਸਮਾਇਆ ਹੈ।



• ਬਲਦੇਵ ਸਿੰਘ 'ਬੱਦਨ', ਮੋਬਾਈਲ : 99588-31357

ਤੇਲ ਬਰੂਹੀ ਚੋ ਕੇ ਜੀ ਆਇਆ ਲਿਖਵਾ ਕੇ ਰੱਖੀਂ ਤੂੰ।
ਆਖਰ ਨੂੰ ਉਸ ਮੁੜ ਹੀ ਆਉਣਾ ਆਸ ਬਣਾ ਕੇ ਰੱਖੀਂ ਤੂੰ।

ਬਹੁਤੇ ਗੁੱਸੇ ਰੋਸੇ ਵੀ ਤਾਂ ਆਪਣਿਆਂ 'ਤੇ ਹੁੰਦੇ ਨੇ,
ਲਾਉਂਦੇ ਚੋਟਾਂ ਯਾਰ ਕਰੀਬੀ, ਦਿਲ 'ਤੇ ਨਾ ਲਾ ਕੇ ਰੱਖੀਂ ਤੂੰ।

ਜਿਹੜਾ ਯਾਰ ਖ਼ੁਦਾ ਵਰਗਾ, ਤੂੰ ਬਹੁਤਾ ਉਸ ਨੂੰ ਪਰਖੀਂ ਨਾ,
ਉੱਚਾ ਥੰਮ ਯਕੀਨ ਦਾ ਯਾਰਾ ਆਪ ਬਣਾ ਕੇ ਰੱਖੀਂ ਤੂੰ।

ਉਸ ਦੇ ਸਾਹਾਂ ਦੀ ਤਾਂ ਖ਼ੁਸ਼ਬੂ ਮਿਲ ਜਾਂਦੀ ਹੈ ਪੌਣਾ ਤੋਂ,
ਜਿਸ ਰਸਤੇ ਉਸ ਆਉਣਾ ਉੱਥੇ ਨੈਣ ਵਿਛਾ ਕੇ ਰੱਖੀਂ ਤੂੰ।

ਸੱਚ ਦੇ ਸਾਹਵੇਂ ਖੜ੍ਹਨਾ ਵੀ ਤਾਂ ਔਖਾ ਹੁੰਦਾ ਯਾਰ ਮਿਰੇ,
ਆਖਿਰ ਝੰਡਾ ਜਿੱਤ ਦਾ ਝੂਲੇ ਪੈਰ ਜਮਾ ਕੇ ਰੱਖੀਂ ਤੂੰ।



• ਪਵਿੱਤਰ ਕੌਰ ਮਾਟੀ, ਮੋਬਾਈਲ : 99142-10315

# ਸੂਫ਼ੀਮਤ ਅਤੇ ਸੂਫ਼ੀ ਸਾਹਿਤ ਦਾ ਗੰਭੀਰ ਚਿੰਤਨ ਕਰਦੀ ਪੁਸਤਕ

• ਡਾ. ਬਲਵਿੰਦਰ ਸਿੰਘ ਥਿੰਦ

ਸੂਫ਼ੀਮਤ ਅਤੇ ਸੂਫ਼ੀ ਸਿਧਾਂਤ ਉਨ੍ਹਾਂ ਮੁਸਲਮਾਨਾਂ, ਸੰਤ, ਫਕੀਰਾਂ ਦੇ ਭਗਤੀ ਮਾਰਗ ਨਾਲ ਸੰਬੰਧ ਰੱਖਦੇ ਸੰਕਲਪ ਹਨ ਜਿਹੜੇ ਮੁਸਲਮਾਨੀ ਹਾਕਮਾਂ, ਰਾਜਿਆਂ, ਕਾਜ਼ੀਆਂ ਦੇ ਕਰਮਕਾਂਡ ਅਤੇ ਜਬਰ-ਜ਼ੁਲਮ ਵਾਲੀ ਨੀਤੀ ਤੋਂ ਬਾਗੀ ਹੋ ਚੁੱਕੇ ਸਨ। ਇਸਲਾਮ ਧਰਮ ਕੁਦਰਤੀ ਤੌਰ ਉੱਤੇ ਮਾਰੂਥਲ ਦੇ ਖੁਸ਼ਕ ਇਲਾਕੇ ਵਿਚ ਪੈਦਾ ਹੋਇਆ ਤੇ ਪ੍ਰਵਾਨ ਚੜ੍ਹਿਆ ਹੈ। ਇਸ ਲਈ ਕੁਦਰਤ ਦੀ ਸੁੰਦਰਤਾ ਮਾਨਣ ਦੀ ਰੀਝ ਇਸਲਾਮ ਧਰਮ ਵਿਚ ਬਹੁਤ ਘੱਟ ਹੈ। ਕੁਝ ਰਜਵਾੜਿਆਂ ਵਿਚ ਧਾਰਮਿਕ ਕੱਟੜਤਾ ਅਤੇ ਆਪਣੇ ਧਰਮ ਲਈ ਸੰਕੀਰਣ ਸੋਚ ਵਰਗੇ ਪੱਖ ਵੀ ਵੇਖਣ ਨੂੰ ਮਿਲਦੇ ਰਹੇ ਹਨ। ਇਸਲਾਮ ਦੀ ਇਸ ਕਿਸਮ ਦੀ ਕੱਟੜ ਪ੍ਰਥਾ ਤੋਂ ਵਿਰੋਧ ਕਰਕੇ ਜਿਹੜੇ ਸੰਤਾਂ, ਫਕੀਰਾਂ ਨੇ ਨਿਰੋਲ ਰੱਬੀ ਪਿਆਰ ਅਤੇ ਮਨੁੱਖਤਾ ਦੇ ਕਲਿਆਣ ਦਾ ਮਾਰਗ ਧਾਰਨ ਕੀਤਾ, ਉਨ੍ਹਾਂ ਮੁਸਲਮਾਨ ਸੰਤਾਂ, ਫਕੀਰਾਂ, ਦਰਵੇਸ਼ਾਂ ਨੂੰ 'ਸੂਫ਼ੀ' ਕਿਹਾ ਜਾਣ ਲੱਗ ਪਿਆ। ਇਸ ਤਰ੍ਹਾਂ ਇਸਲਾਮ ਦੇ ਜਨਮ ਦੇ ਨਾਲ ਹੀ ਸੂਫ਼ੀਮਤ ਦਾ ਆਰੰਭ ਹੋਇਆ ਹੈ। ਪੰਜਾਬੀ ਰੂਹਾਨੀਅਤ ਸਾਹਿਤ ਵਿਚ ਸੂਫ਼ੀ ਸਾਹਿਤ ਦੀ ਅਹਿਮ ਅਤੇ ਇਤਿਹਾਸਕ ਭੂਮਿਕਾ ਰਹੀ ਹੈ। ਸੂਫ਼ੀਆਂ ਦੇ ਰੱਬੀ ਪ੍ਰੇਮ, ਲਗਾਓ ਅਤੇ ਸਮਰਪਣ ਦਾ ਪੰਜਾਬੀ ਸੱਭਿਆਚਾਰ ਹੈ। ਬਹੁਤੇ ਵਿਦਵਾਨਾਂ ਦੀ ਸਾਂਝੀ ਰਾਇ ਮੁਤਾਬਿਕ ਪੰਜਾਬੀ ਭਾਸ਼ਾ ਵਿਚ ਸੂਫ਼ੀ ਕਾਵਿ ਦਾ ਸੰਸਥਾਪਕ ਬਾਬਾ ਫ਼ਰੀਦ ਜੀ ਨੂੰ ਮੰਨਿਆ ਜਾਂਦਾ ਹੈ।

ਸੂਫ਼ੀਮਤ ਬਾਰੇ ਖੋਜ ਕਰਨ ਵਾਲੇ ਪੰਜਾਬੀ ਵਿਦਵਾਨਾਂ ਦੀ ਇਕ ਲੰਮੀ ਸੂਚੀ ਹੈ ਪਰ ਪ੍ਰੋ. ਗੁਰਚਰਨ ਸਿੰਘ ਤਲਵਾੜਾ ਨੇ ਥੋੜ੍ਹੇ ਸਮੇਂ ਵਿਚ ਸੂਫ਼ੀਮਤ, ਸੂਫ਼ੀ ਵਿਚਾਰਧਾਰਾ ਅਤੇ ਸੂਫ਼ੀ ਸਾਹਿਤ ਬਾਰੇ ਜ਼ਿਕਰਯੋਗ ਖੋਜ ਕਰ ਕੇ ਮੁੱਲਵਾਨ ਪੁਸਤਕਾਂ ਦੀ ਪ੍ਰਕਾਸ਼ਨਾ ਕਰਵਾਈ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਵਿਚ ਇਸਲਾਮ, ਸੂਫ਼ੀਮਤ, ਸੂਫ਼ੀ ਕਵੀਆਂ ਅਤੇ ਸੂਫ਼ੀ ਸਾਹਿਤ ਬਾਰੇ ਖੋਜ ਦੇ ਖੇਤਰ ਵਿਚ ਪ੍ਰੋ. ਗੁਰਚਰਨ ਸਿੰਘ ਤਲਵਾੜਾ ਦਾ ਨਾਂ ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਮੋਹਰਲੀ ਕਤਾਰ ਵਿਚ ਆਉਂਦਾ ਹੈ। ਪ੍ਰੋ. ਤਲਵਾੜਾ ਵੱਲੋਂ ਕੀਤੀ ਸੂਫ਼ੀਮਤ ਅਤੇ ਇਸਲਾਮ ਬਾਰੇ ਖੋਜ ਭਰਪੂਰ ਕਾਰਜ ਦੀ ਪ੍ਰਮਾਣਿਕਤਾ ਦਾ ਰਹੱਸ ਉਨ੍ਹਾਂ ਦਾ ਕਈ ਦਹਾਕਿਆਂ ਦਾ ਵਿਹਾਰਕ ਜੀਵਨ ਅਨੁਭਵ, ਨਿਰੰਤਰ ਸਾਧਨਾ ਅਤੇ ਗਹਿਨ ਅਧਿਐਨ ਕਾਰਜਸ਼ੀਲ ਹੈ। ਅਧਿਐਨ ਦੀ ਗੰਭੀਰਤਾ ਨੂੰ ਵੇਖਦਿਆਂ ਪ੍ਰੋ. ਤਲਵਾੜਾ ਦੀ ਹਾਲਤ 'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ' ਵਾਲੀ ਜਾਪਦੀ ਹੈ। ਪ੍ਰੋ. ਤਲਵਾੜਾ ਕਿੱਤੇ ਵਜੋਂ ਸਰਕਾਰੀ ਕਾਲਜ ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਤੌਰ ਇਤਿਹਾਸ ਦੇ ਪ੍ਰੋਫ਼ੈਸਰ ਹੈ ਪਰ ਪੰਜਾਬੀ ਸਾਹਿਤ ਨਾਲ ਅਤੇ ਵਿਸ਼ੇਸ਼ ਕਰਕੇ ਸੂਫ਼ੀ ਸਾਹਿਤ ਨਾਲ ਉਨ੍ਹਾਂ ਦਾ ਡੂੰਘਾ ਲਗਾਓ ਹੈ। ਇਸ ਲਗਾਓ ਦੀ ਪ੍ਰਤੀਤੀ ਅਤੇ ਇਤਿਹਾਸ ਦੇ ਪ੍ਰੋਫ਼ੈਸਰ ਹੋਣ ਕਰਕੇ ਉਨ੍ਹਾਂ ਦੁਆਰਾ ਸੂਫ਼ੀਮਤ ਬਾਰੇ ਕੀਤੀ ਖੋਜ ਤਰਕ ਅਤੇ ਦਲੀਲ ਭਰਪੂਰ ਹੈ।

ਪ੍ਰੋ. ਗੁਰਚਰਨ ਸਿੰਘ ਤਲਵਾੜਾ ਦੁਆਰਾ ਪ੍ਰਕਾਸ਼ਿਤ ਸੱਤਵੀਂ ਪੁਸਤਕ ਉਨ੍ਹਾਂ ਦੁਆਰਾ ਰਚਿਤ ਪਹਿਲੀ ਪੁਸਤਕ ਦੀ ਹੀ ਸੋਧੀ ਅਤੇ ਵਧਾਈ ਹੋਈ ਐਡੀਸ਼ਨ ਹੈ। ਇਸ ਪੁਸਤਕ ਵਿਚ ਲੇਖਕ ਦੁਆਰਾ ਰਚਿਤ ਕ੍ਰਮਵਾਰ ਅਧਿਆਇ ਹਨ। ਸੂਫ਼ੀਮਤ : ਜਨਮ, ਨਿਕਾਸ ਅਤੇ ਵਿਕਾਸ, ਭਾਰਤ ਵਿਚ ਸੂਫ਼ੀਮਤ ਅਤੇ ਸੂਫ਼ੀ ਸਿਲਸਿਲੇ, ਸੂਫ਼ੀਮਤ : ਵਿਚਾਰਧਾਰਾ ਦੇ ਪ੍ਰਮੁੱਖ ਪਹਿਲੂ, ਸੂਫ਼ੀ ਦਰਵੇਸ਼ਾਂ ਦਾ ਯੋਗਦਾਨ




ਅਤੇ ਪ੍ਰਭਾਵ, ਸੂਫ਼ੀਆਂ ਦੇ ਪੈਗ਼ਾਮ ਦੀ ਵਰਤਮਾਨ ਪ੍ਰਸੰਗਿਕਤਾ ਅਤੇ ਭਾਰਤੀ ਪੰਜਾਬ ਦੇ ਪ੍ਰਸਿੱਧ ਸੂਫ਼ੀ ਦਰਬਾਰਾਂ ਬਾਰੇ ਖੋਜ ਭਰਪੂਰ ਅਧਿਆਇ ਹਨ। ਪੁਸਤਕ ਦੇ ਅੰਤ ਵਿਚ ਖੋਜ ਭਰਪੂਰ ਕਾਰਜ ਦੀ ਪ੍ਰਸੰਗਿਕਤਾ ਦਰਸਾਉਂਦੇ ਹਵਾਲੇ ਅਤੇ ਟਿੱਪਣੀਆਂ, ਚੋਣਵੀਂ ਪਰਿਭਾਸ਼ਿਕ ਸ਼ਬਦਾਵਲੀ ਅਤੇ ਸਹਾਇਕ ਪੁਸਤਕ ਸੂਚੀ ਦਿੱਤੀ ਗਈ ਹੈ। ਲੇਖਕ ਨੇ ਉਕਤ ਸਾਰੇ ਪ੍ਰਸੰਗਾਂ ਨੂੰ ਅੱਗੇ ਉਪ ਅਧਿਆਇਆਂ ਵਿਚ ਵੰਡ ਕੇ ਸੂਫ਼ੀਮਤ ਅਤੇ ਵਿਚਾਰਧਾਰਾ ਦੀ ਹਰੇਕ ਤੰਦ ਨੂੰ ਬਾਰੀਕੀ ਨਾਲ ਕੱਤਿਆ ਹੈ। ਨੈਤਿਕ ਕਦਰਾਂ-ਕੀਮਤਾਂ,ਇਖ਼ਲਾਕ, ਸਦਾਚਾਰ, ਸਵੈਮਾਣ, ਸਦਭਾਵਨਾ ਆਦਿ ਸਦ ਗੁਣਾਂ 'ਤੇ ਉਸਰੇ ਮਾਡਲ ਨੂੰ 'ਧਰਮ' ਕਿਹਾ ਜਾਂਦਾ ਹੈ। ਦਰਅਸਲ ਧਰਮ ਮਨੁੱਖ ਦੀ ਜੀਵਨ ਜਾਚ ਨਿਰਧਾਰਿਤ ਕਰਦਾ ਹੈ। ਵਿਸ਼ਵ ਧਰਮਾਂ ਦਾ ਜਦੋਂ ਅਧਿਐਨ ਕਰਦੇ ਹਾਂ ਤਾਂ ਇਸਲਾਮ ਧਰਮ ਦਾ ਨਾਮ ਗਿਣਤੀ ਅਤੇ ਗੁਣਾਂ ਦੇ ਪੱਖੋਂ ਜ਼ਿਕਰਯੋਗ ਹੈ। ਜਿਹੜੀ ਕਲਾ ਜੀਵਨ ਦੇ ਗਰਾਫ਼ ਨੂੰ ਸਾਰਥਿਕਤਾ ਪ੍ਰਦਾਨ ਨਹੀਂ ਕਰਦੀ ਉਹ ਕਲਾ ਬੇਕਾਰ ਹੈ। ਪ੍ਰੋ. ਤਲਵਾੜਾ ਵੱਲੋਂ 'ਸੂਫ਼ੀਆਂ ਦੇ ਪੈਗ਼ਾਮ ਦੀ ਵਰਤਮਾਨ ਪ੍ਰਸੰਗਿਕਤਾ' ਦਾ ਜਿਹੜਾ ਮਾਡਲ ਉਸਾਰਿਆ ਗਿਆ ਹੈ, ਉਹ ਵਿਸ਼ਵੀ ਕਤਲੋ-ਗ਼ਾਰਤ ਅਤੇ ਫਿਰਕੂ ਹਿੰਸਾ ਵਾਲੇ ਅਜੋਕੇ ਸਰਾਪੇ ਸਮਿਆਂ ਵਿਚ ਬੜਾ ਮੁੱਲਵਾਨ ਹੈ। ਪ੍ਰੋ. ਤਲਵਾੜਾ ਵੱਲੋਂ ਵਰਤੇ ਇਸ ਭਾਸ਼ਾਈ ਮੁਹਾਵਰੇ ਸਦਕਾ ਪੰਜਾਬੀ ਸ਼ਬਦਾਵਲੀ ਵਿਚ ਨਿੱਗਰ ਵਾਧਾ ਅਤੇ ਅਮੀਰੀ ਪ੍ਰਦਾਨ ਹੋਈ ਹੈ। ਕੁਲ ਮਿਲਾ ਕਿ ਕਿਹਾ ਜਾ ਸਕਦਾ ਹੈ ਕਿ ਜੇ ਕਰ ਕੋਈ ਜਿਗਿਆਸੂ ਰਹੱਸਵਾਦੀ ਸਾਹਿਤ ਅਤੇ ਵਿਸ਼ੇਸ਼ ਕਰ ਕੇ ਸੂਫ਼ੀ ਸਾਹਿਤ ਬਾਰੇ ਜਾਣਨਾ ਜਾਂ ਖੋਜ ਕਰਨ ਦਾ ਇੱਛੁਕ ਹੈ ਤਾਂ ਯਕੀਨਨ ਹੀ ਪ੍ਰੋ. ਗੁਰਚਰਨ ਸਿੰਘ ਤਲਵਾੜਾ ਦੁਆਰਾ ਕੀਤਾ ਖੋਜ ਭਰਪੂਰ ਕਾਰਜ ਚਿੰਤਕ ਅਤੇ ਖੋਜਾਰਥੀ ਲਈ ਆਧਾਰ ਸਮੱਗਰੀ ਬਣੇਗਾ।

*ਮੋਬਾਇਲ: 94176 06572*

## ਮਿੰਨੀ ਕਹਾਣੀ



## ਆਦਮੀ ਦਾ ਬੋਝ

'ਵੋਟ... ਨੂੰ ਪਾਵੋ। ਮੋਹਰ...ਚਿੰਨ੍ਹ ਉੱਤੇ ਲਾਵੋ, ਅਸੀਂ ਤੁਹਾਨੂੰ ਇਕੀਵੀਂ ਸਦੀ ਵਿਚ ਲੈ ਕੇ ਜਾਵਾਂਗੇ।'

ਲਾਊਡ ਸਪੀਕਰ ਵਾਲੀ ਕਾਰ ਇਕ ਹੋਰ ਲਾਊਡ ਸਪੀਕਰ ਵਾਲੀ ਕਾਰ ਨੂੰ ਕਰਾਸ ਕਰਦੀ ਹੋਈ ਇਕ ਸਾਈਕਲ ਸਵਾਰ ਨਾਲ ਜਾ ਟਕਰਾਈ। ਸਾਈਕਲ ਸਵਾਰ ਪਿੰਡਾਂ ਵਿਚ ਹੋਕਾ ਦੇ ਕੇ ਪੁਰਾਣੀਆਂ ਟੁੱਟੀਆਂ-ਫੁੱਟੀਆਂ ਚੀਜ਼ਾਂ, ਬੋਰੀਆਂ, ਬੋਤਲਾਂ, ਡੱਬੇ, ਚੱਪਲਾਂ ਆਦਿ ਖ਼ਰੀਦ ਕੇ ਲਿਆ ਰਿਹਾ ਸੀ। ਉਹ ਆਪਣੇ ਹੀ ਬੋਤਲਾਂ ਸ਼ੀਸ਼ੀਆਂ ਵਾਲੇ ਬੋਰੇ ਉੱਤੇ ਜਾ ਡਿੱਗਾ ਤੇ ਜ਼ਖ਼ਮੀ ਹੋ ਗਿਆ।

'ਅੰਨ੍ਹਾ ਏਂ ? ਅੱਗਾ ਪਿੱਛਾ ਵੇਖ ਕੇ ਨਹੀਂ ਤੁਰਿਆ ਜਾਂਦਾ' ?

'ਸਾਬ੍ਹ ਮੈਂ ਤਾਂ ਆਪਣੇ ਹੱਥ ਹੀ ਜਾ ਰਿਹਾ ਸਾਂ...। 'ਹਾਏ ਮੇਰੀਆਂ ਬੋਤਲਾਂ'।

'ਕੀ ਹੋਇਆ ਓਏ, ਤੇਰੀਆਂ ਟੁੱਟੀਆਂ ਸ਼ੀਸ਼ੀਆਂ ਨੂੰ? ਰਾਤੀ ਸਾਡੇ ਚੋਣ-ਦਫ਼ਤਰ ਦੇ ਪਿੱਛੇ ਆ ਜਾਵੀ ਤੇ ਜਿੰਨੀਆਂ ਮਰਜ਼ੀ ਖ਼ਾਲੀ ਬੋਤਲਾਂ ਲੈ ਆਵੀਂ। ਦੇਸ਼ ਇਕੀਵੀਂ ਸਦੀ ਦੇ ਦਵਾਰ ਉੱਤੇ ਖੜ੍ਹਾ ਏ ਤੇ ਤੂੰ ਪੰਦਰ੍ਹਵੀਂ ਸਦੀ ਦੇ ਚੀਥੜੇ ਚੁੱਕੀ ਫਿਰਦਾ, ਗ਼ਰੀਬ ਕਿਸੇ ਥਾਂ ਦਾ...।'

• ਪ੍ਰੋ. ਹਮਦਰਦਵੀਰ ਨੌਸ਼ਹਿਰਵੀ

## ਗੀਤ

ਸ਼ਹਿਰ ਨਾ ਬਣੀ ਪਿੰਡ ਮੇਰਿਆ,
ਖੁੱਲ੍ਹੀ ਨਹੀਓ ਥਾਂ ਲੱਭਣੀ।
ਕਿੱਥੇ ਬੈਠੂਗਾ ਬੁਢਾਪੇ ਵਿਚ ਬਾਪੂ,
ਬੋਹੜਾਂ ਦੀ ਨਾ ਛਾਂ ਲੱਭਣੀ।

ਵਿਹੜੇ ਬਿਨਾਂ ਕਿੱਥੇ ਖੇਡਣੇ ਜੁਆਕ ਵੇ,
ਹੁੰਦਾ ਭਾਈਚਾਰਾ ਪਿੰਡ 'ਚ ਇਤਫ਼ਾਕ ਵੇ,
ਤੋਰੇ ਖੇਤਾਂ ਨੂੰ ਜੋ ਦੇ ਕੇ ਹੱਲ੍ਹਾ ਸ਼ੇਰੀਆਂ,
ਉਹ ਸ਼ਹਿਰ 'ਚ ਨਾ ਮਾਂ ਲੱਭਣੀ।

ਦਿਲ ਆਂਢ ਤੇ ਗੁਆਂਢ ਰੱਖੇ ਲਾਈ ਵੇ,
ਪਾ ਕੇ ਸਾਂਝ ਕਰ ਲੈਂਦੇ ਨੇ ਕਮਾਈ ਵੇ,
ਉੱਥੇ ਫਿਰਦਾ ਏ ਕੱਲਾ-ਕੱਲਾ ਬੰਦਾ,
ਕਿ ਸੱਥ ਭਰੀ ਨਾ ਲੱਭਣੀ।

ਕੱਠੇ ਹੋ ਕੇ ਬੋਹੜ ਹੇਠਾਂ ਬਹਿੰਦੇ ਨੇ,
ਤਾਸ਼ ਖੇਡਦੇ ਨਜ਼ਾਰੇ ਨਿੱਤ ਲੈਂਦੇ ਨੇ,
ਜੇ ਤੂੰ ਬੈਠੇਂਗੀ ਬਜ਼ੁਰਗਾਂ ਦੇ ਕੋਲੇ,
'ਚਰਨਜੀਤ' ਸੋਝੀ ਤਾਂ ਲੱਭਣੀ।



• ਚਰਨਜੀਤ ਕੌਰ ਧਾਲੀਵਾਲ (ਜਰਮਨੀ)
ਮੋਬਾਈਲ : +4915224333737

ਦੇਸ਼ ਦੇ ਲਈ ਸ਼ਹੀਦੀ ਪਾਈ, ਯੋਧਿਆਂ ਨੇ ਜ਼ਿੰਦ ਸੂਲੀ ਲਾਈ,
ਦੇਸ਼ ਦੇ ਦੁਸ਼ਮਨ ਘੁੰਮਦੇ ਦੇਖੇ, ਰੂਹ ਜਿਨ੍ਹਾਂ ਨੇ ਮਾਰ ਮੁਕਾਈ,
ਮਾਨਵਤਾ 'ਤੇ ਅੱਜ ਵੀ ਹੁੰਦਾ, ਅੱਤ ਜ਼ੁਲਮ ਦਾ ਕਹਿਰ,
ਦੇਸ਼ ਦੇ ਚਤੁਰ-ਚਾਲਾਕ ਤਾਂ ਅੱਜ ਵੀ ਮੂੰਹੋਂ ਉੱਗਲਨ ਜ਼ਹਿਰ।

ਜਿਨ੍ਹਾਂ ਯੋਧਿਆਂ ਦੇਸ਼ ਦੀ ਖ਼ਾਤਿਰ, ਜਾਨ ਵੀ ਆਪਣੀ ਵਾਰੀ,
ਸਾਂਡਰਸ ਵਰਗੇ ਅੱਜ ਵੀ ਘੁੰਮਦੇ, ਜਾਂਦੇ ਮਾਨਵਤਾ ਮਾਰੀ,
ਗ਼ਰੀਬਾਂ ਅਤੇ ਮਜ਼ਲੂਮਾਂ ਦਾ, ਜੋ ਲੁੱਟਦੇ ਪਏ ਨੇ ਸ਼ਹਿਰ...।

ਵਿਚ ਅਸੈਂਬਲੀ ਅੱਜ ਵੀ ਬੈਠੇ ਨਾਗ਼ ਬੜੇ ਹੀ ਜ਼ਹਿਰੀ,
ਮਾਨਵਤਾ ਦੇ ਹਿੱਤਾਂ ਉੱਤੇ, ਅੱਖ ਰੱਖਦੇ ਨੇ ਕਹਿਰੀ,
ਦੇਸ਼ ਮੇਰਾ ਤਾਂ ਬਣ ਗਿਆ ਅੱਜ ਕੱਲ੍ਹ, ਸੱਪ ਖੁੱਡਾਂ ਦਾ ਸ਼ਹਿਰ...।

ਭਗਤ ਸਿੰਘ ਜਿਹੇ ਯੋਧਿਆਂ ਦੀ ਅੱਜ, ਲੋੜ ਮਨੱਖਤਾ ਤਾਂਈ,
ਸਜ਼ਾ ਮਿਲ ਰਹੀ ਅੱਜ ਵੀ ਯਾਰੋ, ਮਿਲ ਰਹੀ ਬੇਗ਼ੁਨਾਹੀ,
ਮਾਨਵਤਾ ਦਾ ਔਖਾ ਹੋਇਆ, ਪੁੱਟਣਾ ਅੱਜ ਕੱਲ੍ਹ ਪੈਰ...।

ਨਿੰਦਿਆ-ਚੁੰਗਲੀ, ਚੋਰੀ-ਠੱਗੀ, ਰੋਜ਼ੀ ਬਣ ਗਈ ਲੋਕਾਂ ਦੀ,
ਵਗਲ ਛੁਰੀ ਵਾਰ ਪਿੱਠ 'ਤੇ ਹੁੰਦਾ, ਇਹੋ ਅਸਲੀਅਤ ਜ਼ੋਕਾਂ ਦੀ,
ਬੂਟਾ ਕੋਈ ਹੋਰ ਹੀ ਲਾਉਂਦਾ, ਫਲ਼ ਖਾਂਦਾ ਕੋਈ ਗ਼ੈਰ...।

ਮੁਲਕ ਤਾਂਈਂ ਗ਼ੈਰਾਂ ਨੇ ਠੱਗਿਆ, ਸਾਨੂੰ ਤਾਂ ਕੁਝ ਪਤਾ ਨਾ ਲੱਗਿਆ,
'ਸਰੋਏ' ਸੂਰਮੇਂ ਉੱਠ ਖਲੋਤੇ, ਵਿਚ ਹਨੇਰੇ ਦੀਵਾ ਜਗਿਆ,
ਅੱਖਾਂ ਵਿਚ ਗ਼ਮਾਂ ਦਾ ਪਾਣੀ, ਵਗਦੀ ਹੋਵੇ ਜਿਵੇਂ ਨਹਿਰ...।

'ਪਰਸ਼ੋਤਮ' ਆਖੇ ਰਾਜਨੀਤੀ ਨੇ, ਧਰਮ ਵੀ ਖੂੰਜੇ ਲਾਇਆ,
ਪੰਜ ਵਿਕਾਰਾਂ ਨੇ ਬੰਦੇ ਨੂੰ, ਜਾਲ ਦੇ ਵਿਚ ਫਸਾਇਆ,
ਚਾਰੇ ਪਾਸੇ ਉੱਠ ਖੜ੍ਹੋਈ, ਹੁਣ ਦੁਸ਼ਮਣੀ ਦੀ ਲਹਿਰ...।



• ਪਰਸ਼ੋਤਮ ਲਾਲ ਸਰੋਏ, ਮੋਬਾਈਲ: 92175-44348

## ਕਵਿਤਾ

ਬੇ-ਪ੍ਰਵਾਹ ਹੋਣਾ ਹੈ ਤਾਂ ਹੋ ਜਾਅ
ਪਰ ਇਕ ਸ਼ਰਤ ਹੈ...
ਦਿਲ ਦੀ ਮੰਜੀ ਡਾਹ
ਘੜੀ ਕੁ ਬਹਿ...
ਸਾਡੇ ਮਹਿਕਦੇ ਵਿਹੜੇ ਅੰਦਰ
ਜਿੱਥੇ ਵਗਦੀ ਹੈ ਪੌਣ
ਸੁਗੰਧਾਂ ਭਰੀ...
ਐਵੇਂ ਤੁਰਿਆਂ ਫਿਰਦਾ ਏ
ਬੇਜਾਨ ਰਾਹਾਂ ਦੀ ਸੜਕ 'ਤੇ
ਘਸਾਉਂਦਾ ਆਪਣੇ ਸੱਠ ਵਰ੍ਹਿਆਂ ਦਾ ਚੰਮ
ਜਿਹੜਾ ਸੜ੍ਹ ਘਸ ਗਿਆ ਹੈ
ਪਛਤਾਵਿਆਂ ਦੀ ਰਗੜ ਖਾ ਖਾ ਕੇ।
ਤਕ ਝੂੰਮਦੀ ਕਿਸੇ ਮਲੂਕ ਤਿੱਤਲੀ ਵੱਲ
ਤੈਨੂੰ ਆਪਣੇ ਅਪਾਹਜ ਹੋਣ ਦਾ ਅਹਿਸਾਸ ਹੋਵੇਗਾ
ਫਿਰ ਤੂੰ ਸ਼ਾਇਦ ਤਿਆਗ ਦੇਵੇ
ਹਓਮੈਂ ਭਰੀ ਰੂਹ...। ਤੇ ਰੁਕ ਜਾਵੇਂ ਕੋਲ ਮੇਰੇ...।



• ਖੁਸ਼ਪ੍ਰੀਤ ਕੁਤਬਾ
ਮੋਬਾਈਲ : 82849-00150

# ਇਕ ਕੁਦੇਸਣ ਜੋ ਆਪਣੀ ਸੀ

ਲੜੀਵਾਰ ਕਹਾਣੀ

• ਅਭੈ ਸਿੰਘ

*ਲੜੀ ਜੋੜਨ ਲਈ ਅਦਬ ਦਾ ਪਿਛਲਾ ਅੰਕ ਦੇਖੋ*

***ਇਹ ਸੁਣ ਹੌਲਦਾਰ ਨੇ ਕਿਹਾ, 'ਮੈਂ ਤੈਨੂੰ ਗੋਲੀ ਮਾਰ ਸਕਦਾਂ। ਮੇਰੇ ਕੋਲ ਪਾਵਰ ਹੈ, ਤੇਰਾ ਕੁਝ ਨਹੀਂ ਬਣਨਾ ਤੇ ਤੇਰੀ ਕੁਦੇਸਨ ਮਾਂ ਕੁਝ ਨਹੀਂ ਕਰ ਸਕਦੀ...***

ਤੇਰਾ ਪੁੱਤਰ ਤੈਨੂੰ ਮਾਂ ਨਹੀਂ ਸਮਝਦਾ ਤੂੰ ਕੁਦੇਸਨ ਏ, ਕੁਦੇਸਨ ਹੀ ਰਹਿਣਾ ਜਾਂ ਵਾਪਸ ਹਾਲੇ ਵੀ ਚਲੀ ਜਾ। ਪਰ ਉਹ ਪਹਿਲਾਂ ਵਾਲੀ ਲਾਜਵੰਤ ਨਾ ਰਹੀ। ਉਹ ਅੱਗੋਂ ਡੱਟਕੇ ਬੋਲੀ, 'ਤੁਹਾਨੂੰ ਇੱਥੇ ਹੀ ਵੱਸ ਕੇ ਦਸਾਂਗੀ, ਮੈਂ ਕੁਦੇਸਨ ਨਹੀਂ ਰਹੀ ਹੁਣ, ਸਿੰਘਣੀ ਹਾਂ, ਸਰਦਾਰ ਅਜਮੇਰ ਸਿੰਘ ਦੇ ਘਰ ਆਲੀ। ਸਰਦਾਰੀ ਲਾਜਵੰਤ ਕੌਰ, ਕਿਤੇ ਨਹੀਂ ਜਾਵਾਂਗੀ, ਮੈਂ, ਇੱਥੇ ਹੀ ਰਹਾਂਗੀ ਪੁੱਤਰ ਨੂੰ ਜਨਮ ਦਿੱਤਾ ਪਾਲ਼-ਪੋਸ ਕੇ ਜਵਾਨ ਕੀਤਾ। ਵਾਹਿਗੁਰੂ ਦੀ ਕ੍ਰਿਪਾ ਨਾਲ ਉਸ ਨੂੰ ਸਿੱਧੇ ਰਸਤੇ ਲਿਆਵਾਂਗੀ ਜੋ ਤੁਹਾਡੇ ਹੱਥੇ ਚੜ੍ਹਿਆ, ਉਸ ਦੀ ਵਿਰਾਸਤ ਉਸ ਦੇ ਹਵਾਲੇ ਕਰ ਕੇ ਮਰਾਂਗੀ। ਇਹ ਮੇਰੀ ਤੁਹਾਨੂੰ ਵੰਗਾਰ ਹੈ'। ਲਾਜਵੰਤ ਜਸਵੰਤ ਨੂੰ ਬੜਾ ਸਮਝਾਉਂਦੀ ਪੁੱਤਰਾ ਛੱਡਦੇ ਮਾੜੇ ਕੰਮ ਇਹ ਪੁਲੀਸ ਕਿਸੇ ਦੀ ਮਿੱਤ ਨਹੀਂ ਹੁੰਦੀ, ਇੰਨੀ ਜ਼ਮੀਨ ਜਾਇਦਾਦ ਹੈ ਕਿਹੜੇ ਕੰਮ, ਇਸ ਨੂੰ ਵਾਹ, ਸੰਭਾਲ਼ ਤੇਰੇ ਵਾਸਤੇ ਬਹੁਤ ਕੁਝ ਹੈ। ਸ਼ਰੀਕ ਤਾਂ ਪਹਿਲਾਂ ਵੀ ਤੇਰੀ ਜਾਇਦਾਦ ਵੱਲ ਬਗਿਆੜ ਦੀ ਤਰ੍ਹਾਂ ਮੂੰਹ ਅੱਡੀ ਬੈਠੇ ਸਨ। ਮੈਨੂੰ ਸ਼ਰੇ ਆਮ ਵੰਗਾਰ ਕੇ ਕਹਿੰਦੇ ਸਨ, ਲਾ ਦਿੱਤਾ ਮਾੜੇ ਕੰਮ ਆਪੇ ਪੁਲਸ ਹੱਥੇ ਚੜ੍ਹ ਮਾਰਿਆ ਜਾਵੇਗਾ, ਤੂੰ ਹੁਣ ਕੁਝ ਨਹੀਂ ਕਰ ਸਕਦੀ।

ਪੁੱਤਰ 'ਤੇ ਅਸਰ ਨਾ ਹੁੰਦਾ ਵੇਖ ਕੇ ਉਸ ਨੇ ਜ਼ਮੀਨ ਦੀ ਦੇਖ-ਭਾਲ ਆਪ ਸ਼ੁਰੂ ਕਰ ਦਿੱਤੀ। ਇਕ ਦਿਨ ਹੱਦ ਹੋ ਗਈ। ਜਦ ਉਸ ਦਾ ਜੇਠ ਗੱਜਣ ਸਿੰਘ ਉਸ ਨੂੰ ਖੇਤਾਂ ਵਲੋਂ ਆਉਂਦੇ ਵੇਖ ਕੇ ਕਹਿਣ ਲਗਾ, 'ਕੁਦੇਸਨ ਹਾਲੇ ਤੂੰ ਇੱਥੋਂ ਗਈ ਨਹੀਂ। ਖ਼ਬਰਦਾਰ ਜੇ ਕਰ ਪੈਲ਼ੀ ਵਿਚ ਪੈਰ ਰੱਖਿਆ। ਇਹ ਸਾਡੀ ਜ਼ਮੀਨ ਹੈ ਅਸੀਂ ਆਪੇ ਸੰਭਾਲ਼ ਲਵਾਂਗੇ'। ਅਗੋਂ ਲਾਜਵੰਤ ਕੌਰ ਨੇ ਤੈਸ਼ ਵਿਚ ਆਉਂਦੇ ਗੱਜਣ ਸਿੰਘ ਨੂੰ ਕਿਹਾ 'ਖ਼ਬਰਦਾਰ ਮੈਨੂੰ ਅੱਗੇ ਤੋਂ ਕੁਦੇਸਨ ਕਿਹਾ, ਜਨਾਨੀ ਦੀ ਕੋਈ ਜਾਤ ਨਹੀਂ ਹੁੰਦੀ। ਪੈਲ਼ੀ ਵੱਲ ਮੂੰਹ ਕਰਨ ਦੀ ਹਿੰਮਤ ਨਾ ਕਰੀਂ। ਅੱਗ ਬਬੂਲਾ ਹੋਏ ਜੇਠ ਨੇ ਲਾਜਵੰਤ ਦੇ ਸਿਰ ਵਿਚ ਕੁਝ ਦੇ ਮਾਰਿਆ। ਜਿਸ ਨਾਲ ਉਹ ਲਹੂ-ਲੁਹਾਣ ਹੋ ਕੇ ਜ਼ਮੀਨ ਤੇ ਡਿੱਗ ਪਈ। ਪਿੱਛੋਂ ਆਉਂਦੇ ਜਸਵੰਤ ਸਿੰਘ ਨੇ ਮਾਂ ਨੂੰ ਸੰਭਾਲ਼ ਦੇ ਹੋਏ ਗੁੱਸੇ ਵਿਚ ਭਰੇ ਨੇ ਗਰਜ ਕੇ ਕਿਹਾ ਖ਼ਬਰਦਾਰ ਮੇਰੀ ਮਾਂ ਨੂੰ ਕਿਸੇ ਨੇ ਕੁਦੇਸਨ ਕਹਿ ਕੇ ਬੁਲਾਇਆ। ਇਹ ਮੇਰੀ ਮਾਂ ਹੈ, ਸਰਦਾਰਨੀ ਲਾਜਵੰਤ ਕੌਰ। ਗੁੱਸੇ ਨਾਲ ਭਰੇ ਨੂੰ ਮਾਂ ਨੇ ਸ਼ਾਂਤ ਰਹਿਣ ਦਾ ਇਸ਼ਾਰਾ ਕਰ ਕੇ ਰੋਕ ਲਿਆ। ਗਲਵਕੜੀ ਵਿਚ ਲੈ ਕੇ ਜਸਵੰਤ ਨੇ ਮਾਂ ਨੂੰ ਰੋਂਦੀ ਨੂੰ ਚੁੱਪ ਕਰਾਇਆ।

ਮਾਂ ਦਾ ਹਿਰਦਾ ਸ਼ਾਂਤ ਹੋ ਗਿਆ, ਦਰਦ ਜਿਵੇਂ ਗਾਇਬ ਹੋ ਗਈ, ਮਰ੍ਹਮ-ਪੱਟੀ ਕਰਾਈ ਉਹ ਕੁਝ ਦਿਨਾਂ ਬਾਅਦ ਠੀਕ ਹੋ ਗਈ। ਹੁਣ ਜਸਵੰਤ ਮਾਂ ਦੀ ਹਰ ਗੱਲ ਮੰਨਦਾ। ਉਹ ਖੇਤੀ ਦੇ ਕੰਮਾਂ ਵਿਚ ਰੁਝ ਗਿਆ। ਸਾਰੇ ਮਾੜੇ ਧੰਦੇ ਛੱਡ ਅੰਮ੍ਰਿਤ- ਪਾਨ ਕਰ ਸਿੰਘ ਬਣ ਗਿਆ। ਮਾਂ ਨੇ ਬੜੇ ਚਾਵਾਂ ਮਲ੍ਹਾਰਾਂ ਨਾਲ ਪੁੱਤ ਦਾ ਵਿਆਹ ਲਾਗਲੇ ਪਿੰਡ ਦੇ ਗੁਰਤੇਜ ਸਿੰਘ ਦੀ ਲੜਕੀ ਰਣਜੀਤ ਕੌਰ ਨਾਲ ਕਰ ਦਿੱਤਾ ਜੋ ਗੁਰੂ ਘਰ ਵਿਚ ਵਿਸ਼ਵਾਸ ਰੱਖਦੀ ਸੀ। ਦੋਵੇਂ ਗੁਰਦਵਾਰਾ ਸਾਹਿਬ ਜਾ ਕੇ ਤਨੋ-ਮਨੋ ਸੇਵਾ ਕਰਦੇ। ਕਦੇ-ਕਦੇ ਲਾਜਵੰਤ ਕੌਰ ਵੀ ਉਨ੍ਹਾਂ ਨਾਲ ਚਲੀ ਜਾਂਦੀ ਤੇ ਸੇਵਾ ਕਰਦੀ। ਵਾਹਿਗੁਰੂ ਦੀ ਕਿਰਪਾ ਹੋਈ। ਜਸਵੰਤ ਸਿੰਘ ਦੇ ਘਰ ਪੁੱਤਰ ਨੇ ਜਨਮ ਲਿਆ। ਲਾਜਵੰਤ ਕੌਰ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਉਸ ਨੂੰ ਲੱਗਦਾ ਜਿਵੇਂ ਉਸ ਦਾ ਲਿਆ ਸੰਕਲਪ ਪੁੱਤਰ ਨੂੰ ਸਿੱਧੇ ਰਸਤੇ ਲਿਆ ਕੇ, ਉਸ ਦੀ ਜਾਇਦਾਦ ਉਸ ਨੂੰ ਸੌਂਪਣ ਦਾ ਸਮਾਂ ਆ ਗਿਆ ਹੈ, ਜੋ ਅਜਮੇਰ ਸਿੰਘ ਦੀ ਮੌਤ ਦੇ ਬਾਦ ਉਸ ਦੇ ਨਾਂ 'ਤੇ ਹੋ ਗਈ ਸੀ।

ਗੁਰਦੁਆਰਾ ਸਾਹਿਬ ਜਾ ਪੁੱਤਰ ਦਾ ਨਾਮ ਕਰਨ ਕਰਾਉਣ 'ਤੇ ਜਸਵੀਰ ਸਿੰਘ ਨਿਕਲਿਆ।



ਸਾਰਾ ਪਰਿਵਾਰ ਉਸ ਦੀ ਸੇਵਾ ਵਿਚ ਜੁਟ ਗਿਆ ਪਤਾ ਹੀ ਨਹੀਂ ਚਲਿਆ ਕਦੋਂ ਦੋ ਢਾਈ ਸਾਲ ਲੰਘ ਗਏ। ਇਕ ਦਿਨ ਜਸਵੰਤ ਮਾਂ ਨੂੰ ਕਹਿਣ ਲਗਾ ਮਾਂ ਅਸੀਂ ਦੋਨੋਂ ਪਿਉ-ਪੁਤ ਗੁਰਦੁਵਾਰਾ ਸਾਹਿਬ ਮੱਥਾ ਟੇਕ ਕੇ ਹੁਣੇ ਆਏ ਸਾਡੇ ਲਈ ਕੁਝ ਖਾਣ ਨੂੰ ਤਿਆਰ ਕਰ ਰੱਖਣਾ। ਫਿਰ ਦੋਨੋਂ ਜਣੇ ਘੋੜੀ 'ਤੇ ਬੈਠ ਘਰੋਂ ਨਿਕਲ ਗਏ। ਹੋਣੀ ਨੂੰ ਸ਼ਾਇਦ ਕੁਝ ਹੋਰ ਹੀ ਮਨਜ਼ੂਰ ਸੀ। ਪਿੱਛੋਂ ਉਸ ਦੇ ਘਰ ਪੁਲੀਸ ਦਾ ਹੌਲਦਾਰ, ਸਿਪਾਹੀ ਤੇ ਕਰਮ ਸਿੰਘ ਘੋੜਿਆਂ 'ਤੇ ਆ ਧਮਕੇ। ਉਨ੍ਹਾਂ ਨੇ ਲਾਜਵੰਤ ਕੌਰ ਨੂੰ ਪੁੱਛਿਆ ਤੇਰਾ ਪੁੱਤਰ ਕਿੱਥੇ ਹੈ? ਉਸ ਨੇ ਉਨ੍ਹਾਂ ਨੂੰ ਦਸਿਆ ਕਿ ਉਹ ਗੁਰਦਵਾਰਾ ਸਾਹਿਬ ਗਿਆ। ਉਹ ਲਾਜਵੰਤ ਨੂੰ ਧਮਕੀ ਭਰੇ ਲਹਿਜੇ ਵਿਚ ਕਹਿ ਗਏ ਕਿ ਤੇਰੇ ਪੁੱਤਰ ਦੇ ਚਾਲੇ ਠੀਕ ਨਹੀਂ ਕੁਦੇਸਨੇ, ਉਸ ਨੂੰ ਸਮਝਾ ਲੈ ਨਹੀਂ ਤਾਂ ਸਾਨੂੰ ਠੀਕ ਕਰਨਾ ਆਉਂਦਾ ਤੇ ਫਿਰ ਬਿਨਾਂ ਉਸ ਦੀ ਗੱਲ ਸੁਣੇ ਕਾਹਲ਼ੀ ਕਾਹਲ਼ੀ ਪਿੰਡ ਤੋਂ ਥੋੜੀ ਦੂਰ ਜਾ ਕੇ ਜਸਵੰਤ ਦੀ ਉਡੀਕ ਕਰਨ ਲਗੇ। ਜਸਵੰਤ ਸਿੰਘ ਆਉਂਦਿਆਂ-ਆਉਂਦਿਆਂ ਉਨਾਂ ਨੂੰ ਸਰਸਰੀ ਜਿਹੀ ਸਤਿ ਸ੍ਰੀ ਅਕਾਲ ਬੁਲਾ ਅੱਗੇ ਨਿਕਲ ਗਿਆ। ਹੌਲਦਾਰ ਨੇ ਆਵਾਜ਼ ਮਾਰਕੇ ਕਿਹਾ 'ਜਸਵੰਤ ਤੂੰ ਸਾਨੂੰ ਪਛਾਣਦਾ ਨਹੀਂ, ਇਹ ਧੰਦਾ ਤੂੰ ਇੱਕਲਾ ਨਹੀਂ ਕਰ ਸਕਦਾ। ਜਿਸ 'ਤੇ ਜਸਵੰਤ ਸਿੰਘ ਨੇ ਕਿਹਾ, ਹੌਲਦਾਰ ਸਾਹਿਬ ਤੁਹਾਨੂੰ ਮੈਂ ਜਾਣ ਦਾ ਵੀ ਹਾਂ ਤੇ ਪਛਾਣਦਾ ਵੀ ਤੇ ਫਿਰ ਉਸ ਨੇ ਮੁਸਕਰਾ ਕੇ ਕਿਹਾ ਹੌਲਦਾਰ ਸਾਹਿਬ ਕਿਹੜਾ ਧੰਦਾ ਸ਼ਰਾਬ ਦਾ, ਉਹ ਤਾਂ ਮੈਂ ਕਦੇ ਦਾ ਛੱਡ ਚੁੱਕਾ ਹਾਂ। ਵਿਅੰਗ ਨਾਲ, ਹੌਲਦਾਰਾ ਅੱਖਾਂ ਖੋਲ੍ਹਕੇ ਵੇਖ ਮੈਂ ਬਾਣਾ ਪਾਇਆ ਸਿੰਘ ਸੱਜ ਗਿਆ। ਵਾਹਿਗੁਰੂ ਨੇ ਮੈਨੂੰ ਪੁੱਤਰ ਦੀ ਦਾਤ ਬਖ਼ਸ਼ੀ ਹੈ।

ਹੌਲਦਾਰ ਨੇ ਕਿਹਾ ਘੋੜੀ ਤੋਂ ਹੇਠਾਂ ਉਤਰ ਕੇ ਗੱਲ ਕਰ ਪਰ ਉਸ ਨੇ ਘੋੜੀ ਨੂੰ ਲੱਤ ਲਾ ਕੇ ਅੱਗੇ ਤੁਰਦਿਆਂ ਕਿਹਾ, ਹੌਲਦਾਰ ਸਾਹਿਬ, ਸਾਰੇ ਮਾੜੇ ਧੰਦੇ ਛੱਡ ਦਿੱਤੇ ਮੈਂ। ਮੇਰਾ ਪਿੱਛਾ ਛੱਡ ਦੇ ਹੁਣ। ਹੌਲਦਾਰ ਨੂੰ ਲਗਾ ਜਿਵੇਂ ਉਸ ਦੀ ਬੇਇੱਜ਼ਤੀ ਹੋ ਗਈ ਹੈ। ਤਿੰਨੇ ਉਸ ਦੇ ਨਾਲ ਹੋ ਤੁਰੇ ਤੇ ਕਹਿਣ ਲਗੇ, ਤੈਨੂੰ ਪਤਾ ਹੈ ਅੱਤਵਾਦ ਦਾ ਦੌਰ ਹੈ ਕੁਝ ਵੀ ਹੋ ਸਕਦਾ। ਅੱਗੋਂ ਜਸਵੰਤ ਨੇ ਕਿਹਾ ਤੂੰ ਜੋ ਕਰ ਸਕਦਾ ਹੈ ਕਰ ਲੈ ਮੈਂ ਹੁਣ ਰੁੱਕਣ ਵਾਲਾ ਨਹੀਂ। ਇਹ ਸੁਣ ਹੌਲਦਾਰ ਨੇ ਕਿਹਾ ਮੈਂ ਤੈਨੂੰ ਗੋਲੀ ਮਾਰ ਸਕਦਾ। ਮੇਰੇ ਕੋਲ ਪਾਵਰ ਹੈ ਤੇ ਤੇਰਾ ਕੁਝ ਨਹੀਂ ਬਣਨਾ, ਤੇਰੀ ਕੁਦੇਸਨ ਮਾਂ ਕੁਝ ਨਹੀਂ ਕਰ ਸਕਦੀ। ਜਿਸ ਤੇ ਦੋਵਾਂ ਮੁਲਾਜ਼ਮਾਂ ਆਪਣੀ ਗੱਲ ਨੂੰ ਚਮਕਾਉਂਦੇ ਹੋਏ ਬੋਲੇ। **(ਚਲਦਾ)**

# ਟਰੰਪ ਵੱਲੋਂ ਪਾਕਿਸਤਾਨੀ ਆਰਮੀ ਚੀਫ਼ ਨਾਲ ਗੱਲਬਾਤ; ਨਾਕਾਬੰਦੀ ਜਾਰੀ ਰਹੀ ਤਾਂ ਗੱਲਬਾਤ ਔਖੀ: ਮੁਨੀਰ



**ਇਸਲਾਮਾਬਾਦ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਾਕਿਸਤਾਨ ਦੇ ਆਰਮੀ ਚੀਫ਼ ਆਸਿਮ ਮੁਨੀਰ ਨਾਲ ਫ਼ੋਨ 'ਤੇ ਗੱਲਬਾਤ ਕੀਤੀ। ਪਾਕਿਸਤਾਨੀ ਫੌਜ ਦੇ ਸੂਤਰਾਂ ਅਨੁਸਾਰ ਟਰੰਪ ਨੇ ਕਿਹਾ ਕਿ ਉਹ ਹੋਰਮੁਜ਼ 'ਤੇ ਲੱਗੀ ਨਾਕਾਬੰਦੀ ਨੂੰ ਲੈ ਕੇ ਉਠਾਈਆਂ ਗਈਆਂ ਚਿੰਤਾਵਾਂ 'ਤੇ ਵਿਚਾਰ ਕਰਨਗੇ। ਇਨ੍ਹਾਂ ਦੋਵਾਂ ਦਰਮਿਆਨ ਇਸ ਮੁੱਦੇ 'ਤੇ ਵਿਸਥਾਰ ਨਾਲ ਚਰਚਾ ਹੋਈ। ਆਸਿਮ ਮੁਨੀਰ ਨੇ ਟਰੰਪ ਨੂੰ ਕਿਹਾ ਕਿ ਜੇਕਰ ਹੋਰਮੁਜ਼ 'ਤੇ ਨਾਕਾਬੰਦੀ ਜਾਰੀ ਰਹੀ ਤਾਂ ਇਰਾਨ ਨਾਲ ਗੱਲਬਾਤ ਅੱਗੇ ਨਹੀਂ ਵਧ ਸਕੇਗੀ। ਇਸ ਦੇ ਜਵਾਬ ਵਿੱਚ ਟਰੰਪ ਨੇ ਕਿਹਾ ਕਿ ਉਹ ਇਸ ਬਾਰੇ ਸੋਚਣਗੇ। ਔਖੀ

ਅਮਰੀਕਾ ਨੇ ਐਤਵਾਰ ਨੂੰ ਇਰਾਨੀ ਝੰਡੇ ਵਾਲੇ ਇੱਕ ਮਾਲਵਾਹਕ ਜਹਾਜ਼ ਉੱਤੇ ਹਮਲਾ ਕਰਕੇ ਉਸਨੂੰ ਜ਼ਬਤ ਕਰ ਲਿਆ। ਅਮਰੀਕਾ ਦਾ ਕਹਿਣਾ ਹੈ ਕਿ ਇਸ ਜਹਾਜ਼ ਨੇ ਹੋਰਮੁਜ਼ ਜਲਮਾਰਗ ਕੋਲ ਕੀਤੀ ਗਈ ਸਮੁੰਦਰੀ ਘੇਰਾਬੰਦੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਸੀ। ਇਸ ਦੇ ਜਵਾਬ ਵਿੱਚ ਇਰਾਨ ਦੀ ਸਾਂਝੀ ਸੈਨਾ ਕਮਾਂਡ ਨੇ ਕਿਹਾ ਹੈ ਕਿ ਅਮਰੀਕਾ ਦੀ ਇਸ ਕਾਰਵਾਈ ਦਾ ਜਵਾਬ ਜ਼ਰੂਰ ਦਿੱਤਾ ਜਾਵੇਗਾ ਹੈ। ਇਸ ਘਟਨਾ ਤੋਂ ਬਾਅਦ ਅਮਰੀਕਾ ਅਤੇ ਇਰਾਨ ਵਿਚਾਲੇ ਦੂਜੇ ਗੇੜ ਦੀ ਗੱਲਬਾਤ ਤੋਂ ਪਹਿਲਾਂ ਤਣਾਅ ਫਿਰ ਵਧਦਾ ਹੋਇਆ ਨਜ਼ਰ ਆ ਰਿਹਾ ਹੈ।

ਪਿਛਲੇ ਹਫ਼ਤੇ ਇਰਾਨੀ ਬੰਦਰਗਾਹਾਂ ਦੀ ਅਮਰੀਕੀ ਘੇਰਾਬੰਦੀ ਸ਼ੁਰੂ ਹੋਣ ਤੋਂ ਬਾਅਦ, ਜਹਾਜ਼ ਨੂੰ ਰੋਕਣ ਦੀ ਇਹ ਪਹਿਲੀ ਘਟਨਾ ਹੈ। ਇਰਾਨ ਦੇ ਸਰਕਾਰੀ ਮੀਡੀਆ ਅਨੁਸਾਰ, ਇਰਾਨ ਦੀ ਸਾਂਝੀ ਸੈਨਾ ਕਮਾਂਡ ਨੇ ਹਥਿਆਰਾਂ ਦੇ ਜ਼ੋਰ 'ਤੇ ਜਹਾਜ਼ ਉੱਤੇ ਕਬਜ਼ਾ ਕਰਨ ਦੀ ਇਸ ਕਾਰਵਾਈ ਨੂੰ ਗੈਰ-ਕਾਨੂੰਨੀ ਅਤੇ ਜੰਗਬੰਦੀ ਦੀ ਉਲੰਘਣਾ ਕਰਾਰ ਦਿੱਤਾ ਹੈ।

ਹੋਰਮੁਜ਼ ਜਲਮਾਰਗ ਨੂੰ ਲੈ ਕੇ ਅਮਰੀਕਾ ਅਤੇ ਇਰਾਨ ਵਿਚਾਲੇ ਵਧਦੇ ਤਣਾਅ ਅਤੇ ਬੁੱਧਵਾਰ ਨੂੰ ਖ਼ਤਮ ਹੋ ਰਹੀ ਜੰਗਬੰਦੀ ਕਾਰਨ ਹਾਲਾਤ ਅਨਿਸ਼ਚਿਤ ਹੋ ਗਏ ਹਨ। ਹੁਣ ਇਹ ਸਪੱਸ਼ਟ ਨਹੀਂ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਐਲਾਨ ਦਾ ਕੀ ਬਣੇਗਾ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਇਰਾਨ ਨਾਲ ਵਾਰਤਾ ਦੇ ਦੂਜੇ ਗੇੜ ਲਈ ਅਮਰੀਕੀ ਵਾਰਤਾਕਾਰ ਸੋਮਵਾਰ ਨੂੰ ਪਾਕਿਸਤਾਨ ਜਾਣਗੇ।

ਇਰਾਨ ਨੇ ਵਾਰਤਾ ਦੀ ਫੌਰੀ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਪਰ ਇਰਾਨੀ ਪਾਰਲੀਮੈਂਟ ਦੇ ਸਪੀਕਰ ਮੁਹੰਮਦ ਬਾਗ਼ੇਰ ਕਾਲੀਬਾਫ਼ ਨੇ ਲੰਘੇ ਸ਼ਨਿੱਚਰਵਾਰ ਸਰਕਾਰੀ ਟੈਲੀਵਿਜ਼ਨ 'ਤੇ ਨਸ਼ਰ ਹੋਈ ਇਕ ਇੰਟਰਵਿਊ ਵਿੱਚ ਕਿਹਾ "ਕੂਟਨੀਤੀ ਦੇ ਖੇਤਰ ਵਿੱਚ ਕੋਈ ਵਾਪਸੀ ਨਹੀਂ ਹੋਵੇਗੀ"। ਨਾਲ ਹੀ ਉਨ੍ਹਾਂ ਕਬੂਲ ਕੀਤਾ ਕਿ ਦੋਵਾਂ ਧਿਰਾਂ ਵਿਚਕਾਰ ਬਹੁਤ ਵੱਡਾ ਖੱਪਾ ਬਰਕਰਾਰ ਹੈ।

ਦੱਸ ਦਈਏ ਕਿ ਇਰਾਨੀ ਫੌਜ ਨੇ ਸ਼ਨਿੱਚਰਵਾਰ ਨੂੰ ਇੱਕ ਬਿਆਨ ਵਿੱਚ ਦੱਸਿਆ ਸੀ ਕਿ ਇਰਾਨ ਨੇ ਹੋਰਮੁਜ਼ ਜਲਮਾਰਗ ਮੁੜ ਤੋਂ ਬੰਦ ਕਰ ਦਿੱਤਾ ਹੈ। ਇਹ ਕਦਮ ਅਮਰੀਕਾ ਵੱਲੋਂ ਇਰਾਨ ਦੀਆਂ ਬੰਦਰਗਾਹਾਂ ਦੀ ਕੀਤੀ ਗਈ ਘੇਰਾਬੰਦੀ ਦੇ ਜਵਾਬ ਵਿੱਚ ਚੁੱਕਿਆ ਗਿਆ ਸੀ।

# ਬੱਸ ਖੱਡ ਵਿੱਚ ਡਿੱਗਣ ਕਾਰਨ 21 ਮੌਤਾਂ 29 ਜ਼ਖਮੀ

## ਪ੍ਰਧਾਨ ਮੰਤਰੀ ਵੱਲੋਂ ਦੁੱਖ ਦਾ ਪ੍ਰਗਟਾਵਾ ਅਤੇ ਸਹਾਇਤਾ ਰਾਸ਼ੀ ਦਾ ਐਲਾਨ



**ਜੰਮੂ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਵਿੱਚ ਸੋਮਵਾਰ ਨੂੰ ਇੱਕ ਬੱਸ ਦੇ ਪਹਾੜੀ ਤੋਂ ਹੇਠਾਂ ਡਿੱਗਣ ਕਾਰਨ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਅਤੇ 20 ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਸਵੇਰੇ 10 ਵਜੇ ਦੇ ਕਰੀਬ ਰਾਮਨਗਰ ਇਲਾਕੇ ਦੇ ਪਿੰਡ ਕਗੋਟ ਨੇੜੇ ਇੱਕ ਅੰਨ੍ਹੇ ਮੋੜ 'ਤੇ ਵਾਪਰਿਆ। ਸਥਾਨਕ ਲੋਕਾਂ ਨੇ ਸਭ ਤੋਂ ਪਹਿਲਾਂ ਮੌਕੇ 'ਤੇ ਪਹੁੰਚ ਕੇ ਬਚਾਅ ਕਾਰਜ ਸ਼ੁਰੂ ਕੀਤੇ ਅਤੇ ਮਲਬੇ ਵਿੱਚੋਂ ਜ਼ਖ਼ਮੀਆਂ ਨੂੰ ਬਾਹਰ ਕੱਢਿਆ। ਪੁਲੀਸ ਅਤੇ ਹੋਰ ਐਮਰਜੈਂਸੀ ਸੇਵਾਵਾਂ ਜਲਦੀ ਹੀ ਪੀੜਤਾਂ ਨੂੰ ਕੱਢਣ ਅਤੇ ਸਾਈਟ ਨੂੰ ਸਾਫ਼ ਕਰਨ ਲਈ ਅਪਰੇਸ਼ਨ ਵਿੱਚ ਸ਼ਾਮਲ ਹੋ ਗਈਆਂ। ਅਧਿਕਾਰੀਆਂ ਨੇ ਦੱਸਿਆ ਕਿ ਵਾਹਨ ਦੇ ਮਲਬੇ ਵਿੱਚੋਂ ਕੁੱਲ 15 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦਕਿ 20 ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ ਅਤੇ ਉਨ੍ਹਾਂ ਵਿੱਚੋਂ ਕਈਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬੱਸ ਇੱਕ ਦੂਰ-ਦੁਰਾਡੇ ਪਿੰਡ ਤੋਂ ਊਧਮਪੁਰ ਵੱਲ ਜਾ ਰਹੀ ਸੀ ਜਦੋਂ ਇਹ ਹਾਦਸਾ ਵਾਪਰਿਆ।

ਕੇਂਦਰੀ ਮੰਤਰੀ ਜਤਿੰਦਰ ਸਿੰਘ ਨੇ ਹਾਦਸੇ ਤੋਂ ਬਾਅਦ ਊਧਮਪੁਰ ਦੇ ਡਿਪਟੀ ਕਮਿਸ਼ਨਰ ਮਿੰਗਾ ਸ਼ੇਰਪਾ ਨਾਲ ਗੱਲ ਕੀਤੀ ਅਤੇ ਕਿਹਾ ਕਿ ਗੰਭੀਰ ਰੂਪ ਵਿੱਚ ਜ਼ਖ਼ਮੀ ਪੀੜਤਾਂ ਨੂੰ ਏਅਰਲਿਫਟ ਕਰਨ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਮੰਤਰੀ ਨੇ ÖXÖ 'ਤੇ ਇੱਕ ਪੋਸਟ ਵਿੱਚ ਕਿਹਾ, ਰਾਮਨਗਰ ਤੋਂ ਊਧਮਪੁਰ ਜਾ ਰਹੀ ਇੱਕ ਜਨਤਕ ਟ੍ਰਾਂਸਪੋਰਟ ਬੱਸ ਨਾਲ ਪਿੰਡ ਕਨੋਟ ਵਿਖੇ ਵਾਪਰੇ ਦੁਖਦਾਈ ਸੜਕ ਹਾਦਸੇ ਬਾਰੇ ਜਾਣਨ ਤੋਂ ਬਾਅਦ ਹੁਣੇ ਹੀ ਡੀਸੀ ਊਧਮਪੁਰ, ਮਿੰਗਾ ਸ਼ੇਰਪਾ ਨਾਲ ਗੱਲ ਕੀਤੀ ਹੈ। ਬਚਾਅ ਕਾਰਜ ਤੁਰੰਤ ਸ਼ੁਰੂ ਕਰ ਦਿੱਤਾ ਗਿਆ ਹੈ। ਭਾਰੀ ਜਾਨੀ ਨੁਕਸਾਨ ਦਾ ਖਦਸ਼ਾ ਹੈ।

# ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਦੀਆਂ ਵੋਟਰ ਸੂਚੀਆਂ ਸੁਧਾਈ ਅਰਜ਼ੀਆਂ ਵਾਰ-ਵਾਰ ਦਾਖਲ ਕਰਨ 'ਤੇ ਜਤਾਈ ਨਾਰਾਜ਼ਗੀ

**ਨਵੀਂ ਦਿੱਲੀ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਪੱਛਮੀ ਬੰਗਾਲ ਦੀਆਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ ਆਈ ਆਰ) ਕੇਸ ਵਿੱਚ ਵਾਰ-ਵਾਰ ਅਰਜ਼ੀਆਂ ਦਾਖਲ ਕਰਨ 'ਤੇ ਨਾਰਾਜ਼ਗੀ ਪ੍ਰਗਟਾਈ। ਹਾਲਾਂਕਿ, ਅਦਾਲਤ ਇਸ ਗੱਲ 'ਤੇ ਸਹਿਮਤ ਹੋ ਗਈ ਹੈ ਕਿ ਕਲਕੱਤਾ ਹਾਈ ਕੋਰਟ ਦੇ ਚੀਫ਼ ਜਸਟਿਸ ਤੋਂ ਉਨ੍ਹਾਂ ਇਲਜ਼ਾਮਾਂ 'ਤੇ ਰਿਪੋਰਟ ਮੰਗੀ ਜਾਵੇ ਕਿ ਅਪੀਲੀ ਟ੍ਰਿਬਿਊਨਲ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਕੰਮ ਨਹੀਂ ਕਰ ਰਹੇ ਹਨ।

ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਕਿਹਾ, ਇਹ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਇਸ ਪਾਸੇ ਤੋਂ ਇੱਕ ਖ਼ਾਸ ਪੇਸ਼ੇਵਰ ਰਣਨੀਤੀ) ਅਪਣਾਈ ਜਾ ਰਹੀ ਹੈ... ਤੁਸੀਂ ਲੋਕ ਹਰ ਰੋਜ਼ ਇੱਕ ਤੋਂ ਬਾਅਦ ਇੱਕ (ਅਰਜ਼ੀਆਂ ਦਾਖਲ ਕਰ ਰਹੇ ਹੋ)। ਅਦਾਲਤ ਦਾ ਇਸ਼ਾਰਾ ਵਕੀਲਾਂ ਵੱਲੋਂ ਇਸ ਕੇਸ ਵਿੱਚ ਰੋਜ਼ਾਨਾ ਨਵੀਆਂ ਅਰਜ਼ੀਆਂ ਲਗਾ ਕੇ ਸੁਣਵਾਈ ਨੂੰ ਲੰਬਾ ਖਿੱਚਣ ਜਾਂ ਉਲਝਾਉਣ ਦੇ ਤਰੀਕੇ ਵੱਲ ਸੀ।

ਸੁਪਰੀਮ ਕੋਰਟ ਦੇ ਬੈਂਚ ਵੱਲੋਂ ਇਹ ਟਿੱਪਣੀਆਂ ਸੀਨੀਅਰ ਵਕੀਲ ਦੇਵਦੱਤ ਕਾਮਤ ਵੱਲੋਂ ਕੀਤੀ ਗਈ ਇੱਕ ਜ਼ਰੂਰੀ ਪੇਸ਼ੀ ਦੌਰਾਨ ਆਈਆਂ। ਕਾਮਤ ਨੇ ਅਦਾਲਤ ਵਿੱਚ ਦੋਸ਼ ਲਾਇਆ ਕਿ ਵੋਟਰ



ਸੂਚੀਆਂ ਦੀ ਵਿਸ਼ੇਸ਼ ਸੁਧਾਈ (SIR) ਪ੍ਰਕਿਰਿਆ ਦੌਰਾਨ ਜਿਨ੍ਹਾਂ ਵੋਟਰਾਂ ਦੇ ਨਾਂ ਲਿਸਟ ਵਿੱਚੋਂ ਕੱਟੇ ਗਏ ਸਨ, ਉਨ੍ਹਾਂ ਦੀਆਂ ਅਪੀਲਾਂ ਦਾ ਨਿਪਟਾਰਾ ਕਰਨ ਲਈ ਬਣਾਏ ਗਏ 'ਅਪੀਲੀ ਟ੍ਰਿਬਿਊਨਲ' ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਕੰਮ ਨਹੀਂ ਕਰ ਰਹੇ ਹਨ।

ਅਖ਼ਬਾਰੀ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਵਕੀਲ ਕਾਮਤ ਨੇ ਅਦਾਲਤ ਨੂੰ ਦੱਸਿਆ ਕਿ ਅਪੀਲੀ ਟ੍ਰਿਬਿਊਨਲ ਵਕੀਲਾਂ ਨੂੰ ਉਨ੍ਹਾਂ ਦਾ ਪੱਖ ਰੱਖਣ ਦੀ ਇਜਾਜ਼ਤ ਨਹੀਂ ਦੇ ਰਹੇ ਅਤੇ ਹੱਥੀਂ ਦਿੱਤੀਆਂ ਜਾਣ ਵਾਲੀਆਂ ਅਰਜ਼ੀਆਂ ਵੀ ਸਵੀਕਾਰ ਨਹੀਂ ਕੀਤੀਆਂ ਜਾ ਰਹੀਆਂ।

ਵਕੀਲ ਕਾਮਤ ਨੇ ਅਦਾਲਤ ਵਿੱਚ ਕਿਹਾ, ਇਸ ਸਮੇਂ ਇੱਕ ਵੱਡ ਵਿਹਾਰਕ ਮੁਸ਼ਕਲ ਪੈਦਾ ਹੋ ਗਈ ਹੈ... ਅਪੀਲੀ ਟ੍ਰਿਬਿਊਨਲ ਕੰਮ ਨਹੀਂ ਕਰ ਰਹੇ ਹਨ। ਵਕੀਲਾਂ ਨੂੰ ਪੱਖ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਅਤੇ ਉਹ ਸਿਰਫ਼ ਇੰਟਰਨੈੱਟ ਜਾਂ ਕੰਪਿਊਟਰ ਰਾਹੀਂ ਭੇਜੀਆਂ ਅਰਜ਼ੀਆਂ ਹੀ ਲੈ ਰਹੇ ਹਨ। ਹਜ਼ਾਰਾਂ ਕਿਲੋਮੀਟਰ ਦੂਰੋਂ ਆਏ ਆਮ ਲੋਕਾਂ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਨਹੀਂ ਮਿਲ ਰਿਹਾ ਅਤੇ ਇਸ ਅਦਾਲਤ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਇਸ 'ਤੇ ਚੀਫ਼ ਜਸਟਿਸ ਨੇ ਕਾਮਤ ਨੂੰ ਭਰੋਸਾ ਦਿੱਤਾ, ਅਸੀਂ ਅੱਜ ਹੀ ਕਲਕੱਤਾ ਹਾਈ ਕੋਰਟ ਦੇ ਚੀਫ਼ ਜਸਟਿਸ ਤੋਂ ਇਸ ਬਾਰੇ ਰਿਪੋਰਟ ਮੰਗਾਂਗੇ।

ਇਸ ਤੋਂ ਪਹਿਲਾਂ, ਸੁਪਰੀਮ ਕੋਰਟ ਨੇ ਹੁਕਮ ਦਿੱਤਾ ਸੀ ਕਿ ਪੱਛਮੀ ਬੰਗਾਲ ਵਿੱਚ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਸੁਧਾਈ ਦੌਰਾਨ ਬਾਹਰ ਕੀਤੇ ਗਏ ਵੋਟਰਾਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਜੇਕਰ ਉਨ੍ਹਾਂ ਦੀਆਂ ਅਪੀਲਾਂ ਨੂੰ ਅਪੀਲੀ ਟ੍ਰਿਬਿਊਨਲ ਵੱਲੋਂ ਵੋਟਿੰਗ ਦੇ ਦਿਨ ਤੋਂ ਘੱਟੋ-ਘੱਟ ਦੋ ਦਿਨ ਪਹਿਲਾਂ ਮਨਜ਼ੂਰ ਕਰ ਲਿਆ ਜਾਂਦਾ ਹੈ।

ਪੱਛਮੀ ਬੰਗਾਲ ਦੀਆਂ 294 ਵਿਧਾਨ ਸਭਾ ਸੀਟਾਂ ਲਈ ਵੋਟਾਂ ਦੋ ਪੜਾਵਾਂ ਵਿੱਚ 23 ਅਪਰੈਲ ਅਤੇ 29 ਅਪਰੈਲ ਨੂੰ ਪੈਣਗੀਆਂ। ਇਨ੍ਹਾਂ ਚੋਣਾਂ ਦੇ ਨਤੀਜੇ 4 ਮਈ ਨੂੰ ਐਲਾਨੇ ਜਾਣਗੇ। ਇਸ ਦੇ ਨਾਲ ਹੀ, ਪੱਛਮੀ ਬੰਗਾਲ ਐੱਸ ਆਈ ਆਰ ਮਾਮਲੇ ਦੀ ਅਗਲੀ ਸੁਣਵਾਈ ਚੀਫ਼ ਜਸਟਿਸ ਦੀ ਅਗਵਾਈ ਵਾਲੇ ਬੈਂਚ ਵੱਲੋਂ 24 ਅਪਰੈਲ ਨੂੰ ਕੀਤੀ ਜਾਵੇਗੀ।

# ਸਖ਼ਤ ਕਾਨੂੰਨ ਬਨਣ ਕਰਕੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਦੌਰ ਖ਼ਤਮ ਹੋਇਆ: ਹਰਪਾਲ ਸਿੰਘ ਚੀਮਾ

**ਪਟਿਆਲਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਵਿਧਾਨ ਸਭਾ 'ਚ ਸਰਵਸੰਮਤੀ ਨਾਲ ਪਾਸ ਕਰਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2026 ਨੂੰ ਰਾਜਪਾਲ ਵੱਲੋਂ ਮਨਜ਼ੂਰੀ ਮਿਲਣ ਬਾਅਦ ਹੁਣ ਕੋਈ ਵੀ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਸੋਚ ਵੀ ਨਹੀਂ ਸਕੇਗਾ।

ਉਨ੍ਹਾਂ ਕਿਹਾ ਕਿ ਨਵੇਂ ਸਖ਼ਤ ਕਾਨੂੰਨ ਮੁਤਾਬਕ ਬੇਅਦਬੀ ਕਰਨ ਵਾਲੇ ਨੂੰ ਉਮਰ ਕੈਦ ਤੇ 25 ਲੱਖ ਰੁਪਏ ਤੱਕ ਦਾ ਜ਼ੁਰਮਾਨਾ ਕੀਤਾ ਜਾਵੇਗਾ, ਇਸ ਲਈ ਹੁਣ ਬੇਅਦਬੀਆਂ ਦਾ ਦੌਰ ਖ਼ਤਮ ਹੋ ਗਿਆ ਹੈ।

ਅੱਜ ਇੱਥੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਵਿਖੇ ਇੱਕ ਸਮਾਰੋਹ ਦੌਰਾਨ ਬੋਲਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਅੰਦਰ ਪੰਥ ਦੇ ਨਾਮ 'ਤੇ ਸਰਕਾਰਾਂ ਬਣਾਉਣ ਵਾਲਿਆਂ ਦੇ ਇਕਲੌਤੇ ਵਿਧਾਇਕ ਨੇ 13 ਅਪ੍ਰੈਲ ਨੂੰ ਵਿਧਾਨ ਸਭਾ ਚੋਂ ਗ਼ੈਰਹਾਜ਼ਰ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਨੂੰ ਆਪਣੀ ਸਹਿਮਤੀ ਵੀ ਨਹੀਂ ਦਿੱਤੀ, ਜਿਸ ਲਈ ਲੋਕਾਂ ਨੂੰ ਇਸ ਬਾਰੇ ਸੋਚਣਾ ਪਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਜਿਹੜੀ ਪਾਰਟੀ ਨੇ ਪੰਥ ਦੇ ਨਾਮ 'ਤੇ ਪੰਜਾਬ 'ਚ ਰਾਜ ਕੀਤਾ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਵੀ ਉਨ੍ਹਾਂ ਦੇ ਰਾਜ ਸਮੇਂ ਹੀ ਹੋਈਆਂ।

ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ 1986 'ਚ ਪੰਥ ਦੇ ਨਾਮ 'ਤੇ ਬਣੀ ਸਰਕਾਰ ਦੇ ਸਮੇਂ ਹੋਈ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਸਾਹਿਬ ਨਕੋਦਰ ਵਿਖੇ ਬੇਅਦਬੀ ਕਾਂਡ ਦਾ ਜਿਕਰ ਕਰਦਿਆਂ ਕਿਹਾ ਕਿ ਇਸ ਸਮੇਂ 5 ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਹੋਈ ਤੇ ਇਨਸਾਫ ਮੰਗਣ ਲਈ ਇਕੱਠੇ



ਹੋਏ ਲੋਕਾਂ 'ਤੇ ਗੋਲੀ ਚੱਲੀ ਜਿਸ ਕਰਕੇ ਚਾਰ ਨੌਜਵਾਨਾਂ ਮਾਰੇ ਗਏ ਸਨ। ਉਨ੍ਹਾਂ ਅਫ਼ਸੋਸ ਨਾਲ ਕਿਹਾ ਕਿ ਇਸ ਦੀ ਜਾਂਚ ਲਈ ਬਣੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਜਾਂਚ ਵਾਲੀ ਐਕਸ਼ਨ ਟੇਕਨ ਰਿਪੋਰਟ ਹੀ ਗੁੰਮ ਕਰ ਦਿੱਤੀ ਗਈ।

ਹਰਪਾਲ ਸਿੰਘ ਚੀਮਾ ਨੇ ਬਿਨ੍ਹਾਂ ਕਿਸੇ ਦਾ ਨਾਮ ਲਏ ਕਿਹਾ ਕਿ ਉਸੇ ਪਾਰਟੀ ਨੇ ਇਸ ਬੇਅਦਬੀ ਸਮੇਂ ਤਾਇਨਾਤ ਅਫ਼ਸਰਾਂ ਨੂੰ ਟਿੱਕਟਾਂ ਦੇ ਕੇ ਨਿਵਾਜਿਆ ਅਤੇ ਫੇਰ 2015 'ਚ ਵੀ ਨਕੋਦਰ ਤਰਜ 'ਤੇ ਦੁਬਾਰਾ ਬਰਗਾੜੀ ਤੇ ਬਹਿਬਲ ਕਲਾਂ ਬੇਅਦਬੀ ਤੇ ਗੋਲੀ ਕਾਂਡ ਵਾਪਰੇ ਪਰੰਤੂ ਕੋਈ ਇਨਸਾਫ਼ ਨਹੀਂ ਮਿਲਿਆ ਸੀ।

ਵਿੱਤ ਮੰਤਰੀ ਨੇ ਕਿਹਾ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਯਤਨਾਂ ਸਦਕਾ ਉਸ ਗੋਲੀ ਤੇ ਬੇਅਦਬੀ ਕਾਂਡ ਦਾ ਚਲਾਨ ਕੋਰਟ ਵਿੱਚ ਪੇਸ਼ ਕੀਤਾ ਗਿਆ ਅਤੇ ਉਸ ਸਮੇਂ ਦੇ ਮੁੱਖ ਮੰਤਰੀ, ਡਿਪਟੀ ਮੁੱਖ ਮੰਤਰੀ ਅਤੇ ਡੀ.ਜੀ.ਪੀ. ਰਹੇ ਵਿਅਕਤੀਆਂ ਨੂੰ ਆਪਣੀ ਜਮਾਨਤ ਕਰਵਾਉਣੀ ਪਈ ਹੈ।

ਉਨ੍ਹਾਂ ਕਿਹਾ ਕਿ ਬੇਅਦਬੀਆਂ ਦੇ ਦੋਸ਼ ਵਿੱਚ ਹੀ ਸ੍ਰੀ ਅਕਾਲ ਤਖ਼ਤ ਵਲੋਂ ਮਿਲਿਆ ਫ਼ਖ਼ਰ-ਏ-ਕੌਮ ਦਾ ਅਵਾਰਡ ਵੀ ਇਨ੍ਹਾਂ ਕੋਲੋਂ ਵਾਪਸ ਲਿਆ ਗਿਆ ਸੀ।

ਇਸ ਮੌਕੇ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਅਮਰੀਕ ਸਿੰਘ ਬੰਗੜ, ਅਮਿਤ ਡਾਬੀ, ਕਰਨਲ ਜੇ.ਵੀ, ਜਸਵੀਰ ਸਿੰਘ ਗਾਂਧੀ ਵੀ ਮੌਜੂਦ ਸਨ।

# ਸਰਹੱਦ ਪਾਰ ਅਤੇ ਮੱਧ ਪ੍ਰਦੇਸ਼ ਅਧਾਰਤ ਹਥਿਆਰ ਤਸਕਰੀ ਮਾਡਿਊਲ ਦਾ ਅੰਮ੍ਰਿਤਸਰ ਵਿੱਚ ਪਰਦਾਫ਼ਾਸ਼; ਛੇ ਪਿਸਤੌਲਾਂ ਸਮੇਤ ਤਿੰਨ ਕਾਬੂ



**ਅੰਮ੍ਰਿਤਸਰ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਰਹੱਦ ਪਾਰ ਅਤੇ ਮੱਧ ਪ੍ਰਦੇਸ਼ ਅਧਾਰਤ ਗ਼ੈਰ-ਕਾਨੂੰਨੀ ਹਥਿਆਰ ਸਪਲਾਈ ਮਾਡਿਊਲ ਦੇ ਤਿੰਨ ਮੁਲਜ਼ਮਾਂ ਨੂੰ ਛੇ ਪਿਸਤੌਲਾਂ ਸਮਤੇ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਨੂੰ ਬੇਅਸਰ ਕਰ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਸਾਂਝੀ ਕੀਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਦੀਪਕ ਸਿੰਘ ਉਰਫ਼ ਦੀਪੂ (22) ਵਾਸੀ ਕਸ਼ਮੀਰ ਐਵੇਨਿਊ,ਅੰਮ੍ਰਿਤਸਰ; ਅਰੁਣ ਕੁਮਾਰ ਉਰਫ਼ ਸਾਬੂ (26) ਵਾਸੀ ਨਾਰਾਇਣਗੜ੍ਹ, ਅੰਮ੍ਰਿਤਸਰ ਅਤੇ ਸੁਖਜਿੰਦਰ ਸਿੰਘ ਉਰਫ਼ ਸੁੱਖਾ (29) ਵਾਸੀ ਰੇਹਾਨਾ ਜੱਟਾਂ, ਕਪੂਰਥਲਾ ਵਜੋਂ ਹੋਈ ਹੈ। ਬਰਾਮਦ ਕੀਤੀਆਂ ਪਿਸਤੌਲਾਂ ਵਿੱਚ ਇੱਕ .30 ਬੋਰ ਪੀਐਕਸ5 ਪਿਸਤੌਲ, ਤਿੰਨ .32 ਬੋਰ ਅਤੇ ਦੋ .30 ਬੋਰ ਪਿਸਤੌਲਾਂ ਸਮੇਤ ਸੱਤ ਜ਼ਿੰਦਾ ਕਾਰਤੂਸ ਸ਼ਾਮਲ ਹਨ। ਡੀਜੀਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਮੱਧ ਪ੍ਰਦੇਸ਼ ਤੋਂ ਗੈਰ-ਕਾਨੂੰਨੀ ਹਥਿਆਰ ਖ਼ਰੀਦਦੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਉਕਤ ਦੋਸ਼ੀ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ ਅਧਾਰਤ ਤਸਕਰਾਂ ਦੇ ਸੰਪਰਕ ਵਿੱਚ ਸਨ ,ਜੋ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੇ ਗੈਰ-ਕਾਨੂੰਨੀ ਹਥਿਆਰਾਂ ਨੂੰ ਆਪਣੇ ਸਥਾਨਕ ਹੈਂਡਲਰਾਂ ਰਾਹੀਂ ਖੇਤਰ ਵਿੱਚ ਸਪਲਾਈ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਨੈੱਟਵਰਕ ਮਾਝਾ ਅਤੇ ਦੋਆਬਾ ਖੇਤਰਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਿਹਾ ਸੀ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਪੂਰੇ ਨੈੱਟਵਰਕ ਦਾ ਮੁਕੰਮਲ ਰੂਪ ਵਿੱਖ ਖ਼ਾਤਮਾ ਕੀਤਾ ਜਾ ਸਕੇ। ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਖ਼ਤਾ ਇਤਲਾਹ ਦੇ ਆਧਾਰ 'ਤੇ ਯੋਜਨਾਬੱਧ ਆਪ੍ਰੇਸ਼ਨ ਤਹਿਤ ਪੁਲਿਸ ਟੀਮਾਂ ਨੇ ਕਾਰਵਾਈ ਕਰਦਿਆਂ ਪਹਿਲਾਂ ਦੀਪਕ ਉਰਫ਼ ਦੀਪੂ ਨੂੰ ਇੱਕ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ।

# ਲੁਧਿਆਣਾ 'ਚ ਚੋਰੀ ਦੇ ਸ਼ੱਕ 'ਚ ਨੌਜਵਾਨ ਦੀ ਬੇਰਹਿਮੀ ਨਾਲ ਕੁੱਟਮਾਰ, ਖੰਭੇ ਨਾਲ ਬੰਨ੍ਹ ਕੇ ਸਿਰ ਮੁੰਨਿਆ; ਪੁਲਿਸ ਨੇ ਛੁਡਵਾਇਆ

**ਲੁਧਿਆਣਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਲੁਧਿਆਣਾ ਦੇ ਥਾਣਾ ਬਸਤੀ ਜੋਧੇਵਾਲ ਅਧੀਨ ਪੈਂਦੇ ਨੂਰਵਾਲਾ ਰੋਡ ਇਲਾਕੇ ਵਿੱਚ ਐਤਵਾਰ ਨੂੰ ਇੱਕ ਨੌਜਵਾਨ ਨਾਲ ਭੀੜ ਵੱਲੋਂ ਕੀਤੀ ਗਈ ਕੁੱਟਮਾਰ ਦੀ ਘਟਨਾ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ। ਚੋਰੀ ਦੇ ਸ਼ੱਕ ਵਿੱਚ ਗੁੱਸੇ ਵਿੱਚ ਆਈ ਭੀੜ ਨੇ ਨੌਜਵਾਨ ਨੂੰ ਫੜ ਕੇ ਪਹਿਲਾਂ ਉਸ ਦੀ ਜੰਮ ਕੇ ਕੁੱਟਮਾਰ ਕੀਤੀ ਅਤੇ ਫਿਰ ਉਸ ਨੂੰ ਬਿਜਲੀ ਦੇ ਖੰਭੇ ਨਾਲ ਬੰਨ੍ਹ ਦਿੱਤਾ।

ਇਸ ਤੋਂ ਬਾਅਦ ਲੋਕਾਂ ਨੇ ਸ਼ਰੇਆਮ ਉਸ ਦਾ ਸਿਰ ਮੁੰਨ ਦਿੱਤਾ ਅਤੇ ਉਸ ਨੂੰ ਪੂਰੇ ਇਲਾਕੇ ਵਿੱਚ ਘੁਮਾਇਆ। ਇਸ ਘਟਨਾ ਦੀ ਵੀਡੀਓ ਅਤੇ ਤਸਵੀਰਾਂ ਸਾਹਮਣੇ ਆਉਣ ਤੋਂ ਬਾਅਦ ਇਲਾਕੇ



ਵਿੱਚ ਤਣਾਅ ਦਾ ਮਾਹੌਲ ਬਣ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਇਲਾਕੇ ਵਿੱਚ ਪਿਛਲੇ ਕੁਝ ਸਮੇਂ ਤੋਂ ਚੋਰੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਸਨ, ਜਿਸ ਕਾਰਨ ਸਥਾਨਕ ਲੋਕ ਪਹਿਲਾਂ ਹੀ ਗੁੱਸੇ ਵਿੱਚ ਸਨ। ਐਤਵਾਰ ਨੂੰ ਲੋਕਾਂ ਨੇ ਇੱਕ ਨੌਜਵਾਨ ਨੂੰ ਸ਼ੱਕੀ ਹਾਲਤ ਵਿੱਚ ਘੁੰਮਦੇ ਹੋਏ ਫੜ ਲਿਆ। ਕੁਝ ਲੋਕਾਂ ਦਾ ਦਾਅਵਾ ਹੈ ਕਿ ਨੌਜਵਾਨ ਚੋਰੀ ਦੀ ਨੀਅਤ ਨਾਲ ਆਇਆ ਸੀ ਜਾਂ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਹਾਲਾਂਕਿ ਇਸ ਗੱਲ ਦੀ ਅਧਿਕਾਰਤ ਪੁਸ਼ਟੀ ਅਜੇ ਨਹੀਂ ਹੋਈ ਹੈ। ਜਿਵੇਂ ਹੀ ਨੌਜਵਾਨ ਨੂੰ ਫੜਿਆ ਗਿਆ, ਮੌਕੇ 'ਤੇ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ। ਭੀੜ ਦਾ ਗੁੱਸਾ ਇਸ ਕਦਰ ਵੱਧ ਗਿਆ ਕਿ ਲੋਕਾਂ ਨੇ ਕਾਨੂੰਨ ਨੂੰ ਹੱਥ ਵਿੱਚ ਲੈਂਦਿਆਂ ਨੌਜਵਾਨ ਨੂੰ ਖੰਭੇ ਨਾਲ ਬੰਨ੍ਹ ਦਿੱਤਾ ਅਤੇ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਚਸ਼ਮਦੀਦਾਂ ਅਨੁਸਾਰ ਨੌਜਵਾਨ ਨੂੰ ਲੱਤਾਂ-ਮੁੱਕਿਆਂ ਨਾਲ ਪਿੱਟਿਆ ਗਿਆ ਅਤੇ ਬਾਅਦ ਵਿੱਚ ਉਸ ਦਾ ਸਿਰ ਮੁੰਨ ਕੇ ਉਸ ਨੂੰ ਸੜਕ 'ਤੇ ਘੁਮਾਇਆ ਗਿਆ, ਤਾਂ ਜੋ ਹੋਰ ਲੋਕਾਂ ਨੂੰ ਚਿਤਾਵਨੀ ਦਿੱਤੀ ਜਾ ਸਕੇ।

ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਬਸਤੀ ਜੋਧੇਵਾਲ ਦੀ ਪੁਲਿਸ ਟੀਮ ਮੌਕੇ 'ਤੇ ਪਹੁੰਚੀ।

# ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ ਦੀਆਂ 2 ਗੈਰ-ਕਾਨੂੰਨੀ ਉਸਾਰੀਆਂ ਢਹਿ-ਢੇਰੀ



**ਮਲੇਰਕੋਟਲਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤਹਿਤ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਲਗਾਤਾਰ ਜਾਰੀ ਹੈ।

ਇਸੇ ਲੜੀ ਤਹਿਤ ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਡੀ.ਐਸ.ਪੀ. ਮਾਨਵਜੀਤ ਸਿੰਘ ਦੀ ਅਗਵਾਈ ਹੇਠ ਐਸ.ਐਚ.ਓ. ਦਰਸ਼ਨ ਸਿੰਘ ਅਤੇ ਭਾਰੀ ਪੁਲਿਸ ਫੋਰਸ ਵੱਲੋਂ 2 ਨਸ਼ਾ ਤਸਕਰਾਂ ਦੇ ਨਜਾਇਜ ਕਬਜਿਆਂ ਨੂੰ ਢਹਿ ਢੇਰੀ ਕੀਤਾ ਗਿਆ। ਡੀ.ਐਸ.ਪੀ. ਮਾਨਵਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਕੌਂਸਲ ਦੇ ਸਹਿਯੋਗ ਨਾਲ ਥਾਣਾ ਸਿਟੀ 1 ਅਤੇ ਥਾਣਾ ਸਿਟੀ 2 ਮਾਲੇਰਕੋਟਲਾ ਦੇ ਦੋ ਗੈਰ-ਕਾਨੂੰਨੀ ਜਾਇਦਾਦ ਤੇ ਕਾਰਵਾਈ ਕੀਤੀ ਗਈ।ਨਸ਼ਾ ਤਸਕਰੀ ਨਾਲ ਸਬੰਧਤ ਮੁਹੰਮਦ ਸ਼ਮਸ਼ਾਦ ਉਰਫ ਬੰਨਾ ਪੁੱਤਰ ਮੁਹੰਮਦ ਯਾਕੂਬ ਵਾਸੀ ਕਿਲ੍ਹਾ ਰਹਿਮਤਗੜ੍ਹ ਅਤੇ ਮੁਹੰਮਦ ਯਾਕੂਬ ਪੁੱਤਰ ਮੁਹੰਮਦ ਰਫੀਕ ਵਾਸੀ ਕੁਟੀ ਰੋਡ ਦੇੜ੍ਹਾਖੂਹ ਵੱਲੋਂ ਸਰਕਾਰੀ ਥਾਵਾਂ ਤੇ ਗੈਰ-ਕਾਨੂੰਨੀ ਕਬਜਾ ਕੀਤਾ ਹੋਇਆ ਸੀ। ਇਸ ਲਈ ਸਿਵਲ ਪ੍ਰਸ਼ਾਸ਼ਨ ਨੇ ਪੁਲਿਸ ਵਿਭਾਗ ਨਾਲ ਮਿਲਕੇ ਇਨਾਂ ਅਣਅਧਿਕਾਰਤ ਕੀਤੀ ਉਸਾਰੀ ਨੂੰ ਢਹਿ-ਢੇਰੀ ਕੀਤਾ ਗਿਆ।

ਡੀ.ਐਸ.ਪੀ. ਮਾਲੇਰਕੋਟਲਾ ਨੇ ਹੋਰ ਦੱਸਿਆ ਕਿ ਕਾਨੂੰਨੀ ਰਿਕਾਰਡ ਮੁਤਾਬਿਕ ਇਹਨਾਂ ਵਿਅਕਤੀਆਂ ਤੇ ਨਸ਼ਾ ਤਸਕਰੀ ਦੇ ਮਾਮਲੇ ਵੀ ਦਰਜ ਹਨ ਜਿਨ੍ਹਾਂ ਵਿੱਚ ਮੁਹੰਮਦ ਯਾਕੂਬ ਪੁੱਤਰ ਮੁਹੰਮਦ ਰਫੀਕ ਤੇ 5 ਮਾਮਲੇ ਦਰਜ ਹਨ, ਜਦਕਿ ਮੁਹੰਮਦ ਸ਼ਮਸ਼ਾਦ ਉਰਫ ਬੰਨਾ ਪੁੱਤਰ ਮੁਹੰਮਦ ਯਾਕੂਬ ਖ਼ਿਲਾਫ਼ 2 ਮਾਮਲੇ ਦਰਜ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹੇ ਵਿੱਚ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨਸ਼ਿਆਂ ਦੇ ਜਾਲ ਨੂੰ ਪੂਰਨ ਤੌਰ ਤੇ ਖ਼ਤਮ ਕਰਨ ਲਈ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ ਪੰਜਾਬ ਸ਼੍ਰੀ ਗੌਰਵ ਯਾਦਵ ਦੀਆਂ ਹਦਾਇਤਾਂ ਅਨੁਸਾਰ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਇਸ ਗੈਰ-ਕਾਨੂੰਨੀ ਧੰਦੇ ਨੂੰ ਤੁਰੰਤ ਛੱਡ ਦੇਣ, ਨਹੀਂ ਤਾਂ ਭਵਿੱਖ ਵਿੱਚ ਉਨ੍ਹਾ ਖ਼ਿਲਾਫ਼ ਕਾਨੂੰਨ ਅਨੁਸਾਰ ਇਸੇ ਤਰ੍ਹਾਂ ਦੀ ਕੜੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਡੀ.ਐਸ.ਪੀ. ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਨਾਲ ਸਬੰਧਿਤ ਕੋਈ ਵੀ ਜਾਣਕਾਰੀ ਵਟਸਐਪ ਨੰਬਰ 97791-00200 'ਤੇ ਸਾਂਝੀ ਕੀਤੀ ਜਾਵੇ।

# ਨਸ਼ਿਆਂ ਦੇ ਖਾਤਮੇ ਤੇ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਭਗਵੰਤ ਮਾਨ ਸਰਕਾਰ ਨੇ ਖੇਡਾਂ ਲਈ 1793 ਕਰੋੜ ਰੁਪਏ ਦਾ ਬਜਟ ਰੱਖਿਆ: ਹਰਪਾਲ ਸਿੰਘ ਚੀਮਾ

**ਪਟਿਆਲਾ, 21 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸੂਬੇ ਅੰਦਰ ਨਸ਼ਿਆਂ ਦੇ ਖਾਤਮੇ ਅਤੇ ਖੇਡਾਂ ਤੇ ਖਿਡਾਰੀਆਂ ਨੂੰ ਪ੍ਰਫੁੱਲਤ ਕਰਨ ਲਈ 1793 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਉਹ ਇੱਥੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਸਿੱਧੂਵਾਲ ਸਥਿਤ ਨਵੇਂ ਕੰਪਲੈਕਸ ਵਿਖੇ ਸੰਸਥਾ ਪ੍ਰਵੇਸ਼ ਲਈ ਕਰਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਸਮਾਗਮ 'ਚ ਸ਼ਿਰਕਤ ਕਰਨ ਪੁੱਜੇ ਹੋਏ ਸਨ। ਇਸ ਮੌਕੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਵਿੱਤ ਮੰਤਰੀ ਸਮੇਤ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਹਰਪਾਲ ਸਿੰਘ ਚੀਮਾ ਨੂੰ ਸਿਰੋਪਾਓ ਭੇਟ ਕੀਤਾ।

ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਸੰਭਾਲਣ ਲਈ ਭਗਵੰਤ ਮਾਨ ਸਰਕਾਰ ਨੇ ਜਿੱਥੇ



ਯੁੱਧ ਨਸ਼ਿਆਂ ਵਿਰੁੱਧ ਅਰੰਭ ਕੀਤਾ ਉਥੇ ਹੀ ਖੇਡਾਂ ਨੂੰ ਵੀ ਤਵੱਜੋ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਚਾਰ ਸਾਲਾਂ 'ਚ 66 ਹਜ਼ਾਰ ਸਰਕਾਰੀ ਨੌਕਰੀਆਂ ਦੇ ਕੇ ਸੂਬੇ ਦੇ ਨੌਜਵਾਨਾਂ ਦੇ ਹੋ ਰਹੇ ਬ੍ਰੇਨ-ਡਰੇਨ ਨੂੰ ਰੋਕਣ 'ਚ ਵੀ ਸਫ਼ਲ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਪਾਸਪੋਰਟ ਬਣਨ ਦਾ ਘੱਟ ਰਿਹਾ ਰੁਝਾਨ ਸਾਹਮਣੇ ਆਇਆ ਹੈ ਤੇ ਸਾਡੇ ਨੌਜਵਾਨਾਂ ਦਾ ਆਤਮ ਵਿਸ਼ਵਾਸ਼ ਪੰਜਾਬ 'ਚ ਵਧਣ ਕਰਕੇ ਉਹ ਬਾਹਰ ਜਾਣ ਤੋਂ ਗੁਰੇਜ਼ ਕਰ ਲੱਗੇ ਹਨ, ਜਿਸ ਕਰਕੇ ਸੂਬੇ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵੀ ਦਾਖਲੇ ਵਧੇ ਹਨ।

ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪਿਛਲੀ ਕਿਸੇ ਵੀ ਸਰਕਾਰ ਨੇ 150 ਕਰੋੜ ਰੁਪਏ ਤੋਂ ਵੱਧ ਖੇਡਾਂ ਲਈ ਐਨਾ ਬਜਟ ਕਦੇ ਨਹੀਂ ਸੀ ਰੱਖਿਆ, ਜਿਸ ਕਰਕੇ ਪੰਜਾਬ ਖੇਡਾਂ 'ਚ ਪੱਛੜ ਰਿਹਾ ਸੀ ਅਤੇ ਖੇਡਾਂ ਲਈ ਬੁਨਿਆਦੀ ਢਾਂਚੇ ਦੀ ਘਾਟ ਕਰਕੇ ਨੌਜਵਾਨ ਨਸ਼ਿਆਂ ਵੱਲ ਰੁਚਿਤ ਹੋ ਰਹੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਨੇ ਪਿੰਡ-ਪਿੰਡ ਖੇਡ ਦੇ ਮੈਦਾਨ ਤੇ ਵੱਧੀਆ ਸਟੇਡੀਅਮ ਬਣਾਉਣ ਲਈ ਖੇਡਾਂ ਵਾਸਤੇ ਲਗਾਤਾਰ ਵੱਧ ਤੋਂ ਵੱਧ ਬਜਟ ਰੱਖਿਆ, ਜਿਸ ਦੇ ਹਾਂ ਪੱਖੀ ਨਤੀਜੇ ਸਾਹਮਣੇ ਆਏ ਹਨ।

ਹਰਪਾਲ ਸਿੰਘ ਜਿਨ੍ਹਾਂ ਕੋਲ ਕਰ ਤੇ ਆਬਕਾਰੀ ਅਤੇ ਟਰਾਂਸਪੋਰਟ ਵਿਭਾਗ ਵੀ ਹਨ, ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਅਕਾਦਮਿਕ ਬਲਾਕ ਤੇ ਲੜਕੇ ਤੇ ਲੜਕੀਆਂ ਦੇ ਹੋਸਟਲਾਂ ਦੀਆਂ 53 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੀਆਂ ਨਵੀਆਂ ਇਮਾਰਤਾਂ ਦਾ ਉਦਘਾਟਨ ਬੀਤੇ ਦਿਨ ਕੀਤਾ ਸੀ ਅਤੇ ਹੁਣ ਇਸਦੇ ਬਕਾਇਆ ਕੰਪਲੈਕਸ ਦੀ ਉਸਾਰੀ ਲਈ ਵੀ ਫੰਡ ਜਲਦ ਮੁਹੱਈਆ ਕਰਵਾਏ ਜਾ ਹਨ। ਵਿੱਤ ਮੰਤਰੀ ਨੇ ਦੱਸਿਆ ਕਿ ਪੰਜਾਬ ਦਾ ਕਰਜਾ ਵਧਿਆ ਨਹੀਂ ਬਲਕਿ ਡੈਟ ਟੂ ਜੀਡੀਪੀ ਅਨੁਪਾਤ ਅਨੁਸਾਰ 3 ਫ਼ੀਸਦੀ ਕਰਜਾ ਘਟਾਉਣ 'ਚ ਭਗਵੰਤ ਸਿੰਘ ਮਾਨ ਸਰਕਾਰ ਨੂੰ ਕਾਮਯਾਬੀ ਮਿਲੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਮਾਨਦਾਰੀ ਤੇ ਨੇਕਨੀਤੀ ਸਦਕਾ ਜੀ.ਐਸ.ਟੀ. ਦੀ ਆਮਦਨ 'ਚ 100 ਫੀਸਦੀ ਤੋਂ ਵਧੇਰੇ ਇਜ਼ਾਫ਼ਾ ਹੋਇਆ ਹੈ ਅਤੇ ਇਹ 60 ਹਜ਼ਾਰ ਕਰੋੜ ਤੋਂ ਵੱਧਕੇ 1 ਲੱਖ 30 ਹਜ਼ਾਰ ਕਰੋੜ ਰੁਪਏ ਹੋ ਗਈ ਹੈ। ਜਦਕਿ ਸਟੈਂਪ ਐਂਡ ਰਜਿਸਟ੍ਰੇਸ਼ਨ ਐਕਟ 'ਚੋਂ 12 ਹਜ਼ਾਰ ਕਰੋੜ ਰੁਪਏ ਤੋਂ ਵੱਧਕੇ 30 ਹਜ਼ਾਰ ਕਰੋੜ ਰੁਪਏ ਹੋ ਗਈ ਹੈ ਅਤੇ ਆਬਕਾਰੀ ਵਿਭਾਗ 'ਚ ਆਮਦਨ 6551 ਕਰੋੜ ਰੁਪਏ ਤੋਂ ਵੱਧ ਕੇ 12800 ਕਰੋੜ ਰੁਪਏ ਸਾਲਾਨਾ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਸੇ ਸਦਕਾ ਪੰਜਾਬ ਰੰਗਲਾ ਪੰਜਾਬ ਬਣਨ ਵੱਲ ਵੱਧ ਰਿਹਾ ਹੈ।

ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਯੂਨੀਵਰਸਿਟੀ ਪੰਜਾਬ ਸਰਕਾਰ ਦੀ ਇੱਛਾ ਮੁਤਾਬਕ ਸੂਬੇ ਅੰਦਰ ਨੌਜਵਾਨਾਂ ਨੂੰ ਖੇਡਾਂ ਵੱਲ ਰੁਚਿਤ ਕਰਨ ਸਮੇਤ ਨਸ਼ਿਆਂ ਦੇ ਖਾਤਮੇ ਲਈ ਆਪਣੀ ਅਹਿਮ ਭੂਮਿਕਾ ਨਿਭਾਏਗੀ।

# ਬੀਬੀਐਮਬੀ ਕ੍ਰਿਕੇਟ ਟੂਰਨਾਮੈਂਟ ਤੇ ਐਥਲੈਟਿਕਸ ਖੇਡ ਮੁਕਾਬਲੇ ਸ਼ੁਰੂ

## ਉਪ ਮੁੱਖ ਇੰਜਨੀਅਰ ਵਿਮਲ ਕੁਮਾਰ ਮੀਨਾ ਨੇ ਕੀਤਾ ਉਦਘਾਟਨ



**ਤਲਵਾੜਾ 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਖੜਾ ਬਿਆਸ ਪ੍ਰਬੰਧ ਬੋਰਡ ਤਲਵਾੜਾ ਦਾ ਇੰਟਰ ਸਰਕਲ ਬੀਬੀਐਮਬੀ ਕ੍ਰਿਕੇਟ ਟੂਰਨਾਮੈਂਟ ਤੇ ਐਥਲੈਟਿਕਸ ਖੇਡ ਮੁਕਾਬਲਿਆਂ ਦਾ ਅੱਜ ਉਪ ਮੁੱਖ ਇੰਜਨੀਅਰ ਵਿਮਲ ਕੁਮਾਰ ਮੀਨਾ ਨੇ ਉਦਘਾਟਨ ਕੀਤਾ। ਪਹਿਲਾਂ ਕ੍ਰਿਕੇਟ ਮੈਚ ਪਾਵਰਵਿੰਗ ਅਤੇ ਦਫ਼ਤਰ ਮੁੱਖ ਇੰਜਨੀਅਰ ਦੀ ਟੀਮ ਵਿਚਕਾਰ ਖੇਡਿਆ ਗਿਆ।

ਇਸ ਮੌਕੇ ਮੁੱਖ ਮਹਿਮਾਨ ਉਪ ਮੁੱਖ ਇੰਜਨੀਅਰ ਵਿਮਲ ਕੁਮਾਰ ਮੀਨਾ ਨੇ ਕਿਹਾ ਕਿ ਇਹ ਖੇਡ ਟੂਰਨਾਮੈਂਟ ਬੀਬੀਐਮਬੀ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਨ ਵਿਚ ਸਹਾਈ ਸਿੱਧ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਦੌਰਾਨ ਵੱਖ ਵੱਖ ਟੀਮਾਂ ਦੇ ਕ੍ਰਿਕੇਟ ਮੁਕਾਬਲਿਆਂ ਤੋਂ ਇਲਾਵਾ ਐਥਲੈਟਿਕਸ ਦੇ ਮੁਕਾਬਲੇ ਵੀ ਹੋਣਗੇ। ਇਹ ਟੂਰਨਾਮੈਂਟ 27 ਅਪ੍ਰੈਲ ਤੱਕ ਚੱਲੇਗਾ। ਟੂਰਨਾਮੈਂਟ ਨਰਸਰੀ ਗਰਾਊਂਡ ਖੇਡ ਮੈਦਾਨ ਵਿਚ ਹੋ ਰਿਹਾ ਹੈ।

ਨਿਗਰਾਨ ਇੰਜਨੀਅਰ (ਪਾਵਰ ਵਿੰਗ) ਅਜੀਤ ਕੁਮਾਰ ਭੱਟੀ ਨੇ ਕਿਹਾ ਕਿ ਖੇਡਾਂ ਟੀਮ ਭਾਵਨਾ ਅਤੇ ਅਨੁਸ਼ਾਸਨ ਦੀ ਭਾਵਨਾ ਮਜਬੂਤ ਕਰਦੀਆਂ ਹਨ ਅਤੇ ਇਹ ਸਟਾਫ ਦੀ ਸਖਸ਼ੀਅਤ ਉਸਾਰੀ ਵਿਚ ਮਹੱਤਵਪੂਰਨ ਰੋਲ ਅਦਾ ਕਰਨਗੀਆਂ।

ਕਾਰਜਕਾਰੀ ਇੰਜਨੀਅਰ ਟਾਊਨਸ਼ਿਪ ਰਬਿੰਦਰ ਸਿੰਘ ਨੇ ਦੱਸਿਆ ਕਿ ਹਰ ਰੋਜ ਦੋ ਕ੍ਰਿਕੇਟ ਮੈਚ ਹੋਣਗੇ। ਅੱਜ ਦੇ ਪਹਿਲੇ ਮੈਚ ਵਿਚ ਪਾਵਰਵਿੰਗ ਦੀ ਟੀਮ ਨੇ ਪਹਿਲਾਂ ਖੇਡਦਿਆਂ 6 ਵਿਕਟਾਂ ਗੁਆ ਕੇ 188 ਦੌੜਾਂ ਬਣਾਈਆਂ। ਜਵਾਬ ਵਿਚ ਦਫ਼ਤਰ ਮੁੱਖ ਇੰਜਨੀਅਰ ਦੀ ਟੀਮ ਨਿਰਧਾਰਤ 16 ਓਵਰਾਂ ਵਿਚ 7 ਵਿਕਟਾਂ ਗੁਆ ਕੇ 149 ਦੌੜਾਂ ਹੀ ਬਣਾ ਪਾਈ ਅਤੇ ਇਹ ਮੈਚ ਪਾਵਰਵਿੰਗ ਦੀ ਟੀਮ ਨੇ 39 ਦੌੜਾਂ ਦੇ ਫਰਕ ਨਾਲ ਜਿੱਤ ਲਿਆ। ਇਸ ਮੌਕੇ ਕਾਰਜਕਾਰੀ ਇੰਜਨੀਅਰ ਅਰਵਿੰਦਰਪਾਲ ਸਿੰਘ ਉੱਭੀ ਅਤੇ ਰਾਜੇਸ਼ ਕੁਮਾਰ, ਅਕਾਊਂਟ ਅਫ਼ਸਰ ਵਿਜੈ ਕੁਮਾਰ ਵੀ ਵਿਸੇਸ਼ ਤੌਰ ਤੇ ਹਾਜਰ ਸਨ।

# ਪੰਜਾਬ 'ਚ ਬੇਅਦਬੀ ਵਿਰੁੱਧ ਕਾਨੂੰਨ ਅੱਜ ਤੋਂ ਲਾਗੂ; ਨੋਟੀਫ਼ਿਕੇਸ਼ਨ ਜਾਰੀ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਅੱਜ 'ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ ਜਿਸ ਨਾਲ ਬੇਅਦਬੀ ਵਿਰੁੱਧ ਕਾਨੂੰਨ ਅੱਜ ਤੋਂ ਹੀ ਅਮਲ 'ਚ ਆ ਗਿਆ ਹੈ। ਪੰਜਾਬ ਦੇ ਰਾਜਪਾਲ ਨੇ 18 ਅਪਰੈਲ ਨੂੰ ਇਸ ਸੋਧ ਬਿੱਲ ਨੂੰ ਸਹਿਮਤੀ ਦੇ ਦਿੱਤੀ ਸੀ। ਪੰਜਾਬ ਦੇ ਕਾਨੂੰਨੀ ਤੇ ਵਿਧਾਨਿਕ ਮਾਮਲਿਆਂ ਬਾਰੇ ਵਿਭਾਗ ਨੇ ਅੱਜ ਇਸ ਐਕਟ ਬਾਰੇ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਅੱਜ ਨੋਟੀਫ਼ਿਕੇਸ਼ਨ ਜਾਰੀ ਕਰਕੇ ਬੇਅਦਬੀ ਵਿਰੁੱਧ ਕਾਨੂੰਨ ਨੂੰ ਲਾਗੂ ਕਰ ਦਿੱਤਾ ਹੈ। ਪੰਜਾਬ 'ਚ ਸਾਲ 2015 'ਚ ਫ਼ਰੀਦਕੋਟ ਜ਼ਿਲ੍ਹੇ 'ਚ ਬੇਅਦਬੀ ਦੀਆਂ ਘਟਨਾਵਾਂ ਤੇਜ਼ੀ ਨਾਲ ਸ਼ੁਰੂ ਹੋਈਆਂ ਸਨ ਅਤੇ ਹੁਣ ਤੱਕ ਸੂਬੇ 'ਚ 597 ਬੇਅਦਬੀ ਦੇ ਕੇਸ ਸਾਹਮਣੇ ਆ ਚੁੱਕੇ ਹਨ। ਠੀਕ ਗਿਆਰਾਂ



ਸਾਲ ਮਗਰੋਂ ਸਖ਼ਤ ਸਜ਼ਾਵਾਂ ਵਾਲਾ ਬੇਅਦਬੀ ਵਿਰੁੱਧ ਕਾਨੂੰਨ ਅਮਲ 'ਚ ਆਇਆ ਹੈ।

ਪੰਜਾਬ ਵਿਧਾਨ ਸਭਾ ਨੇ 13 ਅਪਰੈਲ ਨੂੰ ਸਰਬਸੰਮਤੀ ਨਾਲ ਸੋਧ ਬਿੱਲ ਨੂੰ ਪਾਸ ਕਰ ਦਿੱਤਾ ਸੀ ਅਤੇ ਰਾਜਪਾਲ ਦੀ ਸਹਿਮਤੀ ਮਗਰੋਂ ਇਸ ਸੋਧ ਬਿੱਲ ਨੂੰ ਲੈ ਕੇ ਬਣੇ ਸਿਆਸੀ ਤੇ ਕਾਨੂੰਨੀ ਤੌਖ਼ਲੇ ਵੀ ਦੂਰ ਹੋ ਗਏ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲਾਂ ਹੀ ਕਹਿ ਚੁੱਕੇ ਸਨ ਕਿ ਬੇਅਦਬੀ ਵਿਰੁੱਧ ਕਾਨੂੰਨ ਸਟੇਟ ਦੇ ਦਾਇਰੇ 'ਚ ਹੈ ਜਿਸ ਵਾਸਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਦੀ ਲੋੜ ਨਹੀਂ। ਅੱਜ ਨੋਟੀਫ਼ਿਕੇਸ਼ਨ ਜਾਰੀ ਹੋਣ ਮਗਰੋਂ ਸਮਾਣਾ 'ਚ 12 ਅਕਤੂਬਰ 2024 ਤੋਂ ਚੱਲ ਰਿਹਾ ਮੋਰਚਾ ਵੀ ਖ਼ਤਮ ਹੋਣ ਦੇ ਆਸਾਰ ਬਣ ਗਏ ਹਨ।

ਗ਼ੌਰਤਲਬ ਹੈ ਭਾਈ ਗੁਰਜੀਤ ਸਿੰਘ ਖ਼ਾਲਸਾ ਬੇਅਦਬੀ ਵਿਰੁੱਧ ਸਖ਼ਤ ਸਜ਼ਾਵਾਂ ਵਾਲੇ ਕਾਨੂੰਨ ਦੀ ਮੰਗ ਨੂੰ ਲੈ ਕੇ ਚਾਰ ਸੌ ਫ਼ੁੱਟ ਉੱਚੇ ਟਾਵਰ 'ਤੇ ਚੜ੍ਹੇ ਹੋਏ ਸਨ। ਨਵੇਂ ਕਾਨੂੰਨ ਅਨੁਸਾਰ ਹੁਣ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦੇ ਕਿਸੇ ਵੀ ਕੰਮ 'ਚ ਸ਼ਾਮਲ ਜਾਂ ਅਜਿਹੀ ਸਾਜ਼ਿਸ਼ ਦਾ ਹਿੱਸਾ ਬਣਨ ਵਾਲੇ ਨੂੰ 10 ਸਾਲ ਤੋਂ ਉਮਰ ਕੈਦ ਦੀ ਸਜ਼ਾ ਹੋਵੇਗੀ ਅਤੇ ਇਸ ਕਾਨੂੰਨ 'ਚ ਪੰਜ ਲੱਖ ਤੋਂ 25 ਲੱਖ ਰੁਪਏ ਤੱਕ ਦੇ ਜ਼ੁਰਮਾਨਾ ਹੋਵੇਗਾ।

## ਸੰਪਾਦਕੀ

# ਆਈ ਐੱਮ ਐੱਫ ਦਰਜਾਬੰਦੀ 'ਚ ਭਾਰਤ ਛੇਵੇਂ ਨੰਬਰ 'ਤੇ ਖਿਸਕਿਆ

ਦੁਨੀਆ ਦੇ ਸਭ ਤੋਂ ਵੱਡੇ ਅਰਥਚਾਰਿਆਂ ਬਾਰੇ 'ਆਈ ਐੱਮ ਐੱਫ' ਦਰਜਾਬੰਦੀ ਵਿੱਚ ਭਾਰਤ ਦਾ ਪੰਜਵੇਂ ਸਥਾਨ ਤੋਂ ਖਿਸਕ ਕੇ ਛੇਵੇਂ 'ਤੇ ਜਾਣਾ ਸੁਭਾਵਿਕ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ। ਇਸ ਨੂੰ ਵੱਖਰੇ ਸੰਦਰਭ ਵਿੱਚ ਸਮਝਣ ਦੀ ਲੋੜ ਹੈ। ਇਹ ਆਰਥਿਕ ਨਿਘਾਰ ਦੀ ਥਾਂ ਮੁਦਰਾ ਵਟਾਂਦਰਾ ਦਰਾਂ, ਅੰਕੜਿਆਂ 'ਚ ਸੋਧ ਅਤੇ ਦਰਜਾਬੰਦੀ ਦੀ ਸੀਮਾ 'ਚ ਖੜੋਤ ਦਾ ਮਾਮਲਾ ਜਾਪਦਾ ਹੈ। ਜਦੋਂ ਰੁਪੱਈਆ ਕਮਜ਼ੋਰ ਹੁੰਦਾ ਹੈ ਤਾਂ ਘਰੇਲੂ ਉਤਪਾਦਨ ਮਜ਼ਬੂਤ ਹੋਣ ਦੇ ਬਾਵਜੂਦ ਡਾਲਰਾਂ 'ਚ ਭਾਰਤ ਦੀ ਅਰਥਵਿਵਸਥਾ ਕਮਜ਼ੋਰ ਨਜ਼ਰ ਆਉਂਦੀ ਹੈ। ਇਸ ਲਈ ਕੋਈ ਵੀ ਦੇਸ਼ ਮਜ਼ਬੂਤ ਵਿਕਾਸ ਦਰ ਦੇ ਬਾਵਜੂਦ ਦਰਜਾਬੰਦੀ ਵਿੱਚ ਪੱਛੜ ਸਕਦਾ ਹੈ। ਇਹੀ ਕਾਰਨ ਹੈ ਕਿ ਭਾਰਤ ਸਭ ਤੋਂ ਤੇਜ਼ੀ ਨਾਲ ਵਧਦੇ ਪ੍ਰਮੁੱਖ ਅਰਥਚਾਰਿਆਂ 'ਚ ਸ਼ੁਮਾਰ ਹੋਣ ਦੇ ਬਾਵਜੂਦ ਬਰਤਾਨੀਆ ਅਤੇ ਜਪਾਨ ਤੋਂ ਪਿੱਛੇ ਰਹਿ ਗਿਆ। ਇਸ ਵਰਤਾਰੇ ਨੂੰ ਦਰਜਾਬੰਦੀ ਦੀ ਸਫ਼ਲਤਾ ਜਾਂ ਅਸਫ਼ਲਤਾ ਦਾ ਪ੍ਰਤੀਕ ਨਹੀਂ ਮੰਨਣਾ ਚਾਹੀਦਾ। ਅਕਸਰ ਸਰਕਾਰਾਂ ਦਰਜਾਬੰਦੀ 'ਚ ਸੁਧਾਰ ਨੂੰ ਨੀਤੀਗਤ ਸਫ਼ਲਤਾ ਦਾ ਪ੍ਰਮਾਣ ਗਰਦਾਨਦੀਆਂ ਹਨ ਜਦੋਂਕਿ ਆਲੋਚਕ ਦਰਜਾਬੰਦੀ 'ਚ ਨਿਘਾਰ ਨੂੰ ਮਾੜੇ ਪ੍ਰਬੰਧ ਦੇ ਪ੍ਰਮਾਣ ਵਜੋਂ ਦਰਸਾਉਂਦੇ ਹਨ। ਹਾਲਾਂਕਿ ਇਹ ਦੋਵੇਂ ਪ੍ਰਤੀਕਰਮ ਆਰਥਿਕਤਾ ਦੀ ਹਕੀਕਤ ਨੂੰ ਸਹੀ ਢੰਗ ਨਾਲ ਨਹੀਂ ਦਰਸਾਉਂਦੇ। ਕਿਸੇ ਮੁਲਕ ਦੀ ਮੌਜੂਦਾ ਵਿਕਾਸ ਦਰ ਦਾ ਮੁਲਾਂਕਣ ਵਿਕਾਸ ਦੇ ਮਿਆਰ ਅਤੇ ਵੰਡ ਪ੍ਰਣਾਲੀ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਇਸ ਮਾਮਲੇ ਵਿੱਚ ਭਾਰਤ ਦੀ ਸਥਿਤੀ ਹਾਲੇ ਵੀ ਕਾਫ਼ੀ ਠੀਕ ਹੈ ਕਿਉਂਕਿ ਦੇਸ਼ ਵਿੱਚ ਘਰੇਲੂ ਮੰਗ ਬਹੁਤ ਮਜ਼ਬੂਤ ਹੈ। ਦੂਜੇ ਪਾਸੇ ਇੱਥੇ ਜਨਸੰਖਿਆ ਬਹੁਤ ਹੈ ਜਿਸ ਨਾਲ ਬੁਨਿਆਦੀ ਢਾਂਚਾ ਵਿਕਸਿਤ ਅਤੇ ਡਿਜੀਟਲ ਅਰਥਚਾਰਾ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਲਾਭ ਰੁਜ਼ਗਾਰ ਦੇ ਮੌਕੇ ਪੈਦਾ ਹੋਣ, ਉਤਪਾਦਨ ਵਧਣ, ਨਿੱਜੀ ਖੇਤਰ ਵਿੱਚ ਹੋਰ ਨਿਵੇਸ਼ ਅਤੇ ਘਰੇਲੂ ਆਮਦਨ ਵਧਣ ਨਾਲ ਹੀ ਮਿਲ ਸਕਦਾ ਹੈ। ਰੁਜ਼ਗਾਰ ਸਿਰਜਣ ਦੀ ਮੱਠੀ ਰਫ਼ਤਾਰ ਅਤੇ ਨਿਗੂਣੀ ਤਨਖ਼ਾਹ ਵਾਲੇ ਵੱਡੇ ਅਰਥਚਾਰੇ ਨੂੰ ਮਹਿਜ਼ ਦਰਜਾਬੰਦੀ ਤੋਂ ਸੰਤੁਸ਼ਟ ਨਹੀਂ ਹੋਣਾ ਚਾਹੀਦਾ। ਨੀਤੀਘਾੜਿਆਂ ਨੂੰ ਇਹ ਸਮਝਣਾ ਪਵੇਗਾਕਿ ਕਰੰਸੀ ਦੀ ਮਜ਼ਬੂਤੀ ਅਤੇ ਵਿਆਪਕ ਆਰਥਿਕ ਭਰੋਸੇਯੋਗਤਾ ਆਲਮੀ ਧਾਰਨਾਵਾਂ ਨੂੰ ਪ੍ਰਭਾਵਿਤ ਕਰਦੀ ਹੈ।

ਰੁਪਏ ਦੇ ਲਗਾਤਾਰ ਕਮਜ਼ੋਰ ਹੋਣ ਕਾਰਨ ਦਰਾਮਦ ਲਾਗਤਾਂ ਵਧਦੀਆਂ ਹਨ ਅਤੇ ਜੀ ਡੀ ਪੀ ਦਰ ਘਟਦੀ ਹੈ। ਇਸ ਲਈ ਠੋਸ ਵਿੱਤੀ ਪ੍ਰਬੰਧਨ, ਬਰਾਮਦ ਵਿੱਚ ਮੁਕਾਬਲੇਬਾਜ਼ੀ ਅਤੇ ਉਤਪਾਦਨ ਵਿੱਚ ਵਾਧਾ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਆਮਦਨ ਤੇ ਰੁਜ਼ਗਾਰ ਦੇ ਮੌਕੇ ਵਧਦੇ ਹਨ ਤਾਂ ਨਾਬਰਾਬਰੀ ਘਟੇਗੀ, ਜਿਸ ਨਾਲ ਆਲਮੀ ਦਰਜਾਬੰਦੀ 'ਚ ਆਪਣੇ ਆਪ ਹੀ ਸੁਧਾਰ ਹੋ ਜਾਵੇਗਾ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਆਲਮੀ ਪੱਧਰ 'ਤੇ ਉੱਚੀ ਦਰਜਾਬੰਦੀ ਦੇ ਕੋਈ ਮਾਅਨੇ ਨਹੀਂ ਰਹਿ ਜਾਂਦੇ। ਭਾਰਤ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਉਨ੍ਹਾਂ ਚੀਜ਼ਾਂ ਨੂੰ ਨਜ਼ਰਅੰਦਾਜ਼ ਨਾ ਕਰੇ ਜਿਹੜੀਆਂ ਉਸ ਲਈ ਮਾਅਨੇ ਰੱਖਦੀਆਂ ਹਨ।

# ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਜਲੰਧਰ ਲਈ ਪ੍ਰਮੁੱਖ ਵਿਕਾਸ ਤਰਜੀਹਾਂ ਦੀ ਰੂਪਰੇਖਾ 'ਤੇ ਪਾਇਆ ਚਾਨਣਾ



**ਜਲੰਧਰ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਜਲੰਧਰ ਜ਼ਿਲ੍ਹੇ ਨੂੰ ਵਿਕਾਸ ਪਖੋਂ ਇਕ ਪ੍ਰਗਤੀਸ਼ੀਲ ਜ਼ਿਲ੍ਹੇ ਵਿੱਚ ਤਬਦੀਲ ਕਰਨ ਲਈ ਆਪਣੀਆਂ ਪ੍ਰਮੁੱਖ ਤਰਜੀਹਾਂ ਦੀ ਰੂਪਰੇਖਾ ਸਾਂਝੀ ਕੀਤੀ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਨਕ ਮੀਡੀਆ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਖੇਤੀਬਾੜੀ, ਬੁਨਿਆਦੀ ਢਾਂਚੇ ਅਤੇ ਚੰਗੇ ਪ੍ਰਸ਼ਾਸਨ 'ਤੇ ਕੇਂਦਰਿਤ ਵਿਆਪਕ ਵਿਉਂਤਬੰਦੀ ?'ਤੇ ਚਾਨਣਾ ਪਾਇਆ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਕਣਕ ਦੇ ਚੱਲ ਰਹੇ ਖ਼ਰੀਦ ਸੀਜ਼ਨ ਨੂੰ ਸੁਚਾਰੂ ਅਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨਾ ਹੈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵਲੋਂ ਪਹਿਲਾਂ ਹੀ ਜ਼ਿਲ੍ਹੇ ਭਰ ਦੀਆਂ ਮੰਡੀਆਂ ਵਿੱਚ ਕਣਕ ਦੀ ਨਿਰਵਿਘਨ ਖ਼ਰੀਦ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਕਿਸਾਨਾਂ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੰਦਿਆਂ ਸ਼੍ਰੀ ਵਾਲੀਆ ਨੇ ਕਿਹਾ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਦੀ ਵਿਕਰੀ ਵਿੱਚ ਕੋਈ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਇਕ ਹੋਰ ਪ੍ਰਮੁੱਖ ਤਰਜੀਹ ਦੱਸਦਿਆਂ ਉਨ੍ਹਾਂ ਕਿਹਾ ਕਿ ਨਾਗਰਿਕ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਚੱਲ ਰਹੇ ਵਿਕਾਸ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਲਈ ਠੋਸ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਖਾਸ ਤੌਰ 'ਤੇ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ' ਯੋਜਨਾ ਅਤੇ 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਯੋਜਨਾਵਾਂ ਤਹਿਤ ਲਾਭਪਾਤਰੀਆਂ ਦੀ ਸੁਚਾਰੂ ਰਜਿਸਟ੍ਰੇਸ਼ਨ ਯਕੀਨੀ ਬਣਾਈ ਜਾਵੇਗੀ।

ਪਾਰਦਰਸ਼ੀ ਅਤੇ ਜ਼ਿੰਮੇਵਾਰ ਪ੍ਰਸ਼ਾਸਨ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਲੋਕਤੰਤਰੀ ਪ੍ਰਕਿਰਿਆ ਵਿੱਚ ਮੀਡੀਆ ਦੇ ਚੌਥੇ ਸਤੰਭ ਵਜੋਂ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ, ਜਿਨ੍ਹਾਂ ਵਲੋਂ ਸਮੇਂ ਸਿਰ ਨਿਪਟਾਰੇ ਲਈ ਲੋਕ ਮਸਲੇ ਉਜਾਗਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਜਾਂਦੀ ਹੈ।

# ਪ੍ਰੀ-ਐਸ.ਆਈ.ਆਰ.: ਜ਼ਿਲ੍ਹਾ ਬਠਿੰਡਾ ਵਿੱਚ 2003 ਦੇ ਵੋਟਰਾਂ ਵਿੱਚੋਂ 82.58 ਫੀਸਦੀ ਦੀ ਮੈਪਿੰਗ ਮੁਕੰਮਲ, ਜ਼ਿਲ੍ਹਾ ਚੋਣ ਅਧਿਕਾਰੀ



**ਬਠਿੰਡਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੀ-ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐਸ.ਆਈ.ਆਰ.) ਮੁਹਿੰਮ ਤਹਿਤ 2003 ਦੀ ਵੋਟਰ ਸੂਚੀ ਦੇ 82.58 ਫੀਸਦੀ ਵੋਟਰਾਂ ਦੀ ਮੈਪਿੰਗ ਕੀਤੀ ਜਾ ਚੁੱਕੀ ਹੈ। ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਅੱਜ ਪ੍ਰੀ-ਐਸ.ਆਈ.ਆਰ. ਦੇ ਕੰਮ ਦੀ ਸਮੀਖਿਆ ਲਈ ਬੁਲਾਈ ਗਈ ਵਿਸ਼ੇਸ਼ ਮੀਟਿੰਗ ਦੌਰਾਨ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਹੁਕਮਾਂ ਅਨੁਸਾਰ 2003 ਦੀ ਵੋਟਰ ਸੂਚੀ ਦੇ ਵੋਟਰਾਂ ਦਾ ਡਾਟਾ ਤਸਦੀਕ ਕੀਤੀ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਨਾਲ ਸਹਿਯੋਗ ਕਰਨ, ਜੋ ਆਪਣੇ-ਆਪਣੇ ਖੇਤਰਾਂ ਵਿੱਚ ਜਾ ਕੇ ਵੋਟਰਾਂ ਨਾਲ ਸੰਪਰਕ ਕਰ ਰਹੇ ਹਨ ਅਤੇ ਸੂਚੀਆਂ ਤਿਆਰ ਕਰ ਰਹੇ ਹਨ।

ਉਨ੍ਹਾਂ ਰਿਟਰਨਿੰਗ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਰਾਮਪੁਰਾ ਫੂਲ, ਭੁੱਚੋ ਮੰਡੀ, ਬਠਿੰਡਾ ਸ਼ਹਿਰੀ, ਬਠਿੰਡਾ ਦਿਹਾਤੀ, ਤਲਵੰਡੀ ਸਾਬੋ ਅਤੇ ਮੌੜ ਹਲਕਿਆਂ ਵਿੱਚ 100 ਫੀਸਦੀ ਵੋਟਰਾਂ ਦੀ ਮੈਪਿੰਗ ਯਕੀਨੀ ਬਣਾਈ ਜਾਵੇ। ਜ਼ਿਲ੍ਹਾ ਚੋਣ ਅਧਿਕਾਰੀ ਨੇ ਹੋਰ ਦੱਸਿਆ ਕਿ ਹੁਣ ਤੱਕ ਰਾਮਪੁਰਾ ਫੂਲ ਵਿੱਚ 87.51 ਫੀਸਦੀ, ਭੁੱਚੋ ਮੰਡੀ ਵਿੱਚ 87.12 ਫੀਸਦੀ, ਬਠਿੰਡਾ ਸ਼ਹਿਰੀ ਵਿੱਚ 63.05 ਫੀਸਦੀ, ਬਠਿੰਡਾ ਦਿਹਾਤੀ ਵਿੱਚ 89.91 ਫੀਸਦੀ, ਤਲਵੰਡੀ ਸਾਬੋ ਵਿੱਚ 88.23 ਫੀਸਦੀ ਅਤੇ ਮੌੜ ਵਿੱਚ 86.8 ਫੀਸਦੀ ਵੋਟਰਾਂ ਦੀ ਮੈਪਿੰਗ ਹੋ ਚੁੱਕੀ ਹੈ।

ਉਨ੍ਹਾਂ ਬਠਿੰਡਾ ਸ਼ਹਿਰੀ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਹੁਕਮਾਂ ਅਨੁਸਾਰ ਆਪਣੀ ਤਸਦੀਕ ਕਰਵਾਉਣ। ਮੈਪਿੰਗ ਲਈ ਵੋਟਰ ਆਪਣੇ ਸੰਬੰਧਿਤ ਬੀ.ਐਲ.ਓਜ਼ ਨਾਲ ਸੰਪਰਕ ਕਰ ਸਕਦੇ ਹਨ। ਸੰਬੰਧਿਤ ਬੀ.ਐਲ.ਓਜ਼ ਬਾਰੇ ਜਾਣਕਾਰੀ https://www.ceopunjab.gov.in/ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸ ਮੌਕੇ ਏਡੀਸੀ (ਜ) ਮੈਡਮ ਕੰਚਨ, ਐਸਡੀਐਮ ਬਠਿੰਡਾ ਸ੍ਰੀ ਬਲਕਰਨ ਸਿੰਘ, ਐਸਡੀਐਮ ਰਾਮਪੁਰਾ ਮੈਡਮ ਵੀਰਪਾਲ ਕੌਰ, ਐਸਡੀਐਮ ਤਲਵੰਡੀ ਸਾਬੋ ਸ੍ਰੀ ਰਾਜੇਸ਼ ਕੁਮਾਰ ਸ਼ਰਮਾ, ਡੀਡੀਪੀਓ ਸ੍ਰੀ ਅਭਿਨਵ ਗੋਇਲ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਝਾੜ ਸਾਹਿਬ ਕਾਲਜ ਵਿਖੇ ਵਿਜ਼ਨ ਆਫ਼ ਰਾਗ ਵਿਸ਼ੇ ਤੇ ਲੈਕਚਰ ਕਰਵਾਇਆ ਗਿਆ



**ਮਾਛੀਵਾੜਾ ਸਾਹਿਬ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ (ਲੁਧਿ.) ਦੇ ਭਾਈ ਮਰਦਾਨਾ ਸੰਗੀਤ ਗਾਇਨ ਵਿਭਾਗ ਵਿੱਚ 'ਵਿਜ਼ਨ ਆਫ਼ ਰਾਗ' ਵਿਸ਼ੇ 'ਤੇ ਲੈਕਚਰ ਕਮ ਡੈਮੋਨਸਟਰੇਸ਼ਨ ਦਾ ਆਯੋਜਨ ਕੀਤਾ ਗਿਆ। ਇਸ ਗੌਰਵਮਈ ਮੌਕੇ 'ਤੇ ਬਨਾਰਸ ਘਰਾਣੇ ਦੇ ਪ੍ਰਤਿਭਾਸ਼ਾਲੀ ਅਤੇ ਉਭਰਦੇ ਸ਼ਾਸਤਰੀ ਗਾਇਕ ਸ੍ਰੀ ਸਿਮਰਨ ਏਦਨ ਨੇ ਵਿਸ਼ਾ ਮਾਹਿਰ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਸੰਗੀਤ ਵਿੱਚ ਰੁਚੀ ਰੱਖਣ ਵਾਲੇ ਵਿਦਿਆਰਥੀਆਂ ਨਾਲ ਰਾਗ ਦੀ ਸਮਝ, ਰਾਗ ਦੇ ਭਾਵਾਤਮਕ ਪੱਖ, ਰਾਗ ਨੂੰ ਪੇਸ਼ ਕਰਨ ਦੀ ਸੁੰਦਰ ਤਕਨੀਕ, ਅਲਾਪ ਅਤੇ ਤਾਨ ਦੀਆਂ ਵਿਧੀਆਂ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗੁਰੂ ਤੋਂ ਪ੍ਰਤੱਖ ਰੂਪ ਵਿੱਚ ਸੰਗੀਤ ਦੀ ਸਿੱਖਿਆ ਲੈਣ ਦੇ ਮਹੱਤਵ ਬਾਰੇ ਦੱਸਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਰਾਗ ਬਿਲਾਵਲ, ਰਾਗ ਸਾਰੰਗ, ਅਤੇ ਰਾਗ ਮਲਾਹਰ ਦੀਆਂ ਦਰੁੱਤ ਖਿਆਲ ਵਿੱਚ ਵੱਖ-ਵੱਖ ਬੰਦਿਸ਼ਾਂ ਦੀ ਬਹੁਤ ਖੂਬਸੂਰਤ ਅਤੇ ਰੌਚਕ ਰੂਪ ਵਿੱਚ ਪੇਸ਼ਕਾਰੀ ਕੀਤੀ। ਇਸ ਮੌਕੇ ਜਿੱਥੇ ਵਿਦਿਆਰਥੀਆਂ ਨੇ ਇਨ੍ਹਾਂ ਬੰਦਿਸ਼ਾਂ ਦਾ ਅਨੰਦ ਮਾਣਿਆ ਉੱਥੇ ਉਨ੍ਹਾਂ ਨੇ ਵਿਸ਼ਾ ਮਾਹਿਰ ਦੇ ਨਾਲ -ਨਾਲ ਇਨ੍ਹਾਂ ਬੰਦਿਸ਼ਾਂ ਨੂੰ ਗਾ ਕੇ ਕਿਰਿਆਤਮਕ ਰੂਪ ਵਿੱਚ ਰਾਗ ਦੇ ਵੱਖ-ਵੱਖ ਪੱਖਾਂ ਨੂੰ ਸਮਝਣ ਦਾ ਪਰਿਆਸ ਕੀਤਾ। ਸ੍ਰੀ ਸਿਮਰਨ ਏਦਨ ਨੇ ਕਿਹਾ ਕਿ ਇਸ ਧਰਤੀ ਨੂੰ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ ਤੇ ਇਸ ਪਵਿਤਰ ਸਥਾਨ ਤੇ ਪਹੁੰਚ ਕੇ ਉਹ ਆਪਣੇ ਆਪ ਨੂੰ ਬਹੁਤ-ਬਹੁਤ ਭਾਗਾਂ ਵਾਲਾ ਮਹਿਸੂਸ ਕਰ ਰਹੇ ਹਨ।ਉਨ੍ਹਾਂ ਨੇ ਵਿਦਿਆਰਥੀਆਂ ਵਿੱਚ ਸ਼ਾਸਤਰੀ ਸੰਗੀਤ ਸਿੱਖਣ ਦੀ ਜਗਿਆਸਾ ਦੇਖ ਕੇ ਖੁਸ਼ੀ ਜ਼ਾਹਰ ਕੀਤੀ। ਕਾਲਜ ਪ੍ਰਿੰਸੀਪਲ ਡਾ.ਰਜਿੰਦਰ ਕੌਰ ਨੇ ਇਸ ਵਿਸ਼ੇਸ਼ ਗਤੀਵਿਧੀ ਦੀ ਸ਼ਲਾਘਾ ਕਰਦਿਆ ਕਿਹਾ ਕਿ ਅਜੋਕੇ ਸਮੇਂ ਵਿੱਚ ਜਿੱਥੇ ਜਿੰਦਗੀ ਦੀ ਰਫਤਾਰ ਬਹੁਤ ਤੇਜ ਹੋ ਚੁੱਕੀ ਹੈ ਅਤੇ ਅਸੀਂ ਮਾਨਸਿਕ ਤੌਰ ਤੇ ਜਰੂਰਤ ਨਾਲੋਂ ਜਿਆਦਾ ਰੁੱਝ ਗਏ ਹਾਂ ਉੱਥੇ ਵਿਦਿਆਰਥੀਆਂ ਦੇ ਮਨਾਂ ਵਿੱਚ ਸਥਿਰਤਾ ਲਿਆਉਣ ਲਈ ਸੰਗੀਤ ਇੱਕ ਬਿਹਤਰੀਨ ਸਾਧਨ ਹੈ। ਇਸ ਤੋਂ ਇਲਾਵਾ ਸ਼ਾਸਤਰੀ ਸੰਗੀਤ ਸਾਡੀ ਸੰਸਕ੍ਰਿਤੀ ਦਾ ਅਟੁੱਟ ਹਿੱਸਾ ਹੈ। ਸਾਨੂੰ ਆਪਣੇ ਵਿਦਿਆਰਥੀਆਂ ਨੂੰ ਇਸ ਨਾਲ ਜੋੜ ਕੇ ਰੱਖਣ ਲਈ ਅਜਿਹੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਕਾਲਜ ਦੇ ਸਮਾਜ ਸ਼ਾਸਤਰ ਵਿਭਾਗ ਦੇ ਮੁੱਖੀ ਡਾ. ਸੁਨੀਤਾ ਕੌਸ਼ਲ ਨੇ ਸ੍ਰੀ ਸਿਮਰਨ ਏਡਨ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਵਿਭਾਗ ਦੇ ਮੁੱਖੀ ਡਾ. ਅਮਨਪ੍ਰੀਤ ਕੌਰ ਕੰਗ ਨੂੰ ਇਸ ਸੰਗੀਤ ਮਈ ਪ੍ਰੋਗਰਾਮ ਦੇ ਆਯੋਜਨ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਸਵਰਕ੍ਰਿਤੀ ਸਕੂਲ ਆਫ ਮਿਊਜ਼ਿਕ ਸਮਰਾਲਾ ਦੇ ਡਾਇਰੈਕਟਰ ਡਾ. ਗਵੀਸ਼ ਦਾ ਇਸ ਮੌਕੇ ਪਹੁੰਚਣ ਤੇ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕੀਤਾ। ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਨਾ ਕੇਵਲ ਗਿਆਨਵਰਧਕ ਸਾਬਿਤ ਹੋਇਆ ਸਗੋਂ ਉਨ੍ਹਾਂ ਦੇ ਮਨਾਂ ਵਿੱਚ ਸ਼ਾਸਤਰੀ ਸੰਗੀਤ ਪ੍ਰਤੀ ਹੋਰ ਵਧੇਰੇ ਰੁਚੀ ਅਤੇ ਉਤਸ਼ਾਹ ਪੈਦਾ ਕਰਨ ਵਿੱਚ ਸਫਲ ਰਿਹਾ।

# ਸਿਹਤ ਸੰਭਾਲ ਸੇਵਾਵਾਂ ਦੇ ਵਿਸਥਾਰ ਲਈ ਸੂਬਾ ਪੱਧਰੀ ਸਮੀਖਿਆ ਮੀਟਿੰਗ ਕੀਤੀ



**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਿਹਤ ਸੇਵਾਵਾਂ ਡਾਇਰੈਕਟੋਰੇਟ (ਈਐਸਆਈ) ਪੰਜਾਬ ਦੇ ਨਵੀਨੀਕਰਨ ਕੀਤੇ ਮੁੱਖ ਦਫਤਰ ਦਾ ਉਦਘਾਟਨ ਕੀਤਾ ਅਤੇ ਇਸ ਪ੍ਰਾਜੈਕਟ 'ਤੇ ਲਾਗਤ ਲਗਭਗ 21 ਲੱਖ ਰੁਪਏ ਖਰਚ ਕੀਤੇ ਗਏ ਹਨ। ਉਦਘਾਟਨ ਉਪਰੰਤ ਮੰਤਰੀ ਨੇ ਸੂਬੇ ਭਰ ਵਿੱਚ ਈਐਸਆਈ ਸੇਵਾਵਾਂ ਦੀ ਪ੍ਰਭਾਵਸ਼ੀਲਤਾ ਅਤੇ ਵਿਸਥਾਰ ਦਾ ਮੁਲਾਂਕਣ ਕਰਨ ਲਈ ਇੱਕ ਵਿਆਪਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਮੀਟਿੰਗ ਦੌਰਾਨ, ਡਾ. ਬਲਬੀਰ ਸਿੰਘ ਨੇ ਸੂਬੇ ਦੀ ਤਿੰਨ ਕਰੋੜ ਆਬਾਦੀ ਦੀ ਭਲਾਈ ਪ੍ਰਤੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਉਜਾਗਰ ਕੀਤਾ। ਉਨ੍ਹਾਂ ਖਾਸ ਤੌਰ 'ਤੇ 15 ਲੱਖ ਬੀਮਾਯੁਕਤ ਵਿਅਕਤੀਆਂ (ਆਈਪੀ) ਅਤੇ ਉਨ੍ਹਾਂ ਦੇ 15 ਲੱਖ ਆਸ਼ਰਿਤਾਂ ਨੂੰ ਪ੍ਰਦਾਨ ਕੀਤੀ ਗਈ ਸਮਾਜਿਕ ਸੁਰੱਖਿਆ ਦੇ ਵਿਆਪਕ ਨੈਟਵਰਕ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਈਐਸਆਈ ਅਧੀਨ ਸੂਬੇ ਦੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਵਿੱਚ ਅਹਿਮ ਬਦਲਾਅ ਕੀਤੇ ਗਏ ਹਨ ਅਤੇ ਇਹ ਹੁਣ 6 ਵਿਸ਼ੇਸ਼ ਹਸਪਤਾਲਾਂ ਅਤੇ 69 ਡਿਸਪੈਂਸਰੀਆਂ ਦੇ ਵਿਆਪਕ ਨੈੱਟਵਰਕ ਅਧੀਨ ਕਾਰਜਸ਼ੀਲ ਹਨ, ਜਿਸ ਤਹਿਤ ਸੂਬੇ ਭਰ ਦੀ ਹਰੇਕ ਡਿਸਪੈਂਸਰੀ 'ਚ ਡੇਅਕੇਅਰ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ।

ਸਮੀਖਿਆ ਮੀਟਿੰਗ ਦੌਰਾਨ, ਡਾਇਰੈਕਟਰ ਸਿਹਤ ਸੇਵਾਵਾਂ (ਈਐਸਆਈ) ਡਾ. ਅਨਿਲ ਗੋਇਲ ਨੇ ਵਿਕਾਸ ਸਬੰਧੀ ਅਹਿਮ ਅੰਕੜੇ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਓਪੀਡੀ ਵਿੱਚ ਮੈਡੀਕਲ ਪਹੁੰਚ 'ਚ 14 ਫ਼ੀਸਦ ਵਾਧਾ ਹੋਇਆ ਅਤੇ ਆਈਪੀਡੀ ਵਿੱਚ ਦਾਖਲ ਹੋਣ ਦੀ ਦਰ ਵਿੱਚ 21 ਫੀਸਦ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਨੇ ਡਾਇਗਨੌਸਟਿਕ ਸੇਵਾਵਾਂ ਨੂੰ ਵੀ ਤਰਜੀਹ ਦਿੱਤੀ ਜਾ ਰਹੀ ਹੈ ਜਿਸ ਦੇ ਨਤੀਜੇ ਵਜੋਂ ਲੈਬ ਟੈਸਟਾਂ ਵਿੱਚ 43 ਫ਼ੀਸਦ ਵਾਧਾ ਅਤੇ ਐਕਸ-ਰੇ ਸੇਵਾਵਾਂ ਵਿੱਚ 22 ਫ਼ੀਸਦ ਵਾਧਾ ਹੋਇਆ ਹੈ।

ਸਿਹਤ ਮੰਤਰੀ ਨੇ ਦੱਸਿਆ ਕਿ ਹੁਣ ਚਾਰ ਪ੍ਰਮੁੱਖ ਈਐਸਆਈ ਹਸਪਤਾਲਾਂ ਵਿੱਚ ਅਲਟਰਾਸਾਊਂਡ ਮਸ਼ੀਨਾਂ ਸਥਾਪਿਤ ਅਤੇ ਕਾਰਜਸ਼ੀਲ ਕੀਤੀਆਂ ਗਈਆਂ ਹਨ ਅਤੇ ਡਾਇਗਨੌਸਟਿਕਸ ਸੇਵਾਵਾਂ ਦੇ ਆਧੁਨਿਕੀਕਰਨ ਲਈ 7 ਹੈਂਡਹੈਲਡ ਐਕਸ-ਰੇ ਯੂਨਿਟਾਂ ਸਥਾਪਤ ਕਰਨਾ ਵਿਚਾਰ ਅਧੀਨ ਹੈ। ਮਰੀਜ਼ਾਂ ਦੀ ਸੁਰੱਖਿਆ ਅਤੇ ਨਿਰਵਿਘਨ ਦੇਖਭਾਲ ਨੂੰ ਯਕੀਨੀ ਬਣਾਉਣ ਲਈ, ਸਾਰੇ ਹਸਪਤਾਲਾਂ ਨੂੰ ਆਈਪੀਐਚਐਸ ਮਿਆਰਾਂ ਅਨੁਸਾਰ ਆਕਸੀਜਨ ਬੈਕਅੱਪ ਨਾਲ ਲੈਸ ਕੀਤਾ ਗਿਆ ਹੈ ਅਤੇ ਇਸ ਸਬੰਧੀ ਇਕ ਮਜ਼ਬੂਤ ਪਾਵਰ ਬੁਨਿਆਦੀ ਢਾਂਚਾ ਸਥਾਪਤ ਕੀਤਾ ਗਿਆ ਹੈ ਜਿਸ ਵਿੱਚ ਹੌਟਲਾਈਨਾਂ, ਜਨਰੇਟਰ ਸੈੱਟ ਅਤੇ ਜਲੰਧਰ, ਫਗਵਾੜਾ ਅਤੇ ਅੰਮ੍ਰਿਤਸਰ ਵਿੱਚ ਨਵੇਂ ਸੂਰਜੀ ਊਰਜਾ ਪਲਾਂਟ ਸ਼ਾਮਲ ਹਨ।

ਸਿਹਤ ਮੰਤਰੀ ਨੇ ਤੀਜੇ ਦਰਜੇ ਅਤੇ ਦੂਜੇ ਦਰਜੇ ਦੀ ਦੇਖਭਾਲ ਦੇ ਵਿਸਥਾਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਈਐਸਆਈ ਲਾਭਪਾਤਰੀ ਹੁਣ 140 ਹਸਪਤਾਲਾਂ ਵਿੱਚ ਨਕਦ ਰਹਿਤ ਇਲਾਜ ਪ੍ਰਾਪਤ ਕਰ ਸਕਦੇ ਹਨ, ਜਿਨ੍ਹਾਂ ਵਿੱਚ 139 ਨਿੱਜੀ ਸੰਸਥਾਵਾਂ ਅਤੇ ਜੀਐਮਸੀ ਪਟਿਆਲਾ, ਅੰਮ੍ਰਿਤਸਰ ਅਤੇ ਪੰਜਾਬ ਬਿਲੀਅਰੀ ਇੰਸਟੀਚਿਊਟ ਵਰਗੀਆਂ ਪ੍ਰਮੁੱਖ ਸਰਕਾਰੀ ਸੰਸਥਾਵਾਂ ਸ਼ਾਮਲ ਹਨ।

ਉਨ੍ਹਾਂ ਨੇ ਭਵਿੱਖੀ ਪ੍ਰੋਜੈਕਟਾਂ ਬਾਰੇ ਵੀ ਜਾਣਕਾਰੀ ਦਿੱਤੀ ਜਿਨ੍ਹਾਂ ਵਿੱਚ ਮਾਲੇਰਕੋਟਲਾ ਵਿੱਚ ਇੱਕ ਮੈਡੀਕਲ ਕਾਲਜ, ਡੇਰਾਬੱਸੀ ਅਤੇ ਬਠਿੰਡਾ ਵਿੱਚ 100 ਬੈੱਡਾਂ ਵਾਲੇ ਹਸਪਤਾਲ ਅਤੇ ਫੋਕਲ ਪੁਆਇੰਟ ਪਟਿਆਲਾ ਵਿਖੇ ਇੱਕ ਨਵੇਂ ਪੌਲੀਕਲੀਨਿਕ ਦੀ ਸਥਾਪਨਾ ਸ਼ਾਮਲ ਹੈ। ਡਾ. ਬਲਬੀਰ ਸਿੰਘ ਨੇ ਅੱਗੇ ਕਿਹਾ ਕਿ ਸੂਬੇ ਕੋਲ ਪਹਿਲਾਂ ਹੀ 784 ਜ਼ਰੂਰੀ ਦਵਾਈਆਂ ਦਾ ਸਟਾਕ ਉਪਲੱਬਧ ਹੈ ਜਿਸ ਲਈ 10 ਫੀਸਦ ਗੁਣਵੱਤਾ ਜਾਂਚ ਸਬੰਧੀ ਸਖਤ ਪ੍ਰੋਟੋਕੋਲ ਲਾਗੂ ਕੀਤਾ ਗਿਆ ਹੈ। ਈਐਸਆਈਸੀ ਨਿਯਮਾਂ ਮੁਤਾਬਕ 86 ਮਾਹਰ ਡਾਕਟਰਾਂ ਅਤੇ 47 ਸਟਾਫ ਨਰਸਾਂ ਦੀ ਮੌਜੂਦਾ ਘਾਟ ਨੂੰ ਵੇਖਦਿਆਂ, ਉਨ੍ਹਾਂ ਭਰੋਸਾ ਦਿੱਤਾ ਕਿ ਡਿਸਪੈਂਸਰੀਆਂ ਵਿੱਚ ਰੱਖ-ਰਖਾਅ ਅਤੇ ਡਬਲ-ਸ਼ਿਫਟ ਕਾਰਜਾਂ ਨੂੰ ਸੁਚਾਰੂ ਬਣਾਉਣ ਲਈ ਭਰਤੀ ਅਤੇ ਈਐਸਆਈ ਸੋਸਾਇਟੀ ਦਾ ਗਠਨ ਪ੍ਰਗਤੀ ਅਧੀਨ ਹੈ।ਡਾ. ਬਲਬੀਰ ਸਿੰਘ ਨੇ ਫੀਲਡ ਅਫਸਰਾਂ ਨੂੰ ਉਨ੍ਹਾਂ ਦੀ ਨਿਗਰਾਨੀ ਸਬੰਧੀ ਕਾਰਜਾਂ ਵਿੱਚ ਸਹਾਇਤਾ ਲਈ ਕਿਰਾਏ 'ਤੇ ਲਏ ਗਏ 10 ਵਾਹਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਜਿਸ ਨਾਲ ਬਿਹਤਰ ਨਿਗਰਾਨੀ ਯਕੀਨੀ ਬਣਾਈ ਜਾਵੇਗੀ।

ਅੰਤ ਵਿੱਚ, ਮੰਤਰੀ ਨੇ ਕਿਹਾ ਕਿ ਹੁਣ ਬਿਹਤਰ ਅਤੇ ਨਿਰਵਿਘਨ ਢੰਗ ਨਾਲ ਈਐਸਆਈ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਸਿਹਤ ਮੰਤਰੀ ਨੇ ਕਿਹਾ ਕਿ ਸਿਹਤ ਸੇਵਾਵਾਂ ਡਾਇਰੈਕਟੋਰੇਟ (ਈਐਸਆਈ) ਦੀ ਇਮਾਰਤ ਦੇ ਨਵੀਨੀਕਰਨ ਨਾਲ ਸਟਾਫ ਲਈ ਕੰਮ ਕਰਨ ਲਈ ਬਿਹਤਰ ਮਾਹੌਲ ਯਕੀਨੀ ਬਣਾਇਆ ਗਿਆ ਹੈ।ਮੀਟਿੰਗ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਹਤਿੰਦਰ ਕੌਰ; ਸਿਹਤ ਸੇਵਾਵਾਂ (ਪਰਿਵਾਰ ਭਲਾਈ) ਪੰਜਾਬ ਦੇ ਡਾਇਰੈਕਟਰ ਡਾ. ਅਦਿਤੀ ਸਲਾਰੀਆ; ਈਐਸਆਈ ਦੇ ਰਿਜ਼ਨਲ ਡਾਇਰੈਕਟਰ ਡਾ. ਪੰਕਜ ਵੋਹਰਾ ਸਮੇਤ ਡਿਪਟੀ ਡਾਇਰੈਕਟਰ, ਸਹਾਇਕ ਡਾਇਰੈਕਟਰ, ਪ੍ਰੋਗਰਾਮ ਅਫ਼ਸਰ ਅਤੇ ਹੋਰ ਅਧਿਕਾਰੀ ਤੇ ਸਟਾਫ਼ ਵੀ ਮੌਜੂਦ ਸੀ।

# ਡਿਪਟੀ ਕਮਿਸ਼ਨਰ ਵੱਲ ਕਣਕ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਣ ਲਈ ਐਸਡੀਐਮਜ਼ ਸਮੇਤ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ



**ਫਾਜ਼ਿਲਕਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਨੇ ਅੱਜ ਜ਼ਿਲ੍ਹੇ ਦੇ ਸਾਰੇ ਐਸ.ਡੀ.ਐਮਜ਼, ਖਰੀਦ ਏਜੰਸੀਆਂ ਦੇ ਮੈਨੇਜਰਾਂ ਅਤੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕਰਕੇ ਅਨਾਜ ਮੰਡੀਆਂ ਵਿੱਚ ਚੱਲ ਰਹੀ ਕਣਕ ਦੀ ਖਰੀਦ ਪ੍ਰਕਿਰਿਆ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਸਾਰੇ ਅਧਿਕਾਰੀ ਮੰਡੀਆਂ ਵਿੱਚ ਨਿਯਮਿਤ ਤੌਰ 'ਤੇ ਦੌਰੇ ਕਰਨ ਅਤੇ ਖਰੀਦ ਪ੍ਰਕਿਰਿਆ ਦੀ ਨਿਗਰਾਨੀ ਆਪਣੇ ਪੱਧਰ 'ਤੇ ਯਕੀਨੀ ਬਣਾਉਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਣਕ ਦੀ ਖਰੀਦ ਦੀ ਰਫ਼ਤਾਰ ਹੋਰ ਤੇਜ਼ ਕੀਤੀ ਜਾਵੇ ਤਾਂ ਜੋ ਕਿਸਾਨਾਂ ਦੀ ਫਸਲ ਦੀ ਤੁਰੰਤ ਖਰੀਦ ਹੋ ਸਕੇ ਅਤੇ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰ ਇੱਕ ਦਾਣਾ ਖਰੀਦਿਆ ਜਾਣਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਖਰੀਦ ਦੇ ਨਾਲ-ਨਾਲ ਲਿਫਟਿੰਗ ਪ੍ਰਕਿਰਿਆ ਨੂੰ ਵੀ ਇਕਸਾਰ ਤੌਰ 'ਤੇ ਚਲਾਉਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਮੰਡੀਆਂ ਵਿੱਚ ਅਨਾਜ ਦੀ ਢੇਰੀ ਇਕੱਠੀ ਹੋਣ (ਗਲੱਟ) ਦੀ ਸਥਿਤੀ ਤੋਂ ਬਚਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਾਰਦਾਨਾ, ਤੋਲ ਪ੍ਰਬੰਧ, ਸਾਫ਼-ਸੁਥਰੀ ਅਤੇ ਪੀਣ ਵਾਲੇ ਪਾਣੀ ਵਰਗੀਆਂ ਸਹੂਲਤਾਂ ਮੰਡੀਆਂ ਵਿੱਚ ਪੂਰੀ ਤਰ੍ਹਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਹੀ ਸੁਣ ਕੇ ਤੁਰੰਤ ਹੱਲ ਕੀਤਾ ਜਾਵੇ।

ਉਨ੍ਹਾਂ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਲਈ ਕਿਹਾ ਤਾਂ ਜੋ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਅਮਲ ਵਿੱਚ ਲਿਆਂਦਾ ਜਾ ਸਕੇ।

# ਜਨਗਣਨਾ 2027 ਹੇਠ ਸੈਲਫ-ਇਨਿਊਮਰੇਸ਼ਨ (ਸਵੈ ਗਣਨਾ) ਦੀ ਵੀ ਸਹੂਲਤ: ਡਿਪਟੀ ਕਮਿਸ਼ਨਰ



**ਬਠਿੰਡਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ -ਕਮ-ਪ੍ਰਿੰਸੀਪਲ ਸੈਂਸਸ ਅਫ਼ਸਰ ਸ੍ਰੀ ਰਾਜੇਸ਼ ਧੀਮਾਨ ਆਈ ਏ ਐੱਸ ਨੇ ਦੱਸਿਆ ਕਿ ਜਨਗਣਨਾ 2027 ਦੇ ਪਹਿਲੇ ਪੜਾਅ ਤਹਿਤ 15 ਮਈ ਤੋਂ 13 ਜੂਨ 2026 ਤੱਕ ਘਰਾਂ ਦੀ ਸੂਚੀਕਰਨ (8*®) ਸ਼ੁਰੂ ਹੋਵੇਗਾ। ਇਹ ਦੇਸ਼ ਦੀ ਪਹਿਲੀ ਡਿਜੀਟਲ ਜਨਗਣਨਾ ਹੋਵੇਗੀ, ਜਿਸ ਵਿੱਚ 30 ਅਪ੍ਰੈਲ ਤੋਂ 14 ਮਈ 2026 ਤੱਕ ਸੈਲਫ-ਇਨਿਊਮਰੇਸ਼ਨ (ਖੁਦ ਜਾਣਕਾਰੀ ਭਰਨ) ਦੀ ਸਹੂਲਤ ਵੀ ਮਿਲੇਗੀ।

ਉਨ੍ਹਾਂ ਅਪੀਲ ਕੀਤੀ ਕਿ ਵੱਧ ਤੋਂ ਵੱਧ ਜ਼ਿਲ੍ਹਾ ਵਾਸੀ ਸੈਲਫ-ਇਨਿਊਮਰੇਸ਼ਨ (ਖੁਦ ਜਾਣਕਾਰੀ ਭਰਨ) ਕਰਨ। ਉਨ੍ਹਾਂ ਦੱਸਿਆ ਕਿ ਸਵੈ-ਗਣਨਾ ਇੱਕ ਅਜਿਹੀ ਸਹੂਲਤ ਹੈ ਜਿਸ ਰਾਹੀਂ ਆਮ ਲੋਕ ਜਨਗਣਨਾ ਮੁਲਾਜ਼ਮਾਂ ਦੇ ਘਰ ਆਉਣ ਦਾ ਇੰਤਜ਼ਾਰ ਕੀਤੇ ਬਿਨਾਂ ਖੁਦ ਆਪਣੀ ਜਾਣਕਾਰੀ ਸਰਕਾਰੀ ਪੋਰਟਲ 'ਤੇ ਦਰਜ ਕਰ ਸਕਦੇ ਹਨ। ਪਹਿਲਾਂ ਇਹ ਕੰਮ ਸਿਰਫ਼ ਕਾਗਜ਼ੀ ਫਾਰਮਾਂ ਰਾਹੀਂ ਹੁੰਦਾ ਸੀ ਪਰ ਹੁਣ ਤੁਸੀਂ ਆਪਣੇ ਮੋਬਾਈਲ ਜਾਂ ਕੰਪਿਊਟਰ ਰਾਹੀਂ ਘਰ ਬੈਠੇ ਹੀ ਆਪਣਾ ਅਤੇ ਆਪਣੇ ਪਰਿਵਾਰ ਦਾ ਵੇਰਵਾ ਔਨਲਾਈਨ ਭਰ ਸਕਦੇ ਹੋ।

ਉਨ੍ਹਾਂ ਦੱਸਿਆ ਕਿ ਇਸ ਦੀ ਪ੍ਰਕਿਰਿਆ ਬਹੁਤ ਸੌਖੀ ਹੈ। ਸਰਕਾਰ ਦੇ ਅਧਿਕਾਰਤ ਜਨਗਣਨਾ ਪੋਰਟਲ se.census.gov.in 'ਤੇ ਜਾਣਾ ਹੋਵੇਗਾ। ਭਾਸ਼ਾ ਦੀ ਚੋਣ ਕਰੋ ਅਤੇ ਆਪਣੇ ਮੋਬਾਈਲ ਨੰਬਰ ਅਤੇ ਬੁਨਿਆਦੀ ਜਾਣਕਾਰੀ ਦੀ ਵਰਤੋਂ ਕਰਕੇ ਪੋਰਟਲ 'ਤੇ ਲੌਗਇਨ ਕਰੋ। ਪੋਰਟਲ 'ਤੇ ਦਿੱਤੇ ਗਏ ਸਵਾਲਾਂ ਦੇ ਜਵਾਬ ਆਪਣੀ ਸਹੂਲਤ ਅਨੁਸਾਰ ਭਰੋ। ਜਿਵੇਂ ਹੀ ਸਫਲਤਾਪੂਰਵਕ ਫਾਰਮ ਸਬਮਿਟ ਹੋਵੇਗਾ, ਨਾਗਰਿਕ ਨੂੰ ਇੱਕ 'ਸੈਲਫ-ਐਨੂਮਰੇਸ਼ਨ ਆਈ ਡੀ' (SE ID) ਜਨਰੇਟ ਕਰਕੇ ਦੇਵੇਗਾ। ਜਦੋਂ ਜਨਗਣਨਾ ਮੁਲਾਜ਼ਮ ਘਰ ਆਵੇਗਾ ਤਾਂ ਨਾਗਰਿਕ ਨੂੰ ਸਿਰਫ ਇਹ ਆਈ ਡੀ ਦਿਖਾਉਣੀ ਹੋਵੇਗੀ। ਇਸ ਨਾਲ ਜਾਣਕਾਰੀ ਦੀ ਤਸਦੀਕ ਹੋ ਜਾਵੇਗੀ ਅਤੇ ਦੁਬਾਰਾ ਫਾਰਮ ਭਰਨ ਦੀ ਲੋੜ ਨਹੀਂ ਪਵੇਗੀ।

ਉਨ੍ਹਾਂ ਦੱਸਿਆ ਕਿ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਜਨਗਣਨਾ ਕਰਮਚਾਰੀਆਂ ਦੇ ਘਰ-ਘਰ ਜਾਣ ਦੀ ਜੋ ਵੀ ਤਰੀਕ ਤੈਅ ਹੋਵੇਗੀ, ਉਸ ਤੋਂ ਠੀਕ 15 ਦਿਨ ਪਹਿਲਾਂ 'ਸਵੈ-ਗਣਨਾ' ਦਾ ਪੋਰਟਲ ਉਸ ਖੇਤਰ ਦੇ ਲੋਕਾਂ ਲਈ ਖੋਲ੍ਹ ਦਿੱਤਾ ਜਾਵੇਗਾ। ਇਸ ਤਹਿਤ 33 ਸਵਾਲ ਪੁੱਛੇ ਜਾਣਗੇ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਰਿਹਾਇਸ਼ ਦੀ ਸਥਿਤੀ (ਕੱਚਾ/ਪੱਕਾ), ਬੁਨਿਆਦੀ ਸਹੂਲਤਾਂ (ਪਾਣੀ, ਬਿਜਲੀ, ਪਖਾਨੇ ਆਦਿ) ਅਤੇ ਪਰਿਵਾਰ ਕੋਲ ਉਪਲਬਧ ਸੰਪਤੀਆਂ ਦੀ ਜਾਣਕਾਰੀ ਮੰਗੀ ਜਾਵੇਗੀ।

# ਡਿਪਟੀ ਕਮਿਸ਼ਨਰ ਨੇ 'ਜਲ ਸ਼ਕਤੀ ਅਭਿਆਨ' ਤਹਿਤ ਅਧਿਕਾਰੀਆਂ ਨਾਲ ਕੀਤੀ ਰੀਵਿਊ ਮੀਟਿੰਗ



**ਮਲੇਰਕੋਟਲਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ "ਜਲ ਸ਼ਕਤੀ ਅਭਿਆਨ" ਦੇ ਤਹਿਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਰੀਵਿਊ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਪਾਸੋਂ ਜ਼ਿਲ੍ਹੇ ਅੰਦਰ ਪਾਣੀ ਨਿਕਾਸੀ, ਪਾਣੀ ਦੀ ਬੱਚਤ ਤੇ ਇਸ ਦੀ ਸੁਚੱਜੀ ਵਰਤੋਂ ਸਬੰਧੀ ਹੁਣ ਤੱਕ ਕੀਤੇ ਗਏ ਕਾਰਜਾਂ ਸਬੰਧੀ ਸਮੀਖਿਆ ਕੀਤੀ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨਾਲ ਪਾਣੀ ਦੀ ਸਾਂਭ-ਸੰਭਾਲ ਬਾਰੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਪਾਣੀ ਦੀ ਸੁਚੱਜੀ ਸਾਂਭ-ਸੰਭਾਲ ਲਈ ਪਹਿਲਾਂ ਬਣਾਏ ਗਏ ਵਾਟਰ ਰੀਚਾਰਜ ਖੂਹਾਂ ਦੀ ਸੰਭਾਲ ਤੇ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਕੋਲੋਂ ਜਿਥੇ ਪਾਣੀ ਦੀ ਬੱਚਤ ਸਬੰਧੀ ਲੋੜੀਂਦੇ ਸੁਝਾਅ ਲਏ ਉਥੇ ਹੀ ਉਨ੍ਹਾਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।ਡਿਪਟੀ ਕਮਿਸ਼ਨਰ ਵਲੋਂ ਅਧਿਕਾਰੀਆਂ ਨਾਲ ਮੀਂਹ ਦੇ ਪਾਣੀ ਨੂੰ ਸਟੋਰ ਕਰਕੇ ਮੁੜ ਵਰਤੋਂ ਯੋਗ ਕਰਨਾ, ਬੰਦ ਹੋਏ ਬੋਰਵੈਲ, ਮਾਡਲ ਪਾਊਂਡਾਂ, ਐਸ.ਟੀ.ਪੀ ਪਲਾਂਟਸ ਦੇ ਪਾਣੀ ਨੂੰ ਮੁੜ ਵਰਤੋਂ ਯੋਗ ਬਣਾਉਣਾ, ਕੱਸੀਆਂ ਦੇ ਆਲੇ-ਦੁਆਲੇ ਬੂਟੇ ਆਦਿ ਲਗਾਉਣ ਬਾਰੇ ਵਿਚਾਰ-ਵਟਾਦਰਾਂ ਕੀਤਾ ਗਿਆ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਪਾਣੀ ਦੀ ਬੱਚਤ, ਮਹੱਤਤਾ ਅਤੇ ਇਸ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਹੰਭਲੇ ਮਾਰੇ ਜਾਣ ਤਾਂ ਜੋ ਦਿਨ ਪ੍ਰਤੀ ਦਿਨ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਚਾਇਆ ਜਾ ਸਕੇ। ਇਹ ਮੁਹਿੰਮ ਹਰਾ-ਭਰਾ ਪੰਜਾਬ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਸੁੱਚਾ ਅਤੇ ਸਿਹਤਮੰਦ ਵਾਤਾਵਰਣ ਯਕੀਨੀ ਬਣਾਉਣ ਵਿੱਚ ਸਹਾਈ ਸਿੱਧ ਹੋ ਸਕੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਕਾਰਜ ਸਾਧਕ ਅਫਸਰ ਚੰਦਰ ਪ੍ਰਕਾਸ਼ ਵਧਵਾ, ਐਸ.ਡੀ.ਈ. ਇੰਜ. ਲਵੇਸ ਜੈਨ, ਐਸ.ਡੀ.ਓ ਇੰਜੀ ਕਵਲਜੀਤ ਸਿੰਘ, ਐਸ.ਸੀ.ਓ ਵਿਕਰਮ ਸਿੰਘ ਸਮੇਤ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਡੀਸੀ ਦਫਤਰ ਅੰਮ੍ਰਿਤਸਰ ਅੱਗੇ ਦਿੱਤਾ ਧਰਨਾ



**ਅੰਮ੍ਰਿਤਸਰ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਖਰੀਦ ਮਾਪ ਦੰਡਾ ਤੇ ਪੂਰਾ ਨਾਂ ਹੋਣ ਦੇ ਪੁਰਾਣੇ ਲੰਗੜੇ ਬਹਾਨੇ ਹੇਠ ਕਣਕ ਦੀ ਖਰੀਦ ਨਾ ਕਰਨ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਅੱਜ 16 ਅਪ੍ਰੈਲ ਨੂੰ ਪੰਜਾਬ ਦੇ ਡਿਪਟੀ ਕਮਿਸ਼ਨਰ ਦਫਤਰਾਂ ਅੱਗੇ ਧਰਨੇ ਦਿੱਤੇ ਗਏ ਇਸੇ ਸੱਦੇ ਵਜੋਂ ਜਿਲ੍ਹਾ ਅੰਮ੍ਰਿਤਸਰ ਵਿਖੇ ਡੀਸੀ ਦਫ਼ਤਰ ਅੰਮਿਰਤਸਰ ਮੂਹਰੇ ਕਿਸਾਨਾਂ,ਮਜ਼ਦੂਰਾਂ,ਔਰਤਾਂ ਵੱਲੋਂ ਰੋਸ਼ ਪ੍ਰਦਰਸ਼ਨ ਕੀਤਾ ਗਿਆ.

ਇਸ ਸਬੰਧੀ ਪ੍ਰੈਸ ਬਿਆਨ ਜਾਰੀ ਕਰਦਿਆਂ ਜਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ ਧੰਗਈ ਅਤੇ ਪ੍ਰੈਸ ਸਕੱਤਰ ਬਘੇਲ ਸਿੰਘ ਕੋਟਮੁਗਲ ਨੇ ਕਿਹਾ ਕਿ ਇਸ ਸਾਲ ਭਾਰੀ ਮੀਂਹ, ਝੱਖੜ ਅਤੇ ਹਨੇਰੀ ਨੇ ਕਣਕ ਦੀ ਫਸਲ ਦਾ ਬਹੁਤ ਨੁਕਸਾਨ ਕਰ ਦਿੱਤਾ ਹੈ। ਅੱਗ ਲੱਗਣ ਕਾਰਨ ਸੈਂਕੜੇ ਏਕੜ ਕਣਕ ਦੀ ਫਸਲ ਸੜ ਕੇ ਸਵਾਹ ਹੋ ਗਈ ਹੈ ਅਤੇ ਹਰ ਵੇਲੇ ਉਕਤ ਘਟਨਾਵਾਂ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ ਹੁਣ ਜੋ ਕਣਕ ਦੀ ਫਸਲ ਪੱਕ ਕੇ ਮੰਡੀਆਂ ਵਿੱਚ ਆ ਰਹੀ ਹੈ ਉਸ ਦੀ ਖਰੀਦ ਨਾ ਹੋਣ ਕਰਕੇ ਦਾਣਾ ਮੰਡੀਆਂ ਵਿੱਚ ਕਣਕ ਮੰਡੀਆਂ ਵਿੱਚ ਤੇਜ਼ੀ ਨਾਲ ਆ ਰਹੀ ਹੈ ਕਿਉਂਕਿ ਕੇਂਦਰ ਸਰਕਾਰ ਵੱਲਂ ਖਰੀਦ ਤੇ ਲਾਈਆਂ ਸਖਤ ਸ਼ਰਤਾਂ ਕਾਰਨ ਖਰੀਦ ਏਜੰਸੀਆਂ ਨੇ ਕਣਕ ਖਰੀਦਣ ਤ ਇਨਕਾਰ ਕੀਤੀ ਹੋਈ ਹੈ ਜਿਸ ਸਬੰਧੀ ਪੰਜਾਬ ਸਰਕਾਰ ਨੇ ਵੀ ਚੁੱਪ ਧਾਰੀ ਹੋਈ ਹੈ । ਕਿਸਾਨ ਆਗੂਆਂ ਨੇ ਕਿਹਾ ਕਿ ਵਿਸਵ ਵਪਾਰ ਸੰਸਥਾ ਦੀਆਂ ਨੀਤੀਆਂ ਤਹਿਤ ਕੇਂਦਰ ਅਤੇ ਰਾਜ ਸਰਕਾਰਾਂ ਫਸਲਾਂ ਦੀ ਖਰੀਦ ਤੇ ਸਖਤ ਸਰਤਾਂ ਮੜ ਕੇ ਖਰੀਦ ਤੋਂ ਭੱਜਣ ਲਈ ਕਈ ਸਾਲਾਂ ਤੋਂ ਕੋਸ਼ਿਸ਼ਾਂ ਕਰ ਰਹੀਆਂ ਹਨ ਪਰ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤਕਸ ਲੋਕ ਜਥੇਬੰਦੀਆਂ ਦੇ ਸੰਘਰਸ਼ ਕਾਰਨ ਹਾਲੇ ਤੱਕ ਸਰਕਾਰੀ ਖਰੀਦ ਜਾਰੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੁਦਰਤੀ ਕਰੋਪੀ ਕਾਰਨ ਕਣਕ ਦੇ ਦਾਣੇ ਡੈਮੇਜ ਜਾਂ ਡਿਸਕਲਰ ਹੋਏ ਹਨ, ਉਹਨਾਂ ਤੇ ਸ਼ਰਤਾਂ ਖਤਮ ਜਾਂ ਨਰਮ ਕਰਕੇ ਕਿਸਾਨਾਂ ਨੂੰ ਰਾਹਤ ਤਾਂ ਕੀ ਦੇਣੀ ਸੀ ਜੋ ਹੁਣ ਫਸਲ ਮੰਡੀ ਵਿੱਚ ਆਈ ਹੈ ਉਸ ਨੂੰ ਵੀ ਨਾ ਖਰੀਦ ਕੇ ਕਿਸਾਨਾਂ ਨੂੰ 10 ਦਿਨਾਂ ਤੋਂ ਵੱਧ ਸਮੇਂ ਤੋਂ ਮੰਡੀਆਂ ਵਿੱਚ ਰੋਲਿਆ ਜਾ ਰਿਹਾ ਹੈ ਅਤੇ ਕਿਸਾਨਾਂ ਤੋਂ ਹੱਥ ਖੜੇ ਕਰਾ ਕੇ ਜਮੀਨਾਂ ਖੋਹਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਕਣਕ ਦੀ ਖਰੀਦ ਤੇ ਲਾਈਆਂ ਬੇਲੋੜੀਆਂ ਸ਼ਰਤਾਂ ਖਤਮ ਕਰਕੇ ਤੁਰੰਤ ਸਾਰੀ ਕਣਕ ਦੀ ਖਰੀਦ ਸਰ ਪੂਰੇ ਸਰਕਾਰੀ ਭਾਅ ਤੇ ਕੀਤੀ ਜਾਵੇ। ਕਿਸਾਨ ਆਗੂਆ ਨੇ ਕਿਹਾ ਕਿ ਮੋਦੀ ਸਰਕਾਰ ਨੇ ਦਬਾਅ ਨਾਲ ਅਮਰੀਕਾ ਨਾਲ ਕਰ ਮੁਕਤ ਸਮਝੌਤਾ ਕੀਤਾ ਹੈ ਉਸ ਸਮਝੋਤੇ ਦੀ ਸ਼ਰਤਾਂ ਤਹਿਤ ਭਾਰਤ ਦਾ ਬਾਜ਼ਾਰ ਅਮਰੀਕੀ ਕਾਰਪੋਰੇਟ ਅੱਗੇ ਪੇਸ਼ ਕਰਨ ਦੀ ਤਿਆਰੀ ਹੈ ।

# ਮਹਿਲਾ ਰਾਖਵਾਂਕਰਨ ਨੂੰ ਸਾਡੀ ਪੂਰਨ ਹਮਾਇਤ ਪਰ ਕੇਂਦਰ ਵੱਲੋਂ ਇਹ ਸਿਰਫ਼ ਚੋਣ ਡਰਾਮਾ ਰਚਿਆ ਜਾ ਰਿਹਾ: ਮੀਤ ਹੇਅਰ

## ➢ ਮਹਿਲਾ ਰਾਖਵਾਂਕਰਨ ਬਿੱਲ ਇੱਕ ਸਿਆਸੀ ਚਾਲ ਲੱਗ ਰਿਹੈ, ਕੇਂਦਰ ਦਾ ਇਰਾਦਾ ਸ਼ੱਕੀ
## ➢ ਹੱਦਬੰਦੀ ਬਿੱਲ ਪੰਜਾਬ ਵਰਗੇ ਸੂਬਿਆਂ ਨੂੰ ਕਮਜ਼ੋਰ ਕਰੇਗਾ ਅਤੇ ਸੰਘੀ ਸੰਤੁਲਨ ਨੂੰ ਵਿਗਾੜੇਗਾ

**ਨਵੀਂ ਦਿੱਲੀ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੇ ਸੰਗਰੂਰ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਸੰਸਦ ਦੇ ਵਿਸ਼ੇਸ਼ ਸੈਸ਼ਨ ਦੌਰਾਨ ਮਹਿਲਾ ਰਾਖਵਾਂਕਰਨ ਅਤੇ ਹੱਦਬੰਦੀ ਬਿੱਲ 'ਤੇ ਬੋਲਦਿਆਂ ਕੇਂਦਰ ਸਰਕਾਰ ਮਹਿਲਾ ਰਾਖਵਾਂਕਰਨ ਬਿੱਲ ਨੂੰ ਸਾਡੀ ਪੂਰਨ ਹਮਾਇਤ ਹੈ, ਪਰ ਉਨ੍ਹਾਂ ਨੂੰ ਕੇਂਦਰ ਵੱਲੋਂ ਇਹ ਬਿੱਲ ਲਿਆਉਣ ਦੀ ਮਨਸ਼ਾ ਅਤੇ ਸਮੇਂ 'ਤੇ ਸ਼ੱਕ ਜਤਾਉਂਦਿਆਂ ਇਸਨੂੰ ਸਿਆਸੀ ਲਾਭ ਲੈਣ ਦੇ ਉਦੇਸ਼ ਨਾਲ ਚੁੱਕਿਆ ਕਦਮ ਦੱਸਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਹੱਦਬੰਦੀ ਬਿੱਲ ਦਾ ਸਖ਼ਤ ਵਿਰੋਧ ਕਰਦਿਆਂ ਚੇਤਾਵਨੀ ਦਿੱਤੀ ਕਿ ਇਹ ਪੰਜਾਬ ਵਰਗੇ ਰਾਜਾਂ ਦੇ ਸੰਘੀ ਢਾਂਚੇ ਨੂੰ ਢਾਹ ਲਾ ਕੇ ਉਨ੍ਹਾਂ ਦੀ ਨੁਮਾਇੰਦਗੀ ਨੂੰ ਹੋਰ ਕਮਜ਼ੋਰ ਕਰ ਸਕਦਾ ਹੈ। ਸੰਸਦ ਵਿੱਚ ਦੇਰ ਰਾਤ ਹੋਈ ਬਹਿਸ ਨੂੰ ਸੰਬੋਧਨ ਕਰਦਿਆਂ ਆਪ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਅਸੀਂ ਮਹਿਲਾ ਰਾਖਵਾਂਕਰਨ ਬਿੱਲ ਦਾ ਪੂਰਾ ਸਮਰਥਨ ਕਰਦੇ ਹਾਂ, ਪਰ ਇਸ ਪਿੱਛੇ ਕੇਂਦਰ ਸਰਕਾਰ ਦੀ ਮਨਸ਼ਾ ਗੰਭੀਰ ਸ਼ੰਕੇ ਖੜ੍ਹੇ ਕਰਦੀ ਹੈ। ਉਨ੍ਹਾਂ ਕਿਹਾ ਕਿ ਜਿਸ ਢੰਗ ਅਤੇ ਸਮੇਂ ਇਹ ਬਿੱਲ ਲਿਆਂਦਾ ਗਿਆ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਇਸਨੂੰ ਮਹਿਲਾ ਸਸ਼ਕਤੀਕਰਨ ਵੱਲ ਇੱਕ ਠੋਸ ਕਦਮ ਦੀ ਬਜਾਏ ਸਿਆਸੀ ਲਾਭ ਦੀ ਕੋਸ਼ਿਸ਼ ਵਜੋਂ ਵਰਤਿਆ ਜਾ ਰਿਹਾ ਹੈ।

'ਆਪ' ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਦਾ ਇਰਾਦਾ ਸਾਫ਼ ਅਤੇ ਸਹੀ ਹੁੰਦਾ ਤਾਂ ਉਹ ਇਸ ਬਿੱਲ ਨੂੰ 2023 ਵਿੱਚ ਹੀ ਇਹ ਬਿੱਲ ਪਾਸ ਕਰ ਸਕਦੀ ਸੀ। ਉਸ ਸਮੇਂ ਕੇਂਦਰ ਵੱਲੋਂ ਇਹ ਦਲੀਲ ਦਿੱਤੀ ਗਈ ਸੀ ਕਿ ਇਹ ਬਿੱਲ ਜਨਗਣਨਾ ਤੋਂ ਬਾਅਦ ਲਿਆਂਦਾ ਜਾਵੇਗਾ, ਪਰ ਹੁਣ ਵੀ ਇਹ ਬਿੱਲ ਉਸ ਸਮੇਂ ਲਿਆਂਦਾ ਗਿਆ ਹੈ,



ਜਦੋਂ ਜਨਗਣਨਾ ਦਾ ਅਮਲ ਹਾਲੇ ਸ਼ੁਰੂ ਵੀ ਨਹੀਂ ਹੋਇਆ, ਜੋ ਕੇਂਦਰ ਦੀ ਸ਼ੱਕੀ ਪਹੁੰਚ ਵੱਲ ਇਸ਼ਾਰਾ ਕਰਦਾ ਹੈ।

ਹੱਦਬੰਦੀ ਬਿੱਲ ਦਾ ਸਖ਼ਤ ਵਿਰੋਧ ਕਰਦਿਆਂ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਇਹ ਹੱਦਬੰਦੀ ਬਿੱਲ ਸੂਬਿਆਂ ਦੇ ਸਿਆਸੀ ਸੰਤੁਲਨ 'ਤੇ ਵਧੇਰੇ ਮਾੜਾ ਪ੍ਰਭਾਵ ਪਾ ਸਕਦਾ ਹੈ, ਜਿਸ ਨਾਲ ਪੰਜਾਬ ਵਰਗੇ ਛੋਟੇ ਰਾਜਾਂ ਦੀ ਨੁਮਾਇੰਦਗੀ ਹੋਰ ਘਟ ਜਾਵੇਗਾ, ਜਦੋਂ ਕਿ ਵੱਧ ਆਬਾਦੀ ਵਾਲੇ ਸੂਬਿਆਂ ਨੂੰ ਇਸਦਾ ਕਾਫ਼ੀ ਲਾਭ ਹੋਵੇਗਾ, ਜੋ ਛੋਟੇ ਅਤੇ ਵੱਡੇ ਸੂਬਿਆਂ ਦਰਮਿਆਨ ਅਸਮਾਨਤਾਵਾਂ ਨੂੰ ਹੋਰ ਡੂੰਘਾ ਕਰੇਗਾ।

ਉਨ੍ਹਾਂ ਨੇ ਪੰਜਾਬ ਨਾਲ ਸਬੰਧਤ ਲੰਬੇ ਸਮੇਂ ਤੋਂ ਚੱਲ ਰਹੇ ਮੁੱਦਿਆਂ ਨੂੰ ਹੋਰ ਉਜਾਗਰ ਕਰਦਿਆਂ ਕਿਹਾ ਕਿ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਪੰਜਾਬ ਨਾਲ ਕੀਤੇ ਵਾਅਦੇ ਹਾਲੇ ਤੱਕ ਅਧੂਰੇ ਹਨ। ਪੰਜਾਬ ਨੂੰ ਵਿਸ਼ੇਸ਼ ਦਰਜਾ ਦੇਣ ਦੀ ਬਜਾਏ, ਸੂਬੇ ਦੇ ਫੰਡ ਰੋਕੇ ਜਾ ਰਹੇ ਹਨ ਅਤੇ ਬੀਬੀਐਮਬੀ 'ਤੇ ਵੀ ਸੂਬੇ ਦੇ ਅਧਿਕਾਰਾਂ ਨੂੰ ਲਗਾਤਾਰ ਖੋਖਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਘੱਟ ਨੁਮਾਇੰਦਗੀ ਕਰਕੇ ਪੰਜਾਬ ਤਾਂ ਪਹਿਲਾਂ ਹੀ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਰਿਹਾ ਹੈ ਅਤੇ ਇਹ ਹੱਦਬੰਦੀ ਇਸ ਸਥਿਤੀ ਨੂੰ ਹੋਰ ਵੀ ਵਿਗਾੜ ਦੇਵੇਗੀ।

ਹੋਰਨਾਂ ਮੁਲਕਾਂ ਨਾਲ ਤੁਲਨਾ ਕਰਦਿਆਂ ਉਨ੍ਹਾਂ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਅਤੇ ਯੂਰੋਪੀਅਨ ਦੇਸ਼ਾਂ ਵਿੱਚ ਸਾਰੇ ਰਾਜਾਂ ਨੂੰ ਬਰਾਬਰ ਅਧਿਕਾਰ ਮਿਲ ਰਹੇ ਹਨ, ਇਸ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਨੂੰ ਇੱਕ ਅਜਿਹੇ ਢਾਂਚੇ ਵੱਲ ਵੀ ਵਧਣਾ ਚਾਹੀਦਾ ਹੈ ਜਿੱਥੇ ਆਬਾਦੀ ਨੂੰ ਵਿਚਾਰੇ ਬਿਨਾਂ ਹਰ ਰਾਜ ਨਾਲ ਨਿਰਪੱਖਤਾ ਅਤੇ ਬਰਾਬਰੀ ਨਾਲ ਪੇਸ਼ ਆਇਆ ਜਾਵੇ।

ਪੰਜਾਬੀ ਪ੍ਰਵਾਸੀਆਂ ਨਾਲ ਸਬੰਧਤ ਮੁੱਦੇ ਉਠਾਉਂਦਿਆਂ ਗੁਰਮੀਤ ਸਿੰਘ ਮੀਤ ਹੇਅਰ ਨੇ ਇਸ ਸਬੰਧੀ ਨੀਤੀ ਸੁਧਾਰਾਂ ਦੀ ਵਕਾਲਤ ਕਰਦਿਆਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਨੇ ਦੇਸ਼ ਅਤੇ ਪੰਜਾਬ ਲਈ ਵੱਡਾ ਯੋਗਦਾਨ ਪਾਇਆ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਉਨ੍ਹਾਂ ਦੀ ਭੂਮਿਕਾ ਨੂੰ ਪਛਾਣਦਿਆਂ ਭਾਰਤ ਨਾਲ ਉਨ੍ਹਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਪ੍ਰਵਾਸੀ ਪੰਜਾਬੀਆਂ ਨੂੰ ਦੋਹਰੀ ਨਾਗਰਿਕਤਾ ਦੇਣ 'ਤੇ ਗੰਭੀਰਤਾ ਨਾਲ ਵਿਚਾਰ ਕਰੇ।

# ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਧੂਰੀ ਦੇ ਵਾਰਡ ਨੰਬਰ 17 'ਚ 47.86 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ

**ਧੂਰੀ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ਹਿਰੀ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਦੇ ਯਤਨਾਂ ਤਹਿਤ ਅੱਜ ਧੂਰੀ ਸ਼ਹਿਰ ਦੇ ਵਾਰਡ ਨੰਬਰ 17 ਵਿੱਚ 47.86 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਪ੍ਰੋਜੈਕਟ ਦੀ ਸ਼ੁਰੂਆਤ ਮੁੱਖ ਮੰਤਰੀ ਦੇ ਓ.ਐਸ.ਡੀ. ਸ. ਸੁਖਵੀਰ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਵੀ ਮੌਜੂਦ ਰਹੀਆਂ।



ਇਸ ਮੌਕੇ ਆਪਣੇ ਸੰਬੋਧਨ ਦੌਰਾਨ ਓ.ਐਸ.ਡੀ.ਸ.ਸੁਖਵੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਉੱਚ ਪੱਧਰ ਦੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਧੂਰੀ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜ ਇਸਦੀ ਮਿਸਾਲ ਹਨ। ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 17 ਦੀਆਂ 10 ਗਲੀਆਂ ਵਿੱਚ ਇਹ ਕੰਮ ਕਰਵਾਏ ਜਾਣਗੇ, ਜਿਨ੍ਹਾਂ ਵਿੱਚ ਗਲੀਆਂ ਨੂੰ ਉੱਚਾ ਚੁੱਕਣਾ, ਇੰਟਰਲਾਕ ਟਾਈਲਾਂ ਲਗਾਉਣਾ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਪੱਕਾ ਪ੍ਰਬੰਧ ਕਰਨਾ ਸ਼ਾਮਲ ਹੈ।

ਉਨ੍ਹਾਂ ਹੋਰ ਦੱਸਿਆ ਕਿ ਜਿੱਥੇ ਗਲੀਆਂ ਨੀਵੀਆਂ ਹੋਣ ਕਾਰਨ ਬਰਸਾਤ ਦੇ ਦੌਰਾਨ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਆਉਂਦੀ ਸੀ, ਉਥੇ ਹੁਣ ਉਨ੍ਹਾਂ ਨੂੰ ਤਕਨੀਕੀ ਮਾਪਦੰਡਾਂ ਅਨੁਸਾਰ ਉੱਚਾ ਕਰਕੇ ਇਸ ਸਮੱਸਿਆ ਦਾ ਸਥਾਈ ਹੱਲ ਕੀਤਾ ਜਾਵੇਗਾ। ਇਸ ਦੇ ਨਾਲ ਹੀ ਇੰਟਰਲਾਕ ਟਾਈਲਾਂ ਲਗਣ ਨਾਲ ਗਲੀਆਂ ਦੀ ਮਜ਼ਬੂਤੀ ਅਤੇ ਸੁੰਦਰਤਾ ਵਿੱਚ ਵੀ ਵਾਧਾ ਹੋਵੇਗਾ।

ਸੁਖਵੀਰ ਸਿੰਘ ਨੇ ਕਿਹਾ ਕਿ ਧੂਰੀ ਸ਼ਹਿਰ ਵਿੱਚ ਚੱਲ ਰਹੇ ਹਰ ਇਕ ਵਿਕਾਸ ਪ੍ਰੋਜੈਕਟ ਦੀ ਨਿਗਰਾਨੀ ਨਿੱਜੀ ਤੌਰ 'ਤੇ ਕੀਤੀ ਜਾ ਰਹੀ ਹੈ ਤਾਂ ਜੋ ਕੰਮਾਂ ਦੀ ਗੁਣਵੱਤਾ ਅਤੇ ਸਮੇਂਬੱਧਤਾ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼ਹਿਰ ਦੇ ਵਾਸੀਆਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ। ਉਨ੍ਹਾਂ ਅੱਗੇ ਦੱਸਿਆ ਕਿ ਧੂਰੀ ਵਿੱਚ ਚੱਲ ਰਹੇ ਜ਼ਿਆਦਾਤਰ ਵਿਕਾਸ ਕਾਰਜਾਂ ਨੂੰ 30 ਮਈ ਤੱਕ ਮੁਕੰਮਲ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ ਅਤੇ ਇਸ ਦਿਸ਼ਾ ਵਿੱਚ ਕੰਮ ਤੇਜ਼ੀ ਨਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਸ਼ਹਿਰ ਦੇ ਹਰ ਹਿੱਸੇ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਇਸ ਤਰ੍ਹਾਂ ਦੇ ਪ੍ਰੋਜੈਕਟ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਬਿੱਲਾ ਧਰਮਸੋਤ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ, ਜਿਨ੍ਹਾਂ ਨੇ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਪ੍ਰਸ਼ੰਸਾ ਕਰਦੇ ਹੋਏ ਆਪਣੀ ਸੰਤੁਸ਼ਟੀ ਜਤਾਈ।

# ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਨੂੰ ਮਿਲੀ ਨਵੀਂ ਰਫ਼ਤਾਰ, ਕੈਬਨਿਟ ਮੰਤਰੀ ਬੈਂਸ ਦੀ ਅਗਵਾਈ ਵਿੱਚ ਵੱਡੇ ਪ੍ਰੋਜੈਕਟ ਸਾਕਾਰ

**ਸ੍ਰੀ ਆਨੰਦਪੁਰ ਸਾਹਿਬ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਪਿਛਲੇ ਲਗਭਗ ਚਾਰ ਸਾਲਾਂ ਦੌਰਾਨ ਵਿਕਾਸ ਦੇ ਨਵੇਂ ਮਾਪਦੰਡ ਸਥਾਪਿਤ ਕੀਤੇ ਗਏ ਹਨ। ਹਲਕੇ ਦੇ ਵਿਧਾਇਕ ਅਤੇ ਪੰਜਾਬ ਦੇ ਨੌਜਵਾਨ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਸਾਰਾ ਕੁਝ ਲੋਕਾਂ ਦੇ ਭਰੋਸੇ ਅਤੇ ਪਿਆਰ ਦਾ ਨਤੀਜਾ ਹੈ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੇ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਉਨ੍ਹਾਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਸਮਝ ਕੇ ਸਹਿਯੋਗ ਦਿੱਤਾ, ਜਿਸ ਕਰਕੇ ਅਨੰਦਪੁਰ ਸਾਹਿਬ ਦੀ ਜਿੱਤ ਪੰਜਾਬ ਦੀਆਂ ਸਭ ਤੋਂ ਵੱਡੀਆਂ ਜਿੱਤਾਂ ਵਿੱਚ ਸ਼ਾਮਲ ਹੋਈ। ਗੁਰੂ ਸਾਹਿਬ ਦੀ ਬਖ਼ਸ਼ਿਸ਼ ਅਤੇ ਮਾਤਾ ਰਾਣੀ ਦੀ ਕਿਰਪਾ ਨਾਲ ਉਹ ਪੰਜਾਬ ਦੇ ਸਭ ਤੋਂ ਨੌਜਵਾਨ ਮੰਤਰੀ ਬਣੇ ਅਤੇ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਲਗਾਤਾਰ ਯਤਨਸ਼ੀਲ ਹਨ।

ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਆਮ ਲੋਕਾਂ ਦੀ ਭਲਾਈ ਲਈ ਕਈ ਇਤਿਹਾਸਕ ਫ਼ੈਸਲੇ ਕੀਤੇ



ਹਨ। ਸੂਬੇ ਵਿੱਚ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਨਾਲ ਹਰ ਘਰ ਨੂੰ ਵੱਡੀ ਰਾਹਤ ਮਿਲੀ ਹੈ, ਜਿਸ ਨਾਲ ਲੋਕਾਂ ਦੀ ਮਹੀਨਾਵਾਰ ਬਚਤ ਹੋ ਰਹੀ ਹੈ। ਇਸ ਦੇ ਨਾਲ ਹੀ ਆਮ ਆਦਮੀ ਕਲੀਨਿਕਾਂ ਦੀ ਸਥਾਪਨਾ ਕਰਕੇ ਲੋਕਾਂ ਨੂੰ ਮੁਫ਼ਤ ਅਤੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਅਤੇ ਪੁਲਿਸ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਸੜਕ ਸੁਰੱਖਿਆ ਫੋਰਸ ਦੀ ਸ਼ੁਰੂਆਤ ਨਾਲ ਲੋਕਾਂ ਦੀ ਸੁਰੱਖਿਆ ਨੂੰ ਨਵੀਂ ਦਿਸ਼ਾ ਮਿਲੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨ ਲਈ ਪੰਜਾਬ ਪੁਲਿਸ ਨੂੰ ਨਵੀਆਂ ਗੱਡੀਆਂ ਪ੍ਰਦਾਨ ਕੀਤੀਆਂ ਗਈਆਂ ਹਨ, ਜਿਸ ਨਾਲ ਘਟਨਾਵਾਂ 'ਤੇ ਤੁਰੰਤ ਕਾਰਵਾਈ ਸੰਭਵ ਹੋਈ ਹੈ। ਕਿਸਾਨਾਂ ਲਈ ਦਿਨ ਦੇ ਸਮੇਂ ਬਿਜਲੀ ਦੀ ਸਹੂਲਤ ਮੁਹੱਈਆ ਕਰਵਾਈ ਗਈ ਹੈ, ਜਿਸ ਨਾਲ ਉਨ੍ਹਾਂ ਨੂੰ ਰਾਤਾਂ ਜਾਗਣ ਤੋਂ ਛੁਟਕਾਰਾ ਮਿਲਿਆ ਹੈ। ਇਸ ਦੇ ਨਾਲ ਹੀ ਨਹਿਰੀ ਪਾਣੀ ਅਤੇ ਲਿਫਟ ਇਰੀਗੇਸ਼ਨ ਪ੍ਰੋਜੈਕਟਾਂ ਰਾਹੀਂ ਖੇਤਾਂ ਤੱਕ ਪਾਣੀ ਪਹੁੰਚਾਇਆ ਜਾ ਰਿਹਾ ਹੈ, ਜਿਸ ਨਾਲ ਖੇਤੀਬਾੜੀ ਨੂੰ ਵੱਡਾ ਫ਼ਾਇਦਾ ਹੋਵੇਗਾ।

ਸਿੱਖਿਆ ਖੇਤਰ ਵਿੱਚ ਵੀ ਵੱਡੇ ਬਦਲਾਅ ਕੀਤੇ ਜਾ ਰਹੇ ਹਨ। ਕੀਰਤਪੁਰ ਸਾਹਿਬ ਵਿੱਚ ਬਣ ਰਿਹਾ ਸਕੂਲ ਆਫ ਐਮੀਨੈਂਸ ਆਧੁਨਿਕ ਸਕੂਲ ਪੰਜਾਬ ਦੇ ਸਭ ਤੋਂ ਸ਼ਾਨਦਾਰ ਸਕੂਲਾਂ ਵਿੱਚ ਸ਼ਾਮਲ ਹੋਵੇਗਾ, ਜਿਸ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਸਕੂਲਾਂ ਵਿੱਚ ਬੱਸ ਸੇਵਾ ਅਤੇ ਸੁਰੱਖਿਆ ਗਾਰਡ ਮੁਹੱਈਆ ਕਰਵਾ ਕੇ ਵਿਦਿਆਰਥੀਆਂ ਲਈ ਸੁਰੱਖਿਅਤ ਅਤੇ ਸੁਵਿਧਾਜਨਕ ਮਾਹੌਲ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਹਲਕੇ ਦੀਆਂ ਸੜਕਾਂ ਨੂੰ ਪੱਕਾ ਕਰਨ ਅਤੇ ਨਵੀਆਂ ਸੜਕਾਂ ਬਣਾਉਣ ਦਾ ਕੰਮ ਤੇਜ਼ੀ ਨਾਲ ਜਾਰੀ ਹੈ।

ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਵੀ ਮਹੱਤਵਪੂਰਨ ਕਦਮ ਚੁੱਕੇ ਗਏ ਹਨ। ਕਈ ਪਿੰਡਾਂ ਵਿੱਚ ਪਹਿਲੀ ਵਾਰ ਵੱਡੇ ਪੁਲਾਂ ਦੀ ਉਸਾਰੀ ਹੋ ਰਹੀ ਹੈ, ਜਿਨ੍ਹਾਂ 'ਤੇ ਲਗਭਗ 100 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਹ ਪ੍ਰੋਜੈਕਟ ਨਾ ਸਿਰਫ਼ ਆਵਾਜਾਈ ਨੂੰ ਸੁਚਾਰੂ ਬਣਾਉਣਗੇ, ਸਗੋਂ ਪਿੰਡਾਂ ਦੀ ਆਰਥਿਕ ਤਰੱਕੀ ਵਿੱਚ ਵੀ ਯੋਗਦਾਨ ਪਾਉਣਗੇ। ਲੋਕਾਂ ਨੇ ਇਨ੍ਹਾਂ ਕੰਮਾਂ ਨੂੰ ਦੇਖ ਕੇ ਖੁਸ਼ੀ ਜਤਾਈ ਹੈ ਅਤੇ ਕਿਹਾ ਹੈ ਕਿ ਪਹਿਲਾਂ ਇਹ ਪ੍ਰੋਜੈਕਟ ਅਸੰਭਵ ਲੱਗਦੇ ਸਨ, ਪਰ ਹੁਣ ਹਕੀਕਤ ਬਣ ਰਹੇ ਹਨ। ਕੈਬਨਿਟ ਮੰਤਰੀ ਨੇ ਦੁਹਰਾਇਆ ਕਿ ਉਹ ਹਲਕੇ ਦੇ ਹਰ ਇੱਕ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹਨ।

# ਮੁੱਖ ਮੰਤਰੀ ਸਿਹਤ ਯੋਜਨਾ: 1.91 ਲੱਖ ਲਾਭਪਾਤਰੀ ਯੋਜਨਾ ਹੇਠ ਰਜਿਸਟਰ: ਡਿਪਟੀ ਕਮਿਸ਼ਨਰ



**ਬਠਿੰਡਾ,21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਹੈ, ਜਿਸ ਹੇਠ ਲੋਕਾਂ ਨੂੰ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਮਿਲ ਰਹੀ ਹੈ। ਜ਼ਿਲ੍ਹਾ ਬਠਿੰਡਾ 'ਚ ਹੁਣ ਤੱਕ 1,91,007 ਲੋਕ ਇਸ ਯੋਜਨਾ ਹੇਠ ਲਾਭਪਾਤਰੀ ਵਜੋਂ ਰਜਿਸਟਰ ਹੋ ਚੁੱਕੇ ਹਨ, ਜਦਕਿ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਹਸਪਤਾਲਾਂ ਵਿੱਚ 12,578 ਮਰੀਜ਼ ਇਸ ਦਾ ਲਾਭ ਲੈ ਚੁੱਕੇ ਹਨ।

ਇਹ ਜਾਣਕਾਰੀ ਡਿਪਟੀ ਕਮਿਸ਼ਨਰ ਬਠਿੰਡਾ ਸ਼੍ਰੀ ਰਾਜੇਸ਼ ਧੀਮਾਨ ਨੇ ਅੱਜ ਇਸ ਸਬੰਧੀ ਬੁਲਾਈ ਗਈ ਮੀਟਿੰਗ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਐਡਵਾਂਸ ਕੈਂਸਰ ਕੇਅਰ ਇੰਸਟੀਚਿਊਟ ਬਠਿੰਡਾ ਵਿੱਚ 2,068 ਮਰੀਜ਼ਾਂ ਦਾ ਇਸ ਯੋਜਨਾ ਹੇਠ ਮੁਫ਼ਤ ਇਲਾਜ ਕੀਤਾ ਗਿਆ ਹੈ।

ਉਨ੍ਹਾਂ ਹੋਰ ਦੱਸਿਆ ਕਿ ਜ਼ਿਲ੍ਹੇ ਦੇ 13 ਸਰਕਾਰੀ ਹਸਪਤਾਲਾਂ ਵਿੱਚ ਕੁੱਲ 5,584 ਮਰੀਜ਼ਾਂ ਨੂੰ ਮੁਫ਼ਤ ਇਲਾਜ ਪ੍ਰਦਾਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਜ਼ਿਲ੍ਹਾ ਹਸਪਤਾਲ ਬਠਿੰਡਾ, ਸਬ ਡਿਵੀਜ਼ਨ ਹਸਪਤਾਲ ਰਾਮਪੁਰਾ, ਤਲਵੰਡੀ ਸਾਬੋ ਅਤੇ ਘੁੱਦਾ ਸ਼ਾਮਲ ਹਨ। ਇਸ ਤੋਂ ਇਲਾਵਾ ਕਮਿਊਨਿਟੀ ਹੈਲਥ ਸੈਂਟਰ ਗੋਨਿਆਣਾ, ਰਾਮਾਂ, ਸੰਗਤ, ਭਗਤਾ, ਬਾਲਿਆਂਵਾਲੀ, ਮੌੜ, ਮਹਿਰਾਜ, ਨਥਾਣਾ ਅਤੇ ਭੁੱਚੋ ਵਿੱਚ ਵੀ ਮਰੀਜ਼ਾਂ ਨੂੰ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਗਈ। ਡਿਪਟੀ ਕਮਿਸ਼ਨਰ ਨੇ ਹੁਕਮ ਦਿੱਤਾ ਕਿ ਵੱਧ ਤੋਂ ਵੱਧ ਲੋਕਾਂ ਨੂੰ ਲਾਭਪਾਤਰੀ ਵਜੋਂ ਰਜਿਸਟਰ ਕੀਤਾ ਜਾਵੇ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਯੋਜਨਾ ਦਾ ਫ਼ਾਇਦਾ ਮਿਲ ਸਕੇ।

# ਔਬਸਟ੍ਰਕਟਿਵ ਸਲੀਪ ਐਪਨੀਆ 'ਤੇ ਸੈਮੀਨਾਰ ਵਿੱਚ ਜਨਜਾਗਰੂਕਤਾ ਅਤੇ ਨਿਵਾਰਕ ਉਪਾਵਾਂ ਦੀ ਜ਼ਰੂਰਤ 'ਤੇ ਜ਼ੋਰ



**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਔਬਸਟ੍ਰਕਟਿਵ ਸਲੀਪ ਐਪਨੀਆ (ਓਐੱਸਏ/OSA) 'ਤੇ ਕੇਂਦ੍ਰਿਤ ਇੱਕ ਸੈਮੀਨਾਰ ਅੱਜ ਚੰਡੀਗੜ੍ਹ ਸਕੱਤਰੇਤ ਵਿਖੇ ਆਯੋਜਿਤ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਇਸ ਅਕਸਰ ਘੱਟ ਪਹਿਚਾਣੀ ਜਾਣ ਵਾਲੀ ਬਿਮਾਰੀ ਬਾਰੇ ਜਨਜਾਗਰੂਕਤਾ ਵਧਾਉਣਾ ਅਤੇ ਇਸ ਦੇ ਸਿਹਤ ਅਤੇ ਸੜਕ ਸੁਰੱਖਿਆ 'ਤੇ ਪੈਣ ਵਾਲੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਵਾਰਕ ਉਪਾਵਾਂ 'ਤੇ ਬਲ ਦੇਣਾ ਸੀ।

ਸੈਮੀਨਾਰ ਵਿੱਚ ਸਕੱਤਰ ਸਿਹਤ, ਸ਼੍ਰੀ ਮਨਦੀਪ ਸਿੰਘ ਬਰਾੜ; ਐੱਸਐੱਸਪੀ ਟ੍ਰੈਫਿਕ, ਸ਼੍ਰੀ ਸੁਮੇਰ ਪ੍ਰਤਾਪ ਸਿੰਘ; ਡਾਇਰੈਕਟਰ ਪ੍ਰਿੰਸੀਪਲ, ਜੀਐੱਮਸੀਐੱਚ (7$38)-32, ਡਾ. ਰਵਨੀਤ ਕੌਰ ਸਹਿਤ ਸਿਹਤ ਵਿਭਾਗ, ਟ੍ਰਾਂਸਪੋਰਟ ਵਿਭਾਗ, ਪੁਲਿਸ ਵਿਭਾਗ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਹੋਰ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਉਪਸਥਿਤ ਰਹੇ।

ਔਬਸਟ੍ਰਕਟਿਵ ਸਲੀਪ ਐਪਨੀਆ ਦਾ ਮੌਨ ਪ੍ਰਭਾਵ - ਜਨਜਾਗਰੂਕਤਾ, ਸਕ੍ਰੀਨਿੰਗ ਅਤੇ ਪ੍ਰਸ਼ਾਸਨਿਕ ਕਾਰਵਾਈ ਦੀ ਜ਼ਰੂਰਤ ਵਿਸ਼ੇ 'ਤੇ ਇੱਕ ਸੰਖੇਪ ਅਤੇ ਜਾਣਕਾਰੀ ਭਰਪੂਰ ਪ੍ਰਸਤੁਤੀ ਡਾ. ਸੰਦੀਪ ਬਾਂਸਲ, ਐੱਮਐੱਸ, ਐੱਫਏਐੱਮਐੱਸ, ਐੱਫਆਈਐੱਮਐੱਸਏ, ਪ੍ਰੋਫੈਸਰ ਅਤੇ ਇੰਚਾਰਜ ਸਲੀਪ ਲੈਬ, ਓਟੋਲੈਰਿੰਜੋਲੋਜੀ ਅਤੇ ਹੈੱਡ ਐਂਡ ਨੈੱਕ ਸਰਜਰੀ ਵਿਭਾਗ ਅਤੇ ਐਡੀਸ਼ਨਲ ਮੈਡੀਕਲ ਸੁਪਰਡੈਂਟ (ਐੱਚਈ/85), ਪੀਜੀਆਈਐੱਮਈਆਰ, ਚੰਡੀਗੜ੍ਹ ਦੁਆਰਾ ਦਿੱਤੀ ਗਈ। ਉਹ ਇੰਡੀਅਨ ਐਸੋਸੀਏਸ਼ਨ ਆਵ? ਸਰਜਨਜ਼ ਫੌਰ ਸਲੀਪ ਐਪਨੀਆ (ਏਐੱਸਐੱਸਏ/ASSA) ਦੇ ਪ੍ਰਧਾਨ ਵੀ ਹਨ।

ਡਾ. ਬਾਂਸਲ ਨੇ ਦੱਸਿਆ ਕਿ ਓਐੱਸਏ (OSA) ਨੀਂਦ ਦੀ ਗੁਣਵੱਤਾ ਅਤੇ ਦਿਨ ਵੇਲੇ ਸਤਰਕਤਾ ਨੂੰ ਗੰਭੀਰ ਤੌਰ 'ਤੇ ਪ੍ਰਭਾਵਿਤ ਕਰਦਾ ਹੈ, ਜੋ ਵਿਸ਼ੇਸ਼ ਤੌਰ 'ਤੇ ਡ੍ਰਾਇਵਰਾਂ ਅਤੇ ਮਹੱਤਵਪੂਰਨ ਡਿਊਟੀਆਂ ਵਿੱਚ ਲਗੇ ਕਰਮੀਆਂ ਲਈ ਜੋਖਮਪੂਰਨ ਹੋ ਸਕਦਾ ਹੈ। ਉਨ੍ਹਾਂ ਨੇ ਸ਼ੁਰੂਆਤੀ ਪਹਿਚਾਣ, ਸਮੇਂ 'ਤੇ ਸਕ੍ਰੀਨਿੰਗ, ਉਚਿਤ ਇਲਾਜ ਅਤੇ ਵਿਆਪਕ ਜਨਜਾਗਰੂਕਤਾ ਦੇ ਮਹੱਤਵ 'ਤੇ ਜ਼ੋਰ ਦਿੱਤਾ।

ਸੈਮੀਨਾਰ ਦੇ ਦੌਰਾਨ ਇਹ ਵੀ ਚਰਚਾ ਕੀਤੀ ਗਈ ਕਿ ਨਿਵਾਰਕ ਉਪਾਵਾਂ ਦੇ ਤਹਿਤ ਸੀਟੀਯੂ ਚਾਲਕਾਂ ਅਤੇ ਕਮਰਸ਼ੀਅਲ ਵਾਹਨ ਚਾਲਕਾਂ, ਵਿਸ਼ੇਸ਼ ਕਰਕੇ ਲੰਬੇ ਰੂਟ ਵਾਲੀਆਂ ਬੱਸਾਂ ਚਲਾਉਣ ਵਾਲਿਆਂ, ਅਤੇ ਪੁਲਿਸ ਕਰਮੀਆਂ ਲਈ ਜਾਗਰੂਕਤਾ ਸੈਮੀਨਾਰਾਂ ਅਤੇ ਸਕ੍ਰੀਨਿੰਗ ਕੈਂਪਾਂ ਦਾ ਆਯੋਜਨ ਕੀਤਾ ਜਾਵੇਗਾ।

# ਪੰਜਾਬ ਸਰਕਾਰ ਵਲੋਂ ਸਿੱਖਿਆ ਕ੍ਰਾਂਤੀ ਤਹਿਤ ਚੁੱਕੇ ਕਦਮਾਂ ਦਾ ਵਿਦਿਆਰਥੀਆਂ ਨੂੰ ਹੋਇਆ ਬੇਹੱਦ ਲਾਭ : ਬ੍ਰਮ ਸ਼ੰਕਰ ਜਿੰਪਾ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਇਥੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਵਿਖੇ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥਣਾਂ ਦਾ ਸਨਮਾਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰੇਕ ਸਰਕਾਰੀ ਸਕੂਲ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਮੌਜੂਦਾ ਮੁਕਾਬਲੇਬਾਜ਼ੀ ਦੇ ਦੌਰ ਲਈ ਸਮਰੱਥ ਬਣਾਇਆ ਜਾ ਸਕੇ।



ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਵਿਖੇ 8.40 ਲੱਖ ਰੁਪਏ ਦੀ ਲਾਗਤ ਨਾਲ ਵਰਚੁਅਲ ਰਿਅਲਟੀ ਲੈਬੋਰਟਰੀ, 2.20 ਲੱਖ ਰੁਪਏ ਦੀ ਲਾਗਤ ਨਾਲ ਐਨ.ਐਸ.ਕਿਊ.ਐਫ. ਲੈਬ ਅਤੇ 6.48 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੇ ਇਮਾਰਤੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੇ ਕੰਮਾਂ ਦੀ ਮੁਕੰਮਲਤਾ ਬਾਰੇ ਗੱਲ ਕਰਦਿਆਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਨਵੀਆਂ ਲੈਬਾਰਟਰੀ ਵਿਦਿਆਰਥਣਾਂ ਨੂੰ ਮਾਡਰਨ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣਗੀਆਂ ਜਿਸ ਨਾਲ ਉਨ੍ਹਾਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਪ੍ਰੈਕਟੀਕਲ ਜਾਣਕਾਰੀ ਵੀ ਹਾਸਲ ਹੋਵੇਗੀ। ਉਨ੍ਹਾਂ ਕਿਹਾ ਕਿ ਰੇਲਵੇ ਮੰਡੀ ਸਕੂਲ ਦਾ ਗੌਰਵਮਈ ਇਤਿਹਾਸ ਰਿਹਾ ਹੈ ਜਿਸ ਨੇ ਵੱਖ-ਵੱਖ ਖੇਤਰਾਂ ਵਿਚ ਸ਼ਾਨਦਾਰ ਕਾਰਗੁਜ਼ਾਰੀ ਵਾਲੀਆਂ ਕਾਮਯਾਬ ਵਿਦਿਆਰਥਣਾਂ ਸਮਾਜ ਦੀ ਝੋਲੀ ਪਾਈਆਂ ਹਨ ਜਿਸ ਦਾ ਹੁਸ਼ਿਆਰਪੁਰ ਵਾਸੀਆਂ ਨੂੰ ਹਮੇਸ਼ਾ ਮਾਣ ਰਹੇਗਾ। ਉਨ੍ਹਾਂ ਕਿਹਾ ਕਿ ਸਕੂਲ ਨੂੰ ਹਰ ਲੋੜੀਂਦੀ ਮਦਦ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਹਮੇਸ਼ਾ ਤੱਤਪਰ ਹੈ ਜੋ ਵਿਦਿਆਰਥਣਾਂ ਦੇ ਸੁਨਹਿਰੀ ਭਵਿੱਖ ਲਈ ਕਾਰਗਰ ਹੋਵੇਗੀ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਸਿੱਖਿਆ ਅਤੇ ਸਿਹਤ ਖੇਤਰ ਨੂੰ ਵਿਸ਼ੇਸ਼ ਤਵੱਜੋਂ ਦਿੰਦਿਆਂ ਇਨ੍ਹਾਂ ਖੇਤਰਾਂ ਵਿਚ ਲਾਮਿਸਾਲ ਕੰਮ ਕੀਤੇ ਗਏ ਜੋ ਸਪੱਸ਼ਟ ਤੌਰ 'ਤੇ ਲੋਕਾਂ ਨੂੰ ਵੱਡਾ ਲਾਭ ਦੇ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪ੍ਰਿੰਸੀਪਲਾਂ ਨੂੰ ਵਿਦੇਸ਼ਾਂ ਵਿਚ ਟਰੇਨਿੰਗ ਤੋਂ ਇਲਾਵਾ ਵਿਦਿਆਰਥੀਆਂ ਨੂੰ ਵਪਾਰਕ ਹੁਨਰ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਆਪਣੇ ਪੈਰੀਂ ਸਮਰੱਥ ਹੋ ਸਕਣ।

ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦੇ ਪੱਧਰ ਵਿਚ ਆਏ ਵੱਡੇ ਸੁਧਾਰਾਂ ਸਦਕਾ 2026 ਵਿਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ ਜੇ.ਈ.ਈ. ਮੇਨਜ਼ ਅਤੇ 845 ਵਿਦਿਆਰਥੀਆਂ ਨੇ ਨੀਟ ਦੀ ਪ੍ਰੀਖਿਆ ਪਾਸ ਕੀਤੀ ਹੈ ਜੋ ਆਪਣੇ-ਆਪ ਵਿਚ ਵੱਡੀ ਪ੍ਰਾਪਤੀ ਹੈ।

# ਪੋਸ਼ਿਤ ਭਵਿੱਖ ਦੀ ਤਰਫ਼: ਪੋਸ਼ਣ ਪਖਵਾੜੇ ਨਾਲ ਸਮੁਦਾਇਕ ਭਾਗੀਦਾਰੀ ਅਤੇ ਸ਼ੁਰੂਆਤੀ ਸਿੱਖਿਆ ਨੂੰ ਹੁਲਾਰਾ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚਲ ਰਹੇ ਪੋਸ਼ਣ ਪਖਵਾੜੇ ਦੇ ਤਹਿਤ ਵਿਭਿੰਨ ਕੇਂਦਰਾਂ 'ਤੇ ਪੋਸ਼ਣ, ਸ਼ੁਰੂਆਤੀ ਬਾਲ ਦੇਖਭਾਲ ਅਤੇ ਸਮੁਦਾਇਕ ਭਾਗੀਦਾਰੀ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਅਨੇਕ ਗਤੀਵਿਧੀਆਂ ਦਾ ਸਫ਼ਲ ਆਯੋਜਨ ਕੀਤਾ ਗਿਆ। ਆਰਸੀ ਧਨਾਸ-1 ਵਿਖੇ,'ਡੂ ਇਟ ਯੂਅਰਸੈਲਫ (ਡੀਆਈਵਾਈ/DIY) ਖਿਡੌਣਾ ਨਿਰਮਾਣ' ਵਿਸ਼ੇ 'ਤੇ ਇੱਕ ਰੋਚਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਮਾਪਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਅਵਸਰ 'ਤੇ ਇੱਕ ਜਾਗਰੂਕਤਾ ਸੈਸ਼ਨ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਮਾਪਿਆਂ ਨੂੰ ਘਰ ਵਿੱਚ ਉਪਲਬਧ ਸਾਧਾਰਣ ਸਮੱਗਰੀ ਨਾਲ ਬੱਚਿਆਂ ਲਈ ਸੁਰੱਖਿਅਤ, ਘੱਟ ਲਾਗਤ ਵਾਲੇ ਅਤੇ ਵਿੱਦਿਅਕ ਖਿਡੌਣੇ ਬਣਾਉਣ ਬਾਰੇ ਜਾਣਕਾਰੀ ਦਿੱਤੀ ਗਈ।

ਵਿਕਾਸ ਨਗਰ ਵਿੱਚ 3-6 ਵਰ੍ਹਿਆਂ ਦੀ ਉਮਰ ਦੇ ਬੱਚਿਆਂ ਲਈ ਖੇਡ ਮੁਕਾਬਲਾ ਆਯੋਜਿਤ ਕੀਤਾ ਗਿਆ। ਬੱਚਿਆਂ ਨੇ ਵਿਭਿੰਨ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ, ਜਿਸ ਨਾਲ ਉਨ੍ਹਾਂ ਦੇ ਸਰੀਰਕ ਵਿਕਾਸ, ਤਾਲਮੇਲ ਅਤੇ ਟੀਮ ਵਰਕ ਨੂੰ ਮਨੋਰੰਜਕ ਤਰੀਕੇ ਨਾਲ ਪ੍ਰੋਤਸਾਹਨ ਮਿਲਿਆ।

ਪਲਸੌਰਾ ਵਿਖੇ ਨਵਚੇਤਨਾ ਫ੍ਰੇਮਵਰਕ (0-3 ਵਰ੍ਹਿਆਂ) ਦੇ ਤਹਿਤ 'ਘਰ 'ਤੇ ਸ਼ੁਰੂਆਤੀ ਸਿੱਖਿਆ ਹਿਤ ਘੱਟ ਲਾਗਤ ਵਾਲੀ ਸਮੱਗਰੀ ਦਾ ਉਪਯੋਗ' ਵਿਸ਼ੇ 'ਤੇ ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਸੈਸ਼ਨ ਦੇ ਦੌਰਾਨ ਮਾਪਿਆਂ ਨੂੰਸਰਲ ਅਤੇ ਸਥਾਨਕ ਤੌਰ 'ਤੇ ਉਪਲਬਧ ਸੰਸਾਧਨਾਂ ਦੇ ਜ਼ਰੀਏ ਬੱਚਿਆਂ ਦੀ ਸ਼ੁਰੂਆਤੀ ਸਿੱਖਿਆ ਅਤੇ ਵਿਕਾਸ ਨੂੰ ਪ੍ਰੋਤਸਾਹਿਤ ਕਰਨ ਦੇ ਤਰੀਕੇ ਦੱਸੇ ਗਏ। ਇਨ੍ਹਾਂ ਪ੍ਰਮੁੱਖ ਗਤੀਵਿਧੀਆਂ ਦੇ ਇਲਾਵਾ ਵਿਭਿੰਨ ਕੇਂਦਰਾਂ 'ਤੇ ਕਈ ਸਹਾਇਕ ਪਹਿਲਾਂ ਵੀ ਸੰਚਾਲਿਤ ਕੀਤੀਆਂ ਗਈਆਂ। ਇਨ੍ਹਾਂ ਵਿੱਚ ਸਮੁਦਾਇਕ ਭਾਗੀਦਾਰੀ ਨੂੰ ਪ੍ਰੋਤਸਾਹਿਤ ਕਰਨ ਹਿਤ ਯੁਵਾ ਸਮੂਹ ਮੀਟਿੰਗਾਂ, ਬਿਹਤਰ ਪੋਸ਼ਣ ਲਈ ਮਿਲੇਟਸ ਦਾ ਪ੍ਰਚਾਰ-ਪ੍ਰਸਾਰ, 'ਪੋਸ਼ਣ ਵਾਟਿਕਾ' (ਕਿਚਨ ਗਾਰਡਨ) ਮੁਹਿੰਮਾਂ, ਮਿਲੇਟਸ ਦੇ ਉਪਯੋਗ ਨੂੰ ਹੁਲਾਰਾ ਦੇਣ ਲਈ ਘਰ-ਘਰ ਜਾਗਰੂਕਤਾ ਮੁਹਿੰਮ, ਅਤੇ ਆਂਗਣਵਾੜੀ ਕੇਂਦਰਾਂ ਨੂੰ ਸਿੱਖਣ ਦੇ ਕੇਂਦਰ ਦੇ ਰੂਪ ਵਿੱਚ ਪ੍ਰੋਤਸਾਹਿਤ ਕਰਨਾ ਸ਼ਾਮਲ ਰਿਹਾ।

ਇਨ੍ਹਾਂ ਗਤੀਵਿਧੀਆਂ ਵਿੱਚ ਸਮੁਦਾਇ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ, ਜਿਸ ਨੇ ਪੋਸ਼ਣ, ਸਿਹਤ ਅਤੇ ਸ਼ੁਰੂਆਤੀ ਬਾਲ ਵਿਕਾਸ ਬਾਰੇ ਜਾਗਰੂਕਤਾ ਵਧਾਉਣ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ।

# ਫੂਡ ਸੇਫਟੀ ਟੀਮ ਵੱਲੋਂ ਡੇਅਰੀਆਂ ਅਤੇ ਫੂਡ ਆਊਟਲੈਟਾਂ ਦਾ ਅਚਨਚੇਤ ਨਿਰੀਖਣ

**ਤਰਨਤਾਰਨ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕੰਵਲ ਪ੍ਰੀਤ ਬਰਾੜ ਦੇ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ ਦੀ ਅਗਵਾਈ ਵਿਚ ਫੂਡ ਸੇਫਟੀ ਟੀਮ ਤਰਨ ਤਾਰਨ ਨੇ ਚੱਲ ਰਹੇ ਫੂਡ ਸੇਫਟੀ ਪੰਦਰਵਾੜੇ ਤਹਿਤ ਲਗਾਤਾਰ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਸੇ ਤਹਿਤ ਪਿਛਲੇ ਤਿੰਨ ਦਿਨਾਂ ਵਿਚ ਫੂਡ ਸੇਫਟੀ ਟੀਮ ਤਰਨ ਤਾਰਨ ਨੇ ਤਰਨ ਤਾਰਨ ਸ਼ਹਿਰ, ਗੱਗੋਬੂਹਾ ਅਤੇ ਝਬਾਲ ਖੇਤਰ ਵਿਚ ਡੇਅਰੀਆਂ ਅਤੇ ਵੱਖ-ਵੱਖ ਫੂਡ ਆਊਟਲੈਟਾਂ ਦਾ ਅਚਨਚੇਤ ਨਿਰੀਖਣ ਕੀਤਾ ਅਤੇ ਦੁੱਧ, ਘਿਓ ਅਤੇ ਪਨੀਰ ਦੇ 8 ਨਮੂਨੇ ਇਕੱਤਰ ਕੀਤੇ, ਜੋ ਖਰੜ ਲੈਬ ਵਿਚ ਭੇਜੇ ਗਏ ਹਨ।

ਇਸ ਦੌਰਾਨ ਸਾਰੇ ਐਫ.ਬੀ.ਓਜ਼ ਨੂੰ ਸਫ਼ਾਈ ਬਣਾਈ ਰੱਖਣ, ਮਿਲਾਵਟ ਤੋਂ ਬਚਣ, ਤੇਲ ਦੀ ਰੀਫ੍ਰਾਈਂਗ ਨਾ ਕਰਨ, ਪਕਾਏ ਹੋਏ ਭੋਜਨ ਦਾ ਸਹੀ ਤਾਪਮਾਨ ਬਣਾਈ ਰੱਖਣ, ਖਾਣ-ਪੀਣ ਦੀਆਂ ਚੀਜ਼ਾਂ ਨੂੰ ਢੱਕ ਕੇ ਰੱਖਣ ਦੇ ਨਿਰਦੇਸ਼ ਦਿੱਤੇ ਗਏ।

ਇਸੇ ਦੌਰਾਨ ਟੀਮ ਨੇ ਪੱਟੀ, ਭੋਜੀਆਂ ਗੱਗੋਬੂਹਾ, ਭੁੱਚਰ ਖੁਰਦ ਅਤੇ ਝਬਾਲ ਵਿਚ ਜਾਗਰੂਕਤਾ, ਸਿਖਲਾਈ ਅਤੇ ਟੈਸਟਿੰਗ ਜਾਰੀ ਰੱਖੀ ਅਤੇ ਜਾਗਰੂਕਤਾ ਅਤੇ ਸਿਖਲਾਈ ਲਈ ਸਕੂਲਾਂ ਦਾ ਦੌਰਾ ਕੀਤਾ। ਇਸ ਮੌਕੇ ਸਾਰੇ ਐਫ.ਬੀ.ਓਜ਼ ਨੂੰ ਆਪਣੀ ਰਜਿਸਟ੍ਰੇਸ਼ਨ/ ਲਾਇਸੰਸ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਗਏ।

# ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਲੋਕ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੇ ਦਿੱਤੇ ਨਿਰਦੇਸ਼

## ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਤੇ ਪ੍ਰੋਗਰਾਮਾਂ ਨੂੰ ਜ਼ਮੀਨੀ ਪੱਧਰ 'ਤੇ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ 'ਤੇ ਦਿੱਤਾ ਜ਼ੋਰ

**ਜਲੰਧਰ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਵੱਲੋਂ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਅਹਿਮ ਮੀਟਿੰਗ ਦੌਰਾਨ ਉਨ੍ਹਾਂ ਨੂੰ ਲੋਕ ਮਸਲਿਆਂ ਦਾ ਢੁੱਕਵਾਂ ਅਤੇ ਸਮਾਂਬੱਧ ਢੰਗ ਨਾਲ ਹੱਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਲੋਕਾਂ ਦੀ ਹਰੇਕ ਸਮੱਸਿਆ ਨੂੰ ਪੂਰੀ ਗੰਭੀਰਤਾ ਨਾਲ ਲੈਣ ਅਤੇ ਉਸ ਦਾ ਪ੍ਰਭਾਵਸ਼ਾਲੀ ਹੱਲ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗ ਪੇਸ਼ੇਵਰ ਢੰਗ ਨਾਲ ਅਤੇ ਪੂਰੇ ਤਾਲਮੇਲ ਨਾਲ ਕੰਮ ਕਰਨ, ਤਾਂ ਜੋ ਲੋਕਾਂ ਨੂੰ ਹੋਰ ਵੀ ਬਿਹਤਰ ਢੰਗ ਨਾਲ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ।



ਇਸ ਮੌਕੇ ਮੁੱਖ ਪ੍ਰਸ਼ਾਸਕ ਜੇ.ਡੀ.ਏ. ਨਿਤੇਸ਼ ਕੁਮਾਰ ਜੈਨ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ. ਅਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਤੇਜਦੀਪ ਸਿੰਘ ਸੈਣੀ ਵੀ ਮੌਜੂਦ ਸਨ।

ਸ਼੍ਰੀ ਵਾਲੀਆ ਨੇ ਐਸ.ਡੀ.ਐਮਜ਼ ਨੂੰ ਵੀ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਦੀ ਢੁੱਕਵੀਂ ਨਿਗਰਾਨੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਉਨ੍ਹਾਂ ਦਾ ਸਮੇਂ ਸਿਰ ਨਿਪਟਾਰਾ ਕਰਕੇ ਲੋਕਾਂ ਨੂੰ ਰਾਹਤ ਪਹੁੰਚਾਈ ਜਾ ਸਕੇ।

ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਜ਼ਮੀਨੀ ਪੱਧਰ 'ਤੇ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ 'ਤੇ ਜ਼ੋਰ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਯੋਗ ਅਤੇ ਲੋੜਵੰਦ ਤੱਕ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚੇ। ਉਨ੍ਹਾਂ ਕਿਹਾ ਕਿ ਜੇਕਰ ਲੋਕ ਸਾਡੇ ਤੱਕ ਨਹੀਂ ਪਹੁੰਚ ਸਕਦੇ ਤਾਂ ਉਨ੍ਹਾਂ ਤੱਕ ਪਹੁੰਚਣਾ ਸਾਡੀ ਜ਼ਿੰਮੇਵਾਰੀ ਹੈ।

ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣ ਅਤੇ ਲੋਕਾਂ ਦੀ ਭਲਾਈ ਤੇ ਬਿਹਤਰੀ ਨੂੰ ਆਪਣੀ ਮੁੱਢਲੀ ਤਰਜੀਹ ਬਣਾਉਣ, ਤਾਂ ਜੋ ਉਨ੍ਹਾਂ ਦਾ ਪ੍ਰਸ਼ਾਸਨ ਵਿੱਚ ਵਿਸ਼ਵਾਸ ਹੋਰ ਮਜ਼ਬੂਤ ਹੋ ਸਕੇ।

ਮੀਟਿੰਗ ਵਿੱਚ ਸਮੂਹ ਐਸ.ਡੀ.ਐਮਜ਼, ਸਿਵਲ ਸਰਜਨ, ਜ਼ਿਲ੍ਹਾ ਮਾਲ ਅਫ਼ਸਰ ਸਮੇਤ ਵੱਖ-ਵੱਖ ਵਿਭਾਗਾਂ ਦੇ ਮੁਖੀ ਮੌਜੂਦ ਸਨ।

# ਮਾਵਾਂ ਧੀਆਂ ਸਤਿਕਾਰ ਯੋਜਨਾ ਦੀ ਰਜਿਸਟ੍ਰੇਸ਼ਨ ਪਟਿਆਲਾ ਜ਼ਿਲ੍ਹਾ ਪੰਜਾਬ ਭਰ ਚੋਂ ਪਹਿਲੇ ਸਥਾਨ ਉਤੇ: ਸਿਹਤ ਮੰਤਰੀ

## ➢ ਸਿਹਤ ਯੋਜਨਾ ਰਜਿਸਟ੍ਰੇਸ਼ਨ ਵਿੱਚ ਵੀ ਪਟਿਆਲਾ ਪੰਜਾਬ ਭਰ ਚੋਂ ਮੋਹਰੀ ➢ -ਹਰ ਪਰਿਵਾਰ ਨੂੰ ਲਾਭ ਦੇਣ ਲਈ ਦੋਵਾਂ ਸਕੀਮਾਂ ਦੀ ਰਜਿਸਟ੍ਰੇਸ਼ਨ ਦੀ ਰੋਜ਼ਾਨਾ ਨਿਗਰਾਨੀ ਕਰਨ ਅਧਿਕਾਰੀ : ਡਾ. ਬਲਬੀਰ ਸਿੰਘ

**ਪਟਿਆਲਾ, 21 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕਰਕੇ ਪਟਿਆਲਾ ਦਿਹਾਤੀ ਵਿਧਾਨ ਸਭਾ ਹਲਕੇ ਵਿੱਚ ਚੱਲ ਰਹੇ ਅਤੇ ਪ੍ਰਸਤਾਵਿਤ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਸਿਹਤ ਮੰਤਰੀ ਨੇ ਦੱਸਿਆ ਕਿ ਮਾਵਾਂ ਧੀਆਂ ਸਤਿਕਾਰ ਯੋਜਨਾ ਦੀ ਰਜਿਸਟ੍ਰੇਸ਼ਨ ਵਿੱਚ ਪਟਿਆਲਾ ਪਹਿਲੇ ਸਥਾਨ ਉਤੇ ਹੈ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਦੀ ਰਜਿਸਟ੍ਰੇਸ਼ਨ ਵਿੱਚ ਵੀ ਪਟਿਆਲਾ ਮੋਹਰੀ ਹੈ ਤੇ ਇਹ ਜ਼ਿਲ੍ਹਾ ਦੂਜੇ ਸਥਾਨ ਉਤੇ ਹੈ।

ਮੀਟਿੰਗ ਦੌਰਾਨ, ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਲਾਭਪਾਤਰੀ ਪਰਿਵਾਰਾਂ ਦੇ ਕਾਰਡ ਬਣਾਏ ਜਾਣ ਦਾ ਜਾਇਜ਼ਾ ਲਿਆ ਅਤੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ



ਸਰਕਾਰੀ ਵਿਭਾਗਾਂ ਦੇ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵੀ ਆਪਣੇ ਸਿਹਤ ਕਾਰਡ ਬਣਵਾਏ ਜਾਣ ਤੇ ਇਸ ਯੋਜਨਾ ਦਾ ਲਾਭ ਹੇਠਲੇ ਪੱਧਰ ਉਤੇ ਪਹੁੰਚਾਉਣ ਲਈ ਵੱਧ ਤੋਂ ਵੱਧ ਲੋਕਾਂ ਦੇ ਸਿਹਤ ਕਾਰਡ ਬਣਵਾਏ ਜਾਣ।

ਸਿਹਤ ਮੰਤਰੀ ਨੇ ਕਿਹਾ ਕਿ ਇਸ ਸਕੀਮ ਤਹਿਤ ਸੂਬੇ ਦੇ ਹਰੇਕ ਪਰਿਵਾਰ ਨੂੰ 10 ਲੱਖ ਤੱਕ ਇਲਾਜ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਯੋਜਨਾ ਦੇ ਲਾਗੂਕਰਨ ਦੀ ਰੋਜ਼ਾਨਾ ਨਿਗਰਾਨੀ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੱਧ ਤੋਂ ਵੱਧ ਲਾਭਪਾਤਰੀ ਕਵਰ ਕੀਤੇ ਜਾਣ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਖ਼ੁਦ ਰੋਜ਼ਾਨਾ ਇਸ ਯੋਜਨਾ ਦੇ ਕਾਰਡ ਬਣਾਉਣ ਦਾ ਜਾਇਜ਼ਾ ਲੈ ਰਹੇ ਹਨ, ਇਸ ਲਈ ਇਸ ਵਿੱਚ ਕੋਈ ਅਣਗਹਿਲੀ ਨਾ ਵਰਤੀ ਜਾਵੇ। ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਦੇ ਛੱਪੜਾਂ ਦੇ ਨਵੀਨੀਕਰਨ, ਯੋਗ ਲਾਭਪਾਤਰੀਆਂ ਨੂੰ ਪੰਜ ਮਰਲੇ ਰਿਹਾਇਸ਼ੀ ਪਲਾਟਾਂ ਦੀ ਵੰਡ ਸਮੇਤ ਸੜਕਾਂ ਦੀ ਮੁਰੰਮਤ ਦੇ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਵਿਕਾਸ ਕਾਰਜ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ ਨੂੰ ਹਦਾਇਤ ਕੀਤੀ ਕਿ ਭਾਦਸੋਂ ਰੋਡ ਉਤੇ ਟਿਵਾਣਾ ਚੌਂਕ ਨੂੰ ਚੌੜਾ ਕਰਕੇ ਇੱਥੇ ਟ੍ਰੈਫਿਕ ਵਿਘਨ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ।ਇਸ ਤੋਂ ਬਿਨ੍ਹਾਂ ਸ਼ਹਿਰ ਵਿੱਚ ਐਲ ਐਂਡ ਟੀ ਵੱਲੋਂ ਪਾਇਪਾਂ ਪਾਉਣ ਲਈ ਪੁੱਟੀਆਂ ਸੜਕਾਂ ਦੀ ਮੁਰੰਮਤ ਵੀ ਤੁਰੰਤ ਕੀਤੀ ਜਾਵੇ।

ਸਿਹਤ ਮੰਤਰੀ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਏ.ਡੀ.ਸੀ. ਦਮਨਜੀਤ ਸਿੰਘ ਮਾਨ ਨੂੰ ਸਾਰੀਆਂ ਸਬੰਧਤ ਯੋਜਨਾਵਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਸਿਹਤ ਮੰਤਰੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਸਾਰੀਆਂ ਹਦਾਇਤਾਂ ਸਮਾਂਬੱਧ ਅਤੇ ਨਤੀਜਾ-ਮੁਖੀ ਢੰਗ ਨਾਲ ਲਾਗੂ ਕੀਤੀਆਂ ਜਾਣਗੀਆਂ।

ਮੀਟਿੰਗ ਵਿੱਚ ਪੀ.ਡੀ.ਏ ਦੇ ਸੀ.ਏ ਅਪਰਨਾ ਐਮ.ਬੀ., ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਪੀ.ਆਰ.ਟੀ.ਸੀ. ਦੇ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ, ਜਸਬੀਰ ਗਾਂਧੀ, ਬਲਾਕ ਸੰਮਤੀ ਮੈਂਬਰ ਅਮਨ ਭੁੱਲਰ, ਸੁਰੇਸ਼ ਰਾਏ, ਵੇਦ ਕਪੂਰ, ਚਿੰਟੂ ਨਾਸਰਾ, ਕਮਿਸ਼ਨਰ ਨਗਰ ਨਿਗਮ ਪਰਮਜੀਤ ਸਿੰਘ, ਏ.ਡੀ.ਸੀ. ਦਿਹਾਤੀ ਵਿਕਾਸ ਦਮਨਜੀਤ ਸਿੰਘ ਮਾਨ, ਸੰਯੁਕਤ ਕਮਿਸ਼ਨਰ ਮਨਰੀਤ ਰਾਣਾ, ਸਿਵਲ ਸਰਜਨ ਡਾ. ਸ਼ੈਲੀ ਜੇਤਲੀ ਸਮੇਤ ਹੋਰ ਸੀਨੀਅਰ ਜ਼ਿਲ੍ਹਾ ਅਧਿਕਾਰੀ ਸ਼ਾਮਲ ਹੋਏ।

# ਅੰਬਾਲਾ ਕੈਂਟ ਡੋਮੇਸਟਿਕ ਏਅਰਪੋਰਟ ਦਾ ਉਦਘਾਟਨ ਹੋਵੇਗਾ ਜਲਦ, ਪੈਂਡਿੰਗ ਕਾਰਜ ਜਲਦੀ ਪੂਰੇ ਕਰਨ ਦੇ ਨਿਰਦੇਸ਼ : ਅਨਿਲ ਵਿੱਜ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਊਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿੱਜ ਨੇ ਕਿਹਾ ਕਿ ਅੰਬਾਲਾ ਕੈਂਟ ਵਿੱਚ ਬਣੇ ਡੋਮੇਸਟਿਕ ਏਅਰਪੋਰਟ ਦਾ ਉਦਘਾਟਨ ਜਲਦੀ ਹੀ ਕੀਤਾ ਜਾਵੇਗਾ। ਇਸ ਸਬੰਧੀ ਅੱਜ ਹਰਿਆਣਾ ਸਿਵਲ ਏਵੀਏਸ਼ਨ ਵਿਭਾਗ ਦੇ ਅਧਿਕਾਰੀਆਂ ਨਾਲ ਆਯੋਜਿਤ ਮੀਟਿੰਗ ਵਿੱਚ ਏਅਰਪੋਰਟ ਦੇ ਬਾਕੀ ਰਹਿੰਦੇ ਕੰਮਾਂ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ।

ਮੀਟਿੰਗ ਦੀ ਅਗਵਾਈ ਕਰਦਿਆਂ ਸ੍ਰੀ ਵਿੱਜ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਇੱਕ ਟੀਮ ਗਠਿਤ ਕਰਕੇ ਏਅਰਪੋਰਟ ਦਾ ਨਿਰੀਖਣ ਕੀਤਾ ਜਾਵੇ, ਤਾਂ ਜੋ ਤਕਨੀਕੀ ਤੌਰ ’ਤੇ ਪੈਂਡਿੰਗ ਕੰਮਾਂ ਨੂੰ ਤੇਜ਼ੀ ਨਾਲ ਮੁਕੰਮਲ ਕੀਤਾ ਜਾ ਸਕੇ। ਉਨ੍ਹਾਂ ਨੇ ਸੀਸੀਟੀਵੀ ਇੰਸਟਾਲੇਸ਼ਨ, ਕੰਟਰੋਲ ਰੂਮ ਦੀ ਸਥਾਪਨਾ, ਸੁਰੱਖਿਆ ਪ੍ਰਬੰਧ, ਆਨਲਾਈਨ ਯੂਪੀਐਸ, ਛੋਟੇ ਸਿਵਲ ਕੰਮ ਅਤੇ ਦਫਤਰੀ ਲੋੜਾਂ ਨਾਲ ਜੁੜੇ ਹੋਰ ਕੰਮਾਂ ਨੂੰ ਪਹਿਲ ਦੇ ਅਧਾਰ ’ਤੇ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਸਟਾਫ ਅਤੇ ਵਾਹਨਾਂ ਦੀ ਉਪਲਬਧਤਾ ਨੂੰ ਲੈ ਕੇ ਵੀ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਦੂਜੇ ਪਾਸੇ, ਸ੍ਰੀ ਵਿੱਜ ਨੇ ਅਧਿਕਾਰੀਆਂ ਨੂੰ ਕਾਰਗੋ ਦੀ ਸਹੂਲਤ ਲਈ ਆਫ-ਏਅਰਪੋਰਟ ਏਅਰ ਟਰਮੀਨਲ ਸਥਾਪਿਤ ਕਰਨ ਦੇ ਸਬੰਧ ਵਿੱਚ ਵੀ ਨਿਰਦੇਸ਼ ਦਿੱਤੇ।

ਊਰਜਾ ਮੰਤਰੀ ਨੇ ਕਿਹਾ ਕਿ ਅੰਬਾਲਾ ਕੈਂਟ ਇੱਕ ਪ੍ਰਮੁੱਖ ਜੰਕਸ਼ਨ ਹੈ ਅਤੇ ਇੱਥੋਂ ਹਵਾਈ ਸੇਵਾਵਾਂ ਸ਼ੁਰੂ ਹੋਣ ’ਤੇ ਆਸ-ਪਾਸ ਦੇ ਖੇਤਰਾਂ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਵਪਾਰਕ ਗਤੀਵਿਧੀਆਂ ਨੂੰ ਵੀ ਹੁਲਾਰਾ ਮਿਲੇਗਾ।



ਉਨ੍ਹਾਂ ਦੱਸਿਆ ਕਿ ਕੁਰੂਕਸ਼ੇਤਰ, ਯਮੁਨਾਨਗਰ, ਕੈਥਲ, ਕਰਨਾਲ ਅਤੇ ਪਾਣੀਪਤ ਸਮੇਤ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਇਲਾਵਾ ਪੰਜਾਬ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਦੇ ਲੋਕਾਂ ਨੂੰ ਵੀ ਇਸ ਦਾ ਲਾਭ ਮਿਲੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸ਼ਹਿਰ ਦੇ ਅੰਦਰ ਸਥਿਤ ਹੋਣ ਕਾਰਨ ਯਾਤਰੀਆਂ ਨੂੰ ਆਉਣ-ਜਾਣ ਵਿੱਚ ਕਿਸੇ ਕਿਸਮ ਦੀ ਦਿੱਕਤ ਨਹੀਂ ਹੋਵੇਗੀ।

ਸ੍ਰੀ ਵਿੱਜ ਨੇ ਦੱਸਿਆ ਕਿ ਅੰਬਾਲਾ ਤੋਂ ਅਯੋਧਿਆ ਲਈ ਪ੍ਰਸਤਾਵਿਤ ਉਡਾਣ ਨੂੰ ਲੈ ਕੇ ਲੋਕਾਂ ਵਿੱਚ ਵਿਸ਼ੇਸ਼ ਉਤਸ਼ਾਹ ਹੈ ਅਤੇ ਉਡਾਣ ਸ਼ੁਰੂ ਹੋਣ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਸ੍ਰੀ ਵਿੱਜ ਨੇ ਦੱਸਿਆ ਕਿ ਅੰਬਾਲਾ ਤੋਂ ਸ਼੍ਰੀਨਗਰ ਰੂਟ ’ਤੇ ਇੱਕ ਕੰਪਨੀ ਨੂੰ ਕੰਮ ਦਿੱਤਾ ਜਾ ਰਿਹਾ ਹੈ ਜਦਕਿ ਅੰਬਾਲਾ-ਲਖਨਊ ਵਰਗੇ ਸ਼ਹਿਰਾਂ ਲਈ ਵੱਖ-ਵੱਖ ਏਅਰਲਾਈਨ ਕੰਪਨੀਆਂ ਨੇ ਅਪਲਾਈ ਕੀਤਾ ਹੈ, ਜਿਸ ’ਤੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਇਸ ਡੋਮੇਸਟਿਕ ਏਅਰਪੋਰਟ ਦੇ ਸ਼ੁਰੂ ਹੋਣ ਨਾਲ ਖੇਤਰ ਵਿੱਚ ਸਿੱਧੇ ਅਤੇ ਅਸਿੱਧੇ ਤੌਰ ’ਤੇ ਰੋਜ਼ਗਾਰ ਦੇ ਮੌਕੇ ਵੀ ਵਧਣਗੇ।ਮੀਟਿੰਗ ਤੋਂ ਪਹਿਲਾਂ ਸ੍ਰੀ ਵਿੱਜ ਨੇ ਡੋਮੇਸਟਿਕ ਏਅਰਪੋਰਟ, ਅੰਬਾਲਾ ਕੈਂਟ ਦਾ ਨਿਰੀਖਣ ਕੀਤਾ ਅਤੇ ਪੀਡਬਲਯੂਡੀ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਨਾਲ ਸਮੀਖਿਆ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਏਅਰਪੋਰਟ ਦਾ ਨਿਰਮਾਣ ਕਾਰਜ ਮੁਕੰਮਲ ਹੋ ਚੁੱਕਾ ਹੈ। ਨਿਰੀਖਣ ਦੌਰਾਨ ਮੰਤਰੀ ਨੇ ਯਾਤਰੀਆਂ ਦੀਆਂ ਸਹੂਲਤਾਂ ਜਿਵੇਂ ਆਉਣ-ਜਾਣ, ਖਾਣ-ਪੀਣ, ਬੈਠਣ ਦੇ ਪ੍ਰਬੰਧ, ਵਾਹਨ ਪਾਰਕਿੰਗ ਅਤੇ ਲਗਾਏ ਗਏ ਉਪਕਰਨਾਂ, ਜਿਨ੍ਹਾਂ ਵਿੱਚ ਬੈਗੇਜ ਸਕੈਨਰ ਆਦਿ ਸ਼ਾਮਲ ਹਨ, ਬਾਰੇ ਜਾਣਕਾਰੀ ਲਈ।

ਵਰਨਣਯੋਗ ਹੈ ਕਿ ਇਸ ਡੋਮੇਸਟਿਕ ਏਅਰਪੋਰਟ ਦੇ ਨਿਰਮਾਣ ਲਈ ਅੰਬਾਲਾ ਕੈਂਟ ਏਅਰਫੋਰਸ ਸਟੇਸ਼ਨ ਦੇ ਨੇੜੇ ਰੱਖਿਆ ਮੰਤਰਾਲੇ ਤੋਂ ਲਗਭਗ 20 ਏਕੜ ਜ਼ਮੀਨ 133 ਕਰੋੜ ਰੁਪਏ ਵਿੱਚ ਪ੍ਰਾਪਤ ਕੀਤੀ ਗਈ ਸੀ। ਲਗਭਗ 18 ਕਰੋੜ ਰੁਪਏ ਦੀ ਲਾਗਤ ਨਾਲ ਏਅਰਪੋਰਟ ਦਾ ਬੁਨਿਆਦੀ ਢਾਂਚਾ ਤਿਆਰ ਕੀਤਾ ਗਿਆ ਹੈ ਅਤੇ ਲੋੜੀਂਦੇ ਉਪਕਰਨ ਸਥਾਪਿਤ ਕੀਤੇ ਗਏ ਹਨ।

ਮੀਟਿੰਗ ਵਿੱਚ ਸਿਵਲ ਏਵੀਏਸ਼ਨ ਵਿਭਾਗ ਦੀ ਵਧੀਕ ਮੁੱਖ ਸਕੱਤਰ ਸ਼੍ਰੀਮਤੀ ਜੀ. ਅਨੁਪਮਾ, ਵਧੀਕ ਡਾਇਰੈਕਟਰ ਸ੍ਰੀ ਮਨੀਸ਼ ਕੁਮਾਰ ਲੋਹਾਨ, ਪ੍ਰੋਜੈਕਟ ਡਾਇਰੈਕਟਰ ਗਰੁੱਪ ਕੈਪਟਨ ਏ.ਐਸ. ਗਿੱਲ ਅਤੇ ਸਲਾਹਕਾਰ (ਯੋਜਨਾ) ਸ੍ਰੀ ਐਮ.ਐਸ. ਦੂਹਨ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਹਰਿਆਣਾ ਸਰਕਾਰ ਕਿਸਾਨਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਵਚਨਬੱਧ : ਸ਼ਿਆਮ ਸਿੰਘ ਰਾਣਾ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬਾ ਸਰਕਾਰ ਕਿਸਾਨਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸਾਰੀਆਂ ਲੋੜੀਂਦੀਆਂ ਤਿਆਰੀਆਂ ਯਕੀਨੀ ਬਣਾਈਆਂ ਜਾ ਰਹੀਆਂ ਹਨ। ਹਰਿਆਣਾ ਸਰਕਾਰ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ ਅਤੇ ਡੇਅਰੀ ਅਤੇ ਮੱਛੀ ਪਾਲਣ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅੱਜ ਫਰੀਦਾਬਾਦ ਜ਼ਿਲ੍ਹੇ ਦੀ ਬਲਭਗੜ੍ਹ ਅਨਾਜ ਮੰਡੀ ਦਾ ਨਿਰੀਖਣ ਕੀਤਾ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਦੱਸਿਆ ਕਿ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਨਿਰਦੇਸ਼ਾਂ ਅਨੁਸਾਰ ਸਾਰੇ ਮੰਤਰੀ ਅਤੇ ਵਿਧਾਇਕ ਫੀਲਡ ਵਿੱਚ ਰਹਿ ਕੇ ਮੰਡੀਆਂ ਦਾ ਨਿਰੀਖਣ ਕਰ ਰਹੇ ਹਨ, ਤਾਂ ਜੋ ਬਾਰਦਾਨਾ, ਲਿਫਟਿੰਗ, ਆਵਾਜਾਈ, ਸਾਫ਼-ਸਫ਼ਾਈ ਜਾਂ ਕਿਸੇ ਹੋਰ ਕਿਸਮ ਦੀ ਸਮੱਸਿਆ ਦਾ ਸਮੇਂ ਸਿਰ ਹੱਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕਈ ਮੰਡੀਆਂ ਦਾ ਦੌਰਾ



ਕੀਤਾ ਜਾ ਚੁੱਕਾ ਹੈ, ਜਿੱਥੇ ਜ਼ਿਆਦਾਤਰ ਪ੍ਰਬੰਧ ਤਸੱਲੀਬਖਸ਼ ਪਾਏ ਗਏ ਹਨ, ਹਾਲਾਂਕਿ ਕੁਝ ਥਾਵਾਂ ’ਤੇ ਲਿਫਟਿੰਗ ਅਤੇ ਆਵਾਜਾਈ ਵਿੱਚ ਦੇਰੀ ਵਰਗੀਆਂ ਸਮੱਸਿਆਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੂੰ ਤੁਰੰਤ ਸੁਧਾਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੀ ਫ਼ਸਲ ਅਜੇ ਮੰਡੀਆਂ ਤੱਕ ਨਹੀਂ ਪਹੁੰਚੀ ਹੈ, ਉਨ੍ਹਾਂ ਲਈ ਵੀ ਉਚਿਤ ਪ੍ਰਬੰਧ ਯਕੀਨੀ ਬਣਾਏ ਜਾਣ ਅਤੇ ਕਿਸੇ ਵੀ ਤਕਨੀਕੀ ਰੁਕਾਵਟ, ਜਿਵੇਂ ਕਿ ਪੋਰਟਲ ਜਾਂ ਸਰਵੇਖਣ ਨਾਲ ਸਬੰਧਤ ਸਮੱਸਿਆ ਦਾ ਹੱਲ ਮੌਕੇ ’ਤੇ ਹੀ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਕਿਸਾਨ ਦਾ ਨਾਮ ਪੋਰਟਲ ’ਤੇ ਨਹੀਂ ਆਉਂਦਾ ਤਾਂ ਸਥਾਨਕ ਪੱਧਰ ’ਤੇ ਉਸ ਦਾ ਰਿਕਾਰਡ ਦਰਜ ਕਰਕੇ ਅਗਲੀ ਪ੍ਰਕਿਰਿਆ ਪੂਰੀ ਕੀਤੀ ਜਾ ਰਹੀ ਹੈ, ਤਾਂ ਜੋ ਕਿਸਾਨ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਕਿਹਾ ਕਿ ਨਮੀ ਨਾਲ ਸਬੰਧਤ ਸਮੱਸਿਆਵਾਂ ’ਤੇ ਵੀ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਛੋਟ ਨਾਲ ਕਿਸਾਨਾਂ ਨੂੰ ਰਾਹਤ ਮਿਲੀ ਹੈ।

ਖੇਤੀਬਾੜੀ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ’ਨਾਰੀ ਸ਼ਕਤੀ ਵੰਦਨ ਅਧਿਨਿਯਮ’ ਦੀ ਸ਼ਲਾਘਾ ਕਰਦਿਆਂ ਇਸ ਨੂੰ ਦੇਸ਼ ਦੇ ਵਿਕਾਸ ਲਈ ਮੀਲ ਦਾ ਪੱਥਰ ਦੱਸਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਮਹਿਲਾਵਾਂ ਨੂੰ 33 ਫੀਸਦੀ ਰਾਖਵਾਂ ਮਿਲਣਾ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਮਹਿਲਾ ਸਸ਼ਕਤੀਕਰਨ ਪ੍ਰਤੀ ਗੰਭੀਰ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿਸ ਪਰਿਵਾਰ ਅਤੇ ਦੇਸ਼ ਵਿੱਚ ਮਹਿਲਾਵਾਂ ਦਾ ਸਤਿਕਾਰ ਹੁੰਦਾ ਹੈ, ਉੱਥੇ ਤਰੱਕੀ ਅਤੇ ਖੁਸ਼ਹਾਲੀ ਨਿਸ਼ਚਿਤ ਹੈ।

ਉਨ੍ਹਾਂ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਮੰਡੀ ਵਿੱਚ ਆਉਣ ਵਾਲੇ ਹਰੇਕ ਕਿਸਾਨ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਹੋਣੀ ਚਾਹੀਦੀ ਅਤੇ ਉਨ੍ਹਾਂ ਦੀ ਫ਼ਸਲ ਦਾ ਉਚਿਤ ਅਤੇ ਸਮੇਂ ਸਿਰ ਪ੍ਰਬੰਧਨ ਕੀਤਾ ਜਾਵੇ।

# ਵਿਧਾਇਕ ਦੇਵ ਮਾਨ ਨੇ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਕੀਤੀ ਮੁਲਾਕਾਤ



**ਨਾਭਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੌਕੇ ਨਾਭਾ ਹਲਕੇ ਦੇ ਵਾਰਡਾਂ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਵਿਸ਼ੇਸ਼ ਗੱਲਬਾਤ ਕੀਤੀ ਗਈ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਹੋਣ ਵਾਲੇ ਅਤੇ ਹੋ ਰਹੇ ਵਿਕਾਸ ਕਾਰਜਾਂ ਬਾਰੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਵਿਸਥਾਰ ਵਿੱਚ ਗੱਲਬਾਤ ਕੀਤੀ ਗਈ ਹੈ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵਿਕਾਸ ਪ੍ਰੋਜੈਕਟ ਸ਼ੁਰੂ ਹੋਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਲੋਕਾਂ ਵਿੱਚ ਜਾ ਕੇ ਸੇਵਾ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੋਕਾਂ ਵਿੱਚ ਜਾ ਰਹੇ ਹਨ ਅਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕੀਤੇ ਗਏ ਹਨ। ਦੇਵ ਮਾਨ ਨੇ ਗੱਲਬਾਤ ਦੌਰਾਨ ਕਿਹਾ ਕਿ ਮਾਨ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਲਈ ਚਲਾਈਆਂ ਗਈਆਂ ਲੋਕ ਭਲਾਈ ਦੀਆਂ ਸਕੀਮਾਂ ਤੋਂ ਪੰਜਾਬ ਵਾਸੀ ਖੁਸ਼ ਹਨ, ਗੱਲਬਾਤ ਤੋਂ ਬਾਅਦ ਪਾਰਟੀ ਸੁਪਰੀਮੋ ਅਤੇ ਸਾਬਕਾ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਨੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਵਿਸ਼ਵਾਸ ਦਿਵਾਇਆ ਕਿ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਇਸ ਮੌਕੇ ਉਨਾਂ ਦੇ ਨਾਲ ਉਨ੍ਹਾਂ ਦੀ ਧਰਮਪਤਨੀ ਨਗਾਂ ਡਾਂਗ ਵੀ ਮੌਜੂਦ ਸਨ

# ਸਾਰੇ ਨਗਰ ਨਿਗਮਾਂ ਵਿੱਚ ਇੱਕ ਮਈ ਤੋਂ ਦੋ ਹਫਤੇ ਤੱਕ ਚੱਲੇਗੀ ਸਪੈਸ਼ਲ ਸਵੱਛਤਾ ਮੁਹਿੰਮ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਦਸਿਆ ਕਿ ਸੂਬੇ ਦੇ ਸਾਰੇ ਨਗਰ ਨਿਗਮ ਸੰਸਥਾਨਾ ਵਿੱਚ ਆਉਣ ਵਾਲੀ ਇੱਕ ਮਈ, 2026 ਤੋਂ ਦੋ ਹਫਤੇ ਲਈ ਸਪੈਸ਼ਲ ਸਵੱਛਤਾ ਮੁਹਿੰਮ ਚਲਾਈ ਜਾਵੇਗੀ, ਇਸ ਮੁਹਿੰਮ ਤੋਂ ਇਲਾਵਾ ਸਾਲਭਰ ਚੱਲਣ ਵਾਲੇ ਸਫਾਈ ਕੰਮਾਂ ਵਿੱਚ ਵਾਰਡ ਸਮਿਤੀ ਦੇ ਮੈਂਬਰਾਂ ਦੀ ਅਹਿਮ ਭੂਮਿਕਾ ਰਹੇਗੀ।

ਉਨ੍ਹਾਂ ਨੇ ਕਿਹਾ ਕਿ ਸਾਰੇ ਮੈਂਬਰਾਂ ਨੂੰ ਆਪਣੀ ਜਿਮੇਵਾਰੀ ਸਮਝਕਰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਸਵੱਛ ਭਾਰਤ ਮਿਸ਼ਨ ਦੇ ਵਿਜਨ ਨੂੰ ਟੀਚੇ ਤੱਕ ਪਹੁੰਚਾਉਣਾ ਹੈ। ਸਵੱਛਤਾ ਦੇ ਮਾਮਲੇ ਵਿੱਚ ਬਿਹਤਰੀਨ ਕੰਮ ਕਰਨ ਵਾਲੇ ਵਾਰਡਾਂ ਨੂੰ ਰੈਂਕਿੰਗ ਦੇ ਆਧਾਰ ’ਤੇ ਉਨ੍ਹਾਂ ਨੂੰ ਇੰਸੇਂਟਿਵ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਮੁੱਖ ਮੰਤਰੀ ਅੱਜ ਚੰਡੀਗੜ੍ਹ ਤੋਂ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਸ਼ਹਿਰੀ ਸਥਾਨਕ ਨਿਗਮਾਂ ਵਿੱਚ ਨਵਗਠਨ ਵਾਰਡ ਸਮਿਤੀਆਂ ਦੇ ਮੈਂਬਰਾਂ ਨਾਲ ਰੁਬਰੂ ਹੋ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਸਾਰੇ ਮੈਂਬਰਾਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸਫਾਈ ਵਿਵਸਥਾ ਲੋਕਾਂ ਦੀ ਸਹਿਭਾਗਤਾ ਨਾਲ ਹੀ ਸੰਭਵ ਹੈ, ਕਿਉਂਕਿ ਜੋਦੋਂ ਤੱਕ ਹਰੇਕ ਵਿਅਕਤੀ ਸਵੱਛਤਾ ਦੀ ਖੁਦ ਜਿਮੇਵਾਰੀ ਨਹੀਂ ਲਵੇਗਾ ਉਦੋਂ ਤੱਕ ਇਸ ਮੁਹਿੰਮ ਨੂੰ ਅੰਜਾਮ ਤੱਕ ਪਹੁੰਚਾਉਣਾ ਸੰਭਵ ਨਹੀਂ ਹੈ। ਉਨ੍ਹਾਂ ਨੇ ਸਮਿਤੀ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰ ਦੇ ਸ਼ਹਿਰੀ ਨਗਰ ਨਿਗਮ



ਵਿੱਚ ਕੂੜਾ ਉਠਾਉਣ ਵਾਲੇ ਠੇਕੇਦਾਰ ਨਾਲ ਮਿਲ ਕੇ ਉਨ੍ਹਾਂ ਦੇ ਵਾਹਨ ਦਾ ਰੂਟ ਪਲਾਨ ਇਸ ਤਰ੍ਹਾ ਨਾਲ ਤਿਆਰ ਕਰਨ ਕਿ ਹਰ ਘਰ ਤੱਕ ਵਾਹਨ ਪਹੁੰਚਣ ਅਤੇ ਸਾਰੇ ਘਰਾਂ ਦਾ ਸਮੇਂ ’ਤੇ ਕੂੜਾ ਉਠਾਨ ਯਕੀਨੀ ਹੋ ਸਕੇ।

ਉਨ੍ਹਾਂ ਨੇ ਇੰਨ੍ਹਾਂ ਮੈਂਬਰਾਂ ਨਾਲ ਸਵੱਛਤਾ ਮੁਹਿੰਮ ਲਈ ਸੁਝਾਅ ਦੇਣ ਲਈ ਵੀ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਚੰਗੇ ਸੁਝਾਆਂ ’ਤੇ ਗੌਰ ਕਰ ਕੇ ਉਨ੍ਹਾਂ ਨੂੰ ਕੰਮ ਵਿੱਚ ਸ਼ਾਮਿਲ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਵਾਰਡ ਸਮਿਤੀ ਦੇ ਇੰਨ੍ਹਾਂ ਮੈਂਬਰਾਂ ਨੂੰ ਜਨਤਾ ਅਤੇ ਸਰਕਾਰ ਦੇ ਵਿਚਕਾਰ ਇੱਕ ਸੇਤੂ ਦੱਸਦੇ ਹੋਏ ਕਿਹਾ ਕਿ ਜੇਕਰ ਕੋਈ ਅਧਿਕਾਰੀ ਕੂੜੈ ਦੇ ਉਠਾਨ ਨਾਲ ਸਬੰਧਿਤ ਉਨ੍ਹਾਂ ਦੀ ਸ਼ਿਕਾਇਤ ਨਹੀਂ ਸੁਣਦਾ ਹੈ ਤਾਂ ਰਾਜ ਮੁੱਖ ਦਫਤਰ ’ਤੇ ਇੱਕ ਹੈਲਪਲਾਇਨ ਨੰਬਰ ਵੀ ਦਿੱਤਾ ਜਾਵੇਗਾ ਜਿਸ ’ਤੇ ਉਹ ਆਪਣੀ ਸ਼ਿਕਾਇਤ ਉੱਚ ਪੱਧਰ ਤੱਕ ਪਹੁੰਚਾ ਸਕਦੇ ਹਨ।

ਮੁੱਖ ਮੰਤਰੀ ਨੇ ਲੋਕਾਂ ਵਿੱਚ ਸਵੱਛਤਾ ਦੇ ਪ੍ਰਤੀ ਜਾਗਰੁਕਤਾ ਫੈਲਾਉਣ ਲਈ ਪ੍ਰੋਤਸਾਹਿਤ ਕਰਦੇ ਹੋਏ ਕਿਹਾ ਕਿ ਨਿਰਧਾਰਿਤ ਸਥਾਨ ਦੀ ਬਜਾਏ ਹੋਰ ਸਥਾਨ ’ਤੇ ਕੂੜਾ ਸੁੱਟਣ ਵਾਲੇ ਨਾਗਰਿਕਾਂ ਨੂੰ ਸਮਝਾਉਣ, ਟੋਕਣ, ਫਿਰ ਹੌਲੀ-ਹੌਲੀ ਉਨ੍ਹਾਂ ਦਾ ਵੀ ਮੂਡ ਬਦਲਣ ਲੱਗੇਗਾ ਅਤੇ ਉਹ ਵੀ ਸਵੱਛਤਾ ਵਿੱਚ ਸਹਿਭਾਗੀ ਬਣ ਜਾਣਗੇ। ਉਨ੍ਹਾਂ ਨੇ ਨੁੱਕੜ ਨਾਟਕ ਅਤੇ ਹੋਰ ਸਭਿਆਚਾਰਕ ਗਤੀਵਿਧੀਆਂ ਨਾਲ ਵੀ ਜਾਗਰੁਕ ਕਰਨ ਦੀ ਗੱਲ ਕਹੀ।

ਉਨ੍ਹਾਂ ਨੇ ਵਾਰਡ ਸਮਿਤੀ ਦੇ ਮੈਂਬਰਾਂ ਨੂੰ ਮੇਰਾ ਵਾਰਡ, ਸਵੱਛ ਵਾਰਡ ਦੇ ਸੰਕਲਪ ਨੂੰ ਪੂਰਾ ਕਰਨ ਲਈ ਅਪੀਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਇੰਨ੍ਹਾਂ ਮੈਂਬਰਾਂ ਦੀ ਸ਼ਿਕਾਇਤਾਂ ਦਾ ਹੱਲ ਪ੍ਰਾਥਮਿਕਤਾ ਆਧਾਰ ’ਤੇ ਕਰਨ ਲਈ ਨਿਰਦੇਸ਼ ਦੇ ਦਿੱਤੇ ਹਨ। ਉਨ੍ਹਾਂ ਨੇ ਮੈਂਬਰਾਂ ਨੂੰ ਆਪਣੇ-ਆਪਣੇ ਖੇਤਰ ਵਿੱਚ ਸਾਰੀ ਕਮਿਉਨਿਟੀਆਂ ਦੇ ਵਿੱਚ ਸ਼ਾਂਤੀ, ਸੁਹਿਰਦਾ ਅਤੇ ਭਾਈਚਾਰਾ ਰੱਖਣ ਵਿੱਚ ਸਹਿਯ

ਉਨ੍ਹਾਂ ਨੇ ਇਹ ਵੀ ਕਿਹਾ ਕਿ ਪਬਲਿਕ ਪਾਰਕ, ਸਟ੍ਰੀਟ ਲਾਇ, ਸਟੇਡੀਅਮ, ਸਰਕਾਰੀ ਹਸਪਤਾਲਾਂ ਵਿੱਚ ਵੀ ਸਵੱਛਤਾ ਦਾ ਧਿਆਨ ਆਕਰਸ਼ਿਤ ਕਰਨ ਨੂੰ ਕਿਹਾ।

ਉਨ੍ਹਾਂ ਨੇ ਯੋਗ ਵਿਅਕਤੀਆਂ ਤੱਕ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਵੀ ਜਨਤਾ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ’ਤੇ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਮੁੱਖ ਮੰਤਰੀ ਦੇ ਉੱਪ ਪ੍ਰਧਾਨ ਸਕੱਤਰ ਸ੍ਰੀ ਯਸ਼ਪਾਲ, ਸ਼ਹਿਰੀ ਸਥਾਨਕ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਅਸ਼ੋਕ ਕੁਮਾਰ ਮੀਣਾ ਅਤੇ ਸਵੱਛ ਭਾਰਤ ਮਿਸ਼ਨ (ਸ਼ਹਿਰੀ) ਦੇ ਮਿਸ਼ਨ ਡਾਇਰੈਕਟਰ ਸ੍ਰੀ ਸ਼ਾਸ਼ਵਤ ਸਾਂਗਵਾਨ ਤੋਂ ਇਲਾਵਾ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਐਚਆਰਐਮਐਸ 2.0 ਦੀ ਪ੍ਰਗਤੀ, ਈ-ਆਫਿਸ ਦੇ ਉਪਯੋਗ ਅਤੇ ਜਵਾਬਦੇਈ ਤੈਅ ਹੋਵੇ : ਮੁੱਖ ਮੰਤਰੀ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਸੀਐਫਐਮਐਸ ’ਤੇ ਪੈਂਡਿੰਗ ਫਾਇਲਾਂ ਦਾ ਜਲਦ ਨਿਪਟਾਰਾ ਯਕੀਨੀ ਕੀਤਾ ਜਾਵੇ। ਕਿਸੇ ਵੀ ਤਰ੍ਹਾਂ ਦੀ ਦੇਰੀ ਪ੍ਰਸ਼ਾਸਨਿਕ ਕੰਮਾਂ ਨੂੰ ਪ੍ਰਭਾਵਿਤ ਕਰਦੀ ਹੈ, ਇਸ ਲਈ ਫਾਇਲਾਂ ਨੂੰ ਸਮੇਬੱਧ ਢੰਗ ਨਾਲ ਨਿਪਟਾਉਣਾ ਸਭ ਤੋਂ ਵੱਧ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਪੈਂਡਿੰਗ ਫਾਇਲਾਂ ਦਾ ਨਿਪਟਾਰਾ ਵੱਧ ਤੋਂ ਵੱਧ 15 ਦਿਨਾਂ ਅੰਦਰ ਪੋਰਟਲ ਰਾਹੀਂ ਕੀਤਾ ਜਾਵੇ।

ਮੁੱਖ ਮੰਤਰੀ ਅੱਜ ਇੱਥੇ ਸਿਵਲ ਸਕੱਤਰੇਤ ਵਿੱਚ ਹਯੂਮੈਨ ਰਿਸੋਰਸ ਮਾਡਯੂਲ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਰੇ ਵਿਭਾਗ ਆਪਣੇ-ਆਪਣੇ ਪੱਧਰ ’ਤੇ ਸੀਐਫਐਮਐਸ ਵਿੱਚ ਪੈਂਡਿੰਗ ਮਾਮਲਿਆਂ ਦੀ ਵਿਸਥਾਰ ਸਮੀਖਿਆ ਕਰਨ ਅਤੇ ਸਬੰਧਿਤ ਅਧਿਕਾਰਿਆਂ ਦੀ ਜਵਾਬਦੇਈ ਤੈਅ ਕਰਨ।

ਉਨ੍ਹਾਂ ਨੇ ਕਿਹਾ ਕਿ ਪੋਰਟਲ ’ਤੇ ਫਾਇਲਾਂ ਨੂੰ ਸਮੇ-ਸਮੇ ’ਤੇ ਅਪਡੇਟ ਕਰਨਾ ਵੀ ਉਨ੍ਹਾਂ ਹੀ ਜਰੂਰੀ ਹੈ, ਤਾਂ ਜੋ ਕੰਮਾਂ ਦੀ ਪਾਰਦਰਸ਼ਿਤਾ ਬਣੀ ਰਵੇ।

ਉਨ੍ਹਾਂ ਨੇ ਕਿਹਾ ਕਿ ਈ-ਆਫਿਸ ਦੇ ਪੂਰੀ ਤਰ੍ਹਾਂ ਲਾਗੂਕਰਨ ਨਾਲ ਨਾ ਸਿਰਫ ਕੰਮਾਂ ਵਿੱਚ ਤੇਜੀ ਆਵੇਗੀ, ਸਗੋਂ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਵਿੱਚ ਪਾਰਦਰਸ਼ਿਤਾ ਅਤੇ ਕੁਸ਼ਲਤਾ ਵੀ ਵਧੇਗੀ। ਉਨ੍ਹਾਂ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਹਰ ਮਹੀਨੇ ਇਸ ਦੀ ਨਿਮਤ ਸਮੀਖਿਆ ਕੀਤੀ ਜਾਵੇ ਅਤੇ ਉਹ ਆਪ ਵੀ ਇਸ ਦੀ ਮਾਨਿਟਰਿੰਗ ਕਰਨਗੇ।

ਮੁੱਖ ਮੰਤਰੀ ਨੇ ਐਚਆਰਐਮਐਸ ਤਹਿਤ ਮੌਜੂਦ ਸਾਰੇ 18 ਮਾਡਯੂਲਸ ਨੂੰ ਵਿਭਾਗਵਾਰ ਅਪਨਾਉਣ ਦੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਇਸ ਨਾਲ ਮਨੁੱਖੀ ਸਰੋਤ ਪ੍ਰਬੰਧਨ ਵਿੱਚ ਇੱਕਰੂਪਤਾ ਅਤੇ ਸੁਗਮਤਾ ਆਵੇਗੀ।

ਉਨ੍ਹਾਂ ਨੇ ਐਚਆਰਐਮਐਸ 2.0 ਦੇ ਵਿਕਾਸ ਦੀ ਪ੍ਰਗਤੀ, ਸਬੰਧਿਤ ਐਕਟ ਦੀ ਨੋਟੀਫਿਕੇਸ਼ਨ ਦੀ ਸਥਿਤੀ ਅਤੇ ਇਸ ਦੇ ਲਾਗੂਕਰਨ ਦੀ ਸਮੇ-ਸੀਮਾ ਦੀ ਵੀ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਐਕਟ ਤਹਿਤ ਅਨੁਪਾਲਨਾ ਦੀ ਸਥਿਤੀ ਦਾ ਨਿਮਤ ਮੁਲਾਂਕਨ ਕੀਤਾ ਜਾਵੇ ਅਤੇ ਪੈਂਡਿੰਗ ਕੰਮਾਂ ਦੀ ਪਛਾਣ ਕਰ ਉਨ੍ਹਾਂ ਨੂੰ ਜਲਦ ਪੂਰਾ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਚੰਗਾਂ ਕੰਮ ਕਰਨ ਵਾਲੇ ਅਧਿਕਾਰਿਆਂ ਅਤੇ ਕਰਮਚਾਰਿਆਂ ਨੂੰ ਪ੍ਰੋਤਸਾਹਿਤ ਕੀਤਾ ਜਾਵੇ, ਜਦੋਂ ਕਿ ਲਾਪਰਵਾਈ ਬਰਤਨ ਵਾਲਿਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਨੇ ਕਿਹਾ ਕਿ ਫਾਇਲਾਂ ਦਾ ਸਮੇ ਸਿਰ ਨਿਪਟਾਰਾ ਯਕੀਨੀ ਕਰਨਾ ਜਰੂਰੀ ਹੈ ਤਾਂ ਜੋ ਸੂਬੇ ਦੇ ਵਿਕਾਸ ਕੰਮ ਬਿਨਾ ਰੁਕਾਵਟ ਨਾਲ ਚਲਦੇ ਰਹਿਣ ਅਤੇ ਜਨਤਾ ਨੂੰ ਬੇਹਤਰ ਸੇਵਾਵਾਂ ਮਿਲਦੀ ਰਵੇ। ਮੀਟਿੰਗ ਵਿੱਚ ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਟ੍ਰੇਜਰੀ ਐਂਡ ਅਕਾਉਂਟਸ ਦੇ ਡਾਇਰੈਕਟਰ ਜਨਰਲ ਸ੍ਰੀ ਸੀਜੀ ਰਜਨੀਕਾਂਥਨ, ਐਚਆਰਡੀ ਦੀ ਡਾਇਰੈਕਟਰ ਸ੍ਰੀਮਤੀ ਮਨਦੀਪ ਕੌਰ, ਸੀਐਮਜੀਜੀਏ ਦੇ ਨਿਦੇਸ਼ਕ ਡਾ. ਯਸ਼ਪਾਲ ਅਤੇ ਹੋਰ ਅਧਿਕਾਰੀ ਮੌਜੂਦ ਰਹੇ।

# ਕਿਸਾਨ ਵੀਰ ਨਰਮੇ ਦੀ ਬਿਜਾਈ 15 ਮਈ ਤੋਂ ਪਹਿਲਾਂ ਕਰਨ : ਖੇਤੀ ਮਾਹਰ

**ਬਠਿੰਡਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਠਿੰਡਾ ਦੇ ਜ਼ਿਲ੍ਹਾ ਸਿਖਲਾਈ ਅਫਸਰ ਵਿੰਗ, ਬਠਿੰਡਾ ਵੱਲੋਂ ਡਾ. ਪ੍ਰਭਜੋਤ ਕੌਰ ਜ਼ਿਲ੍ਹਾ ਸਿਖ਼ਲਾਈ ਅਫਸਰ ਬਠਿੰਡਾ ਦੀ ਅਗਵਾਈ ਵਿੱਚ ਬਲਾਕ ਨਥਾਣਾ ਦੇ ਪਿੰਡ ਚੱਕ ਫਤਿਹ ਸਿੰਘ ਵਾਲਾ ਵਿਖੇ ਨਥਾਣਾ ਬਲਾਕ ਦੇ ਸਟਾਫ ਦੇ ਸਹਿਯੋਗ ਨਾਲ ਕਿਸਾਨ ਸਿਖ਼ਲਾਈ ਕੈਂਪ ਲਗਾਇਆ ਗਿਆ।



ਕੈਂਪ ਦੀ ਸ਼ੁਰੂਆਤ ਕਰਦਿਆਂ ਡਾ. ਜਸਵਿੰਦਰ ਕੌਰ ਏ.ਡੀ.ਓ (ਟ੍ਰੇਨਿੰਗ) ਬਠਿੰਡਾ ਨੇ ਨਰਮੇ ਦੀ ਫਸਲ ਦੀ ਬਿਜਾਈ 15 ਮਈ ਤੋਂ ਪਹਿਲਾਂ ਕਰਨ ਬਾਰੇ ਕਿਹਾ। ਉਨ੍ਹਾਂ ਬਿਜਾਈ ਸਮੇਂ ਡੂੰਘੀ ਵਹਾਈ ਅਤੇ ਭਰਮੀ ਰੌਣੀ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਖਾਦਾਂ ਅਤੇ ਨਦੀਨ ਨਾਸ਼ਕਾਂ ਦੀ ਸੁਚੱਜੀ ਵਰਤੋਂ, ਚਿੱਟੀ ਮੱਖੀ ਅਤੇ ਹੋਰ ਰਸ ਚੂਸਕ ਕੀੜਿਆਂ ਦਾ ਕੰਟਰੋਲ, ਗੁਲਾਬੀ ਸੁੰਡੀ ਦੇ ਸਰਵੇਖਣ, ਹਮਲੇ ਅਤੇ ਰੋਕਥਾਮ ਬਾਰੇ ਜ਼ਰੂਰੀ ਨੁਕਤੇ ਸਾਂਝੇ ਕੀਤੇ।ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਨਰਮੇ ਦੇ ਬੀਜ ’ਤੇ ਮਿਲ ਰਹੀ 33% ਸਬਸਿਡੀ ਬਾਰੇ ਦੱਸਿਆ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਖੇਤੀਬਾੜੀ ਵਿਭਾਗ ਵੱਲੋਂ ਜਾਰੀ ਕੀਤੀਆਂ ਕਿਸਮਾਂ, ਹਾਈਬ੍ਰੀਡਾਂ ਅਤੇ ਨਵੀਂ ਰਿਲੀਜ਼ ਹੋਈ ਦੇਸੀ ਕਪਾਹ ਦੀ ਕਿਸਮ ਪੀਬੀਡੀ 88 ਦੀ ਬਿਜਾਈ ਕਰਨ ਦੀ ਸਲਾਹ ਦਿੱਤੀ।

ਇਸ ਕੈਂਪ ਦੌਰਾਨ ਡਾ. ਹਰਦੀਪ ਸਿੰਘ (ਵਿਸ਼ਾ ਵਸਤੂ ਮਾਹਰ) ਬਠਿੰਡਾ ਨੇ ਕਿਸਾਨਾਂ ਨੂੰ ਕਣਕ ਦੀ ਫਸਲ ਦੀ ਵਾਢੀ ਤੋਂ ਬਾਅਦ ਕਣਕ ਦੇ ਬੀਜ ਦੀ ਸੰਭਾਲ ਕਰਨ ਲਈ ਜਾਗਰੂਕ ਕੀਤਾ। ਉਨ੍ਹਾਂ ਨਾਲ ਹੀ ਕਿਸਾਨਾਂ ਨੂੰ ਵਾਢੀ ਦੌਰਾਨ ਖੇਤਾਂ ਵਿੱਚ ਖੰਭੇ ਅਤੇ ਟਾਵਰਾਂ ਤੋਂ ਲੱਗਣ ਵਾਲੀ ਅੱਗ ਤੋਂ ਸੁਚੇਤ ਕਰਦਿਆਂ ਕਿਹਾ ਕਿ ਖੇਤਾਂ ਵਿੱਚ ਲੱਗੇ ਖੰਭਿਆਂ ਦੀਆਂ ਢਿੱਲੀਆਂ ਤਾਰਾਂ ਕੱਸ ਲਈਆਂ ਜਾਣ ਤਾਂ ਜੋ ਸਪਾਰਕਿੰਗ ਨਾਲ ਖੇਤਾਂ ਵਿੱਚ ਅੱਗ ਨਾ ਲੱਗੇ। ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਸਬੰਧੀ ਵੀ ਅਪੀਲ ਕੀਤੀ ਗਈ। ਇਸ ਤੋਂ ਇਲਾਵਾ ਝੋਨੇ ਦੀ ਨਵੀਂ ਆਈ ਕਿਸਮ ਪੀਆਰ 133 ਸਬੰਧੀ ਕੈਂਪ ਵਿੱਚ ਚਾਨਣਾ ਪਾਇਆ ਗਿਆ।

ਡਾ. ਹਰਦੀਪ ਵੱਲੋਂ ਝੋਨੇ ਦੀ ਪਨੀਰੀ ਦੀ ਬਿਜਾਈ ਦੇ ਸਹੀ ਸਮੇਂ ਅਤੇ ਸਹੀ ਤਰੀਕੇ ਨਾਲ ਪਨੀਰੀ ਤਿਆਰ ਕਰਨ ਦੇ ਢੰਗ ਬਾਰੇ ਕਿਸਾਨਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡਾ. ਯਾਦਵੀਰ ਕੌਰ ਏ.ਡੀ.ਓ (ਡੈਮਨਸਟਰੇਟਰ ਅਫਸਰ) ਬਠਿੰਡਾ ਨੇ ਕਿਸਾਨਾਂ ਨੂੰ ਮਿੱਟੀ ਤੇ ਪਾਣੀ ਦੇ ਨਮੂਨੇ ਲੈਣ ਦੇ ਢੰਗ ਬਾਰੇ ਦੱਸਦਿਆਂ ਪਰਖ ਕਰਵਾਉਣ ਦੀ ਅਪੀਲ ਕੀਤੀ ਤਾਂ ਜੋ ਖਾਦਾਂ ਦੀ ਸੁਚੱਜੀ ਵਰਤੋਂ ਹੋ ਸਕੇ। ਮਿੱਟੀ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਗਲੀ ਸੜੀ ਰੂੜੀ ਖਾਦ ਜਾਂ ਹਰੀ ਖਾਦ ਪਾਉਣ ਲਈ ਪ੍ਰੇਰਿਤ ਕੀਤਾ। ਡਾ ਕਿਰਨਦੀਪ ਕੌਰ ਏ.ਡੀ.ਓ (ਮਾਰਕੀਟਿੰਗ), ਭੁੱਚੋ ਨੇ ਕਣਕ ਦੇ ਸੁਚੱਜੇ ਮੰਡੀਕਰਨ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ।

ਇਸ ਦੇ ਨਾਲ ਹੀ ਪ੍ਰੋਸੈਸਿੰਗ ਰਾਹੀਂ ਮੁੱਲ ਵਾਧਾ ਕਰਕੇ ਸਵੈ ਮੰਡੀਕਰਨ ਕਰਨ ਅਤੇ ਕਿਸਾਨਾਂ ਨੂੰ ਖੇਤੀ ਦੇ ਨਾਲ-ਨਾਲ ਹੋਰ ਸਹਾਇਕ ਧੰਦੇ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਕੈਂਪ ਦੇ ਅੰਤ ਵਿੱਚ ਡਾ. ਹਰਪ੍ਰੀਤ ਸਿੰਘ ਏ.ਡੀ.ਓ (ਚੱਕ ਫਤਿਹ ਸਿੰਘ ਵਾਲਾ) ਬਲਾਕ ਨਥਾਣਾ ਨੇ ਕਿਸਾਨਾਂ ਨੂੰ ਮਸ਼ੀਨਰੀ ਦੀ ਸਬਸਿਡੀ ਅਤੇ ਪਕਾਵੀਂ ਮੱਕੀ, ਸਿੱਧੀ ਬਿਜਾਈ ਦੀ ਸਰਕਾਰ ਵੱਲੋਂ ਮਿਲ ਰਹੀ ਸਬਸਿਡੀ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਦਾ ਕੈਂਪ ਵਿੱਚ ਆਉਣ ਤੇ ਧੰਨਵਾਦ ਕੀਤਾ।

# ਮਾਵਾਂ ਧੀਆਂ ਸਤਿਕਾਰ ਯੋਜਨਾ: ਜ਼ਿਲ੍ਹਾ ਬਠਿੰਡਾ ਵਿੱਚ 15 ਮਈ ਤੋਂ ਰਜਿਸਟ੍ਰੇਸ਼ਨ ਸ਼ੁਰੂ ਹੋਵੇਗੀ: ਡੀਸੀ



**ਬਠਿੰਡਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਰਾਜੇਸ਼ ਧੀਮਾਨ, ਡਿਪਟੀ ਕਮਿਸ਼ਨਰ ਬਠਿੰਡਾ ਨੇ ਦੱਸਿਆ ਕਿ ‘ਮਾਵਾਂ ਧੀਆਂ ਸਤਿਕਾਰ ਯੋਜਨਾ’ ਲਈ ਜ਼ਿਲ੍ਹੇ ਵਿੱਚ ਰਜਿਸਟ੍ਰੇਸ਼ਨ 15 ਮਈ ਤੋਂ ਸ਼ੁਰੂ ਕੀਤੀ ਜਾਵੇਗੀ।

ਇਸ ਸਬੰਧੀ ਅੱਜ ਇੱਥੇ ਹੋਈ ਅਧਿਕਾਰੀਆਂ ਦੀ ਬੈਠਕ ਦੀ ਅਗਵਾਈ ਕਰਦਿਆਂ ਡਿਪਟੀ ਕਮਿਸ਼ਨਰ ਨੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਸਟਾਫ ਨੂੰ ਟ੍ਰੇਨਿੰਗ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਹਰ ਵਿਧਾਨ ਸਭਾ ਹਲਕੇ ਵਿੱਚ ਹਰ 100 ਮਹਿਲਾਵਾਂ ਲਈ ਇੱਕ ‘ਸਖੀ ਸਹੇਲੀ’ ਨਿਯੁਕਤ ਕੀਤੀ ਜਾਵੇਗੀ। ਇਹ ਸਖੀ ਸਹੇਲੀਆਂ ਰਜਿਸਟ੍ਰੇਸ਼ਨ ਨੂੰ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੀਆਂ।ਇਸ ਯੋਜਨਾ ਹੇਠ ਯੋਗ ਮਹਿਲਾਵਾਂ ਨੂੰ ਜੁਲਾਈ ਮਹੀਨੇ ਤੋਂ ਵਿੱਤੀ ਸਹਾਇਤਾ ਮਿਲਣੀ ਸ਼ੁਰੂ ਹੋ ਜਾਵੇਗੀ। ਜਨਰਲ ਵਰਗ ਦੀਆਂ ਮਹਿਲਾਵਾਂ ਨੂੰ ਪ੍ਰਤੀ ਮਹੀਨਾ 1000 ਅਤੇ ਅਨੁਸੂਚਿਤ ਜਾਤੀ ਵਰਗ ਦੀਆਂ ਮਹਿਲਾਵਾਂ ਨੂੰ ?1500 ਪ੍ਰਤੀ ਮਹੀਨਾ ਦਿੱਤੇ ਜਾਣਗੇ।

ਇਸ ਮੌਕੇ ਏਡੀਸੀ (ਜ) ਮੈਡਮ ਕੰਚਨ, ਐਸਡੀਐਮ ਬਠਿੰਡਾ ਸ੍ਰੀ ਬਲਕਰਨ ਸਿੰਘ, ਐਸਡੀਐਮ ਰਾਮਪੁਰਾ ਮੈਡਮ ਵੀਰਪਾਲ ਕੌਰ, ਐਸਡੀਐਮ ਤਲਵੰਡੀ ਸਾਬੋ ਸ੍ਰੀਇਸ ਯੋਜਨਾ ਹੇਠ ਯੋਗ ਮਹਿਲਾਵਾਂ ਨੂੰ ਜੁਲਾਈ ਮਹੀਨੇ ਤੋਂ ਵਿੱਤੀ ਸਹਾਇਤਾ ਮਿਲਣੀ ਸ਼ੁਰੂ ਹੋ ਜਾਵੇਗੀ। ਜਨਰਲ ਵਰਗ ਦੀਆਂ ਮਹਿਲਾਵਾਂ ਨੂੰ ਪ੍ਰਤੀ ਮਹੀਨਾ 1000 ਅਤੇ ਅਨੁਸੂਚਿਤ ਜਾਤੀ ਵਰਗ ਦੀਆਂ ਮਹਿਲਾਵਾਂ ਨੂੰ ?1500 ਪ੍ਰਤੀ ਮਹੀਨਾ ਦਿੱਤੇ ਜਾਣਗੇ।

ਰਾਜੇਸ਼ ਕੁਮਾਰ ਸ਼ਰਮਾ, ਡੀਡੀਪੀਓ ਸ੍ਰੀ ਅਭਿਨਵ ਗੋਇਲ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਡਿਪਟੀ ਕਮਿਸ਼ਨਰ ਨੇ ਕਣਕ ਦੇ ਖ਼ਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਜਲੰਧਰ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਜ਼ਿਲ੍ਹੇ ਵਿੱਚ ਕਣਕ ਦੇ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਮੰਡੀਆਂ ਵਿੱਚ ਵਿਕਰੀ ਲਈ ਆਪਣੀ ਫ਼ਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਨੇ ਖੁਰਾਕ ਤੇ ਸਿਵਲ ਸਪਲਾਈਜ਼, ਮੰਡੀ ਬੋਰਡ ਅਤੇ ਵੱਖ-ਵੱਖ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਨੂੰ ਫ਼ਸਲ ਦੀ ਸਮੇਂ ਸਿਰ ਖ਼ਰੀਦ, ਨਾਲੋ-ਨਾਲ ਚੁਕਾਈ ਅਤੇ ਨਿਰਧਾਰਿਤ ਸਮੇਂ ਦੇ ਅੰਦਰ ਅਦਾਇਗੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਕਣਕ ਦੇ ਖ਼ਰੀਦ ਸੀਜ਼ਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਫ਼ਸਲ ਦਾ ਇਕ ਇਕ ਦਾਣਾ ਖ਼ਰੀਦਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵਾਰ ਜ਼ਿਲ੍ਹੇ ਵਿੱਚ 5 ਲੱਖ 27 ਹਜ਼ਾਰ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਦਾ ਟੀਚਾ ਰੱਖਿਆ ਗਿਆ ਹੈ, ਜਿਸ ਦੇ ਲਈ ਜ਼ਿਲ੍ਹੇ ਵਿੱਚ 79 ਰੈਗੂਲਰ ਅਤੇ 24 ਆਰਜੀ ਮੰਡੀਆਂ ਸਥਾਪਤ ਕੀਤੀਆਂ ਗਈਆਂ ਹਨ।

ਸ਼੍ਰੀ ਵਾਲੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕਿਸਾਨਾਂ ਦੀ ਸੁਵਿਧਾ ਨੂੰ ਮੁੱਖ ਰੱਖਦੇ ਹੋਏ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਬੈਠਣ ਦੀ ਵਿਵਸਥਾ, ਬਿਜਲੀ, ਸ਼ੈੱਡ, ਪਖਾਨੇ ਆਦਿ ਦੇ ਢੁੱਕਵੇਂ ਇੰਤਜ਼ਾਮ ਯਕੀਨੀ ਬਣਾਏ ਗਏ ਹਨ ਅਤੇ ਲੋੜੀਂਦੀ ਮਾਤਰਾ ਵਿੱਚ ਬਾਰਦਾਨਾ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ 73 ਮੰਡੀਆਂ ਵਿੱਚ ਫ਼ਸਲ ਆਉਣੀ ਸ਼ੁਰੂ ਹੋ ਗਈ ਹੈ ਅਤੇ ਆਉਣ ਵਾਲੇ ਦੋ ਦਿਨਾਂ ਵਿੱਚ ਆਮਦ ਹੋਰ ਤੇਜ਼ ਹੋ ਜਾਵੇਗੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਣਕ ਦੀ ਸੁਚੱਜੀ ਤੇ ਨਿਰਵਿਘਨ ਖ਼ਰੀਦ ਪ੍ਰਕਿਰਿਆ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਇਕ ਵੱਖਰੀ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਜ਼ਿਲ੍ਹੇ ਵਿੱਚ ਗੈਸ ਸਪਲਾਈ ਦਾ ਜਾਇਜ਼ਾ ਲੈਂਦਿਆਂ ਘਰੇਲੂ ਗੈਸ ਸਿਲੰਡਰਾਂ ਦੀ ਸਪਲਾਈ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ’ਤੇ ਜ਼ੋਰ ਦਿੱਤਾ, ਤਾਂ ਜੋ ਆਮ ਲੋਕਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਕਮਰਸ਼ੀਅਲ ਸਿਲੰਡਰਾਂ ਦੀ ਸਪਲਾਈ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਕਮਰਸ਼ੀਅਲ ਸਿਲੰਡਰਾਂ ਦੀ ਸਪਲਾਈ ਸਿੱਖਿਆ ਸੰਸਥਾਵਾਂ ਤੇ ਹਸਪਤਾਲਾਂ ਨੂੰ ਤਰਜੀਹ ਦੇ ਆਧਾਰ ’ਤੇ ਕਰਨ ਦੇ ਨਿਰਦੇਸ਼ ਦਿੱਤੇ।

ਮੀਟਿੰਗਾਂ ਵਿੱਚ ਜ਼ਿਲ੍ਹਾ ਕੰਟਰੋਲਰ ਖੁਰਾਕ ਤੇ ਸਿਵਲ ਸਪਲਾਈਜ਼ ਨਰਿੰਦਰ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਅਰਵਿੰਦਰ ਸਿੰਘ, ਖ਼ਰੀਦ ਏਜੰਸੀਆਂ ਦੇ ਅਧਿਕਾਰੀ ਅਤੇ ਗੈਸ ਕੰਪਨੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ।

# ‘ਯੁੱਧ ਨਸ਼ਿਆਂ ਵਿਰੁੱਧ’; ਡਿਪਟੀ ਕਮਿਸ਼ਨਰ ਵੱਲੋਂ ਸਾਈਕਲੋਥਾਨ ’ਚ ਵੱਧ-ਚੜ੍ਹ ਕੇ ਹਿੱਸਾ ਲੈਣ ਦਾ ਸੱਦਾ




**ਜਲੰਧਰ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਜਲੰਧਰ ਵਾਸੀਆਂ ਨੂੰ ਪੰਜਾਬ ਸਰਕਾਰ ਦੀ ‘ਯੁੱਧ ਨਸ਼ਿਆਂ ਵਿਰੁੱਧ’ ਪਹਿਲਕਦਮੀ ਤਹਿਤ 18 ਅਪ੍ਰੈਲ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਏ.ਪੀ.ਜੇ. ਸਕੂਲ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ‘ਸਾਈਕਲੋਥਾਨ 4.0’ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦਾ ਸੱਦਾ ਦਿੱਤਾ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ‘ਸਾਈਕਲੋਥਾਨ 4.0’ ਦਾ ਪੋਸਟਰ ਰਿਲੀਜ਼ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਉਪਰਾਲਾ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਡੇ ਪੱਧਰ ’ਤੇ ਜਾਗਰੂਕਤਾ ਫੈਲਾਉਣ ਅਤੇ ਲੋਕਾਂ ਖਾਸ ਕਰ ਨੌਜਵਾਨਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਨਾਉਣ ਲਈ ਪ੍ਰੇਰਿਤ ਕਰਨ ਲਈ ਕੀਤਾ ਜਾ ਰਿਹਾ ਹੈ।

ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ. ਵੀ ਮੌਜੂਦ ਸਨ।

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਦੀ ਵਚਨਬੱਧਤਾ ਦੁਹਰਾਉਂਦਿਆਂ ਸ਼੍ਰੀ ਵਾਲੀਆ ਨੇ ਕਿਹਾ ਕਿ ਇਹ ਸਾਈਕਲੋਥਾਨ ਸਿਹਤਮੰਦ ਸਰੀਰ ਅਤੇ ਮਨ ਲਈ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੰਦੀ ਹੋਈ ਨਸ਼ਿਆਂ ਦੇ ਗੰਭੀਰ ਸਿੱਟਿਆਂ ਅਤੇ ਨਸ਼ਾ ਮੁਕਤ ਜੀਵਨ ਦੀ ਮਹੱਤਤਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਅਹਿਮ ਭੂਮਿਕਾ ਨਿਭਾਵੇਗੀ ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਦਾ ਹਿੱਸਾ ਬਣਨ ਅਤੇ ਨਸ਼ਿਆਂ ਖਿਲਾਫ਼ ਲੜਾਈ ਨੂੰ ਹੋਰ ਮਜ਼ਬੂਤ ਬਣਾਉਣ। ਉਨ੍ਹਾਂ ਦੱਸਿਆ ਕਿ ਸਾਈਕਲੋਥਾਨ ਦੀ ਸ਼ੁਰੂਆਤ ਸਥਾਨਕ ਏ.ਪੀ.ਜੇ. ਸਕੂਲ, ਮਾਡਲ ਟਾਊਨ (ਗੀਤਾ ਮੰਦਰ ਦੇ ਨੇੜੇ) ਤੋਂ ਸਵੇਰੇ 5:30 ਹੋਵੇਗੀ ਅਤੇ ਤਿੰਨ ਸ਼੍ਰੇਣੀਆਂ 5 ਕਿਲੋਮੀਟਰ, 10 ਕਿਲੋਮੀਟਰ ਅਤੇ 21 ਕਿਲੋਮੀਟਰ ਵਿੱਚ ਕਰਵਾਈ ਜਾਵੇਗੀ, ਤਾਂ ਜੋ ਹਰ ਉਮਰ ਅਤੇ ਸਮਰੱਥਾ ਵਾਲੇ ਲੋਕ ਇਸ ਵਿੱਚ ਹਿੱਸਾ ਲੈ ਸਕਣ।

ਉਨ੍ਹਾਂ ਦੱਸਿਆ ਕਿ ਸਾਈਕਲੋਥਾਨ ਵਿੱਚ ਵਿਦਿਆਰਥੀਆਂ, ਨੌਜਵਾਨਾਂ, ਪੇਸ਼ੇਵਰ ਸਾਈਕਲ ਸਵਾਰਾਂ, ਫਿਟਨੈੱਸ ਪ੍ਰੇਮੀਆਂ ਸਮੇਤ ਪੰਜਾਬ ਭਰ ਤੋਂ 2000 ਤੋਂ ਵੱਧ ਭਾਗੀਦਾਰਾਂ ਦੇ ਹਿੱਸਾ ਲੈਣ ਦੀ ਉਮੀਦ ਹੈ।

ਉਨ੍ਹਾਂ ਕਿਹਾ ਕਿ ਸਾਈਕਲੋਥਾਨ ਵਿੱਚ ਹਿੱਸਾ ਲੈਣ ਲਈ https://forms.gle/ebFCDcIgGDXkTYzkH ’ਤੇ ਰਜਿਸਟਰ ਕੀਤਾ ਜਾ ਸਕਦਾ ਹੈ।

ਇਸ ਮੌਕੇ ਐਸ.ਡੀ.ਐਮ. ਨਵਦੀਪ ਸਿੰਘ, ਸਕੱਤਰ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਸੁਰਜੀਤ ਲਾਲ, ਪ੍ਰਿੰ. ਡਾ. ਰਾਜੇਸ਼ ਚੰਦੇਲ ਵੀ ਮੌਜੂਦ ਸਨ।

# 97 ਸਾਲ ਦੇ ਆਜ਼ਾਦੀ ਘੁਲਾਟੀਏ ਚਿਮਨ ਲਾਲ ਮਿੱਤਲ ਦਾ ਦੇਹਾਂਤ

**ਗੋਨਿਆਣਾ , 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਦੇ ਹੋਏ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਸਮਰਪਿਤ ਕਰਨ ਵਾਲੇ ਅਜ਼ਾਦੀ ਘੁਲਾਟੀਏ ਮਾਸਟਰ ਚਿਮਨ ਲਾਲ ਮਿੱਤਲ ਦਾ 97 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ।



ਅਜ਼ਾਦੀ ਘੁਲਾਟੀਏ ਮਾਸਟਰ ਚਿਮਨ ਲਾਲ ਮਿੱਤਲ ਨੂੰ ਅੱਜ ਗੋਨਿਆਣਾ ਦੇ ਸ਼ਮਸ਼ਾਨ ਘਾਟ ਵਿੱਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ। ਇਸ ਮੌਕੇ ਵਿਧਾਇਕ ਭੁੱਚੋ ਮਾਸਟਰ ਜਗਸੀਰ ਸਿੰਘ, ਉਪ ਮੰਡਲ ਮੈਜਿਸਟਰੇਟ ਬਠਿੰਡਾ ਬਲਕਰਨ ਸਿੰਘ ਮਾਹਲ ਹਾਜ਼ਰ ਸਨ।

ਵਿਧਾਇਕ ਭੁੱਚੋ ਮਾਸਟਰ ਜਗਸੀਰ ਸਿੰਘ ਨੇ ਅੱਜ ਅਜ਼ਾਦੀ ਘੁਲਾਟੀਏ ਮਾਸਟਰ ਚਿਮਨ ਲਾਲ ਮਿੱਤਲ ਨੂੰ ਅੰਤਿਮ ਵਿਦਾਈ ਦੇਣ ਉਪਰੰਤ ਕਿਹਾ ਕਿ ਅਸੀਂ ਇਹਨਾਂ ਆਜ਼ਾਦੀ ਘੁਲਾਟੀਆਂ ਦੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਪਾਏ। ਆਪਣੇ ਵਡਮੁੱਲੇ ਯੋਗਦਾਨ ਸਦਕਾ ਹੀ ਆਜ਼ਾਦ ਦੇਸ਼ ਵਿੱਚ ਆਪਣਾ ਜੀਵਨ ਬਤੀਤ ਕਰ ਰਹੇ ਹਾਂ।

ਕਲਕੱਤਾ ਦੇ ਬਨਸਪਤ ਵਿਗਿਆਨ ਬਾਗ਼ ਵਿਚ ਮੱਛੀ-ਪੂਛਲ ਤਾੜ ਸਭ ਤੋਂ ਪਹਿਲਾਂ ਇਸ ਬਾਗ਼ ਦੇ ਬਾਨੀ ਕਰਨਲ ਆਰ.ਕਿੱਡ ਨੇ ਲਗਾਇਆ ਸੀ। ਉਦੋਂ ਤੋਂ ਲੈ ਕੇ ਅੱਜ ਤਕ ਇਹ ਰੁੱਖ ਇਸ ਬਾਗ਼ ਦਾ ਅਨਿੱਖੜਵਾਂ ਅੰਗ ਹੈ...

# ਜਾਣੇ-ਪਛਾਣੇ ਰੁੱਖ

## ਮੱਛੀ-ਪੂਛਲ ਤਾੜ





ਇਸ ਰੁੱਖ ਨੂੰ ਮੱਛੀ-ਪੂਛਲ ਤਾੜ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਪੱਤੇ ਮੱਛੀ ਦੀ ਪੂਛ ਵਰਗੇ ਹੁੰਦੇ ਹਨ। ਇਸ ਨੂੰ 'ਭਾਰਤੀ ਸਾਗੋ ਤਾੜ' ਵੀ ਆਖਦੇ ਹਨ। ਇਹ ਬਾਗ਼-ਬਗ਼ੀਚਿਆਂ ਵਿਚ ਲਗਾਏ ਜਾਣ ਵਾਲੇ ਸਜਾਵਟੀ ਰੁੱਖ ਦੇ ਨਾਲ-ਨਾਲ ਵਪਾਰਕ ਪੱਖ ਤੋਂ ਵੀ ਕਈ ਅਹਿਮ ਗੁਣਾਂ ਵਾਲਾ ਹੈ। ਇਸ ਰੁੱਖ ਦਾ ਮੂਲ ਸਥਾਨ ਭਾਰਤ ਹੈ ਅਤੇ ਇਹ ਉਪ-ਹਿਮਾਲਿਆਈ ਇਲਾਕਿਆਂ ਤੋਂ ਲੈ ਕੇ ਭਾਰਤ ਦੇ ਦੱਖਣ ਅਤੇ ਪੱਛਮੀਂ ਘਾਟਾਂ 'ਤੇ ਜੰਗਲੀ ਰੂਪ ਵਿਚ ਵੀ ਪਾਇਆ ਜਾਂਦਾ ਹੈ। ਕਲਕੱਤਾ ਦੇ ਬਨਸਪਤ ਵਿਗਿਆਨ ਬਾਗ਼ ਵਿਚ ਇਸ ਨੂੰ ਸਭ ਤੋਂ ਪਹਿਲਾਂ ਇਸ ਬਾਗ਼ ਦੇ ਬਾਨੀ ਕਰਨਲ ਆਰ.ਕਿੱਡ ਨੇ ਲਗਾਇਆ ਸੀ ਅਤੇ ਉਦੋਂ ਤੋਂ ਲੈ ਕੇ ਅੱਜ ਤਕ ਇਹ ਇਸ ਬਾਗ਼ ਦਾ ਅਨਿੱਖੜਵਾਂ ਅੰਗ ਹੈ।

### ਨਾਂ

ਇਸ ਰੁੱਖ ਦਾ ਵਿਗਿਆਨਕ ਨਾਂ 'ਕੈਰੀਓਟਾ ਯੂਰੈਂਸ' ਹੈ, ਜਦਕਿ ਅੰਗਰੇਜ਼ੀ ਵਿਚ ਇਸ ਨੂੰ 'ਫਿਸ਼-ਟੇਲ ਪਾਮ', ਹਿੰਦੀ ਵਿਚ 'ਮਾੜੀ', ਮਰਾਠੀ ਵਿਚ 'ਬਿਰਲੀ ਮਹੱਦ', ਹਿੰਦੀ ਅਤੇ ਪੰਜਾਬੀ ਵਿਚ 'ਮੱਠੀ-ਪੂਛਲ ਤਾੜ' ਆਖਦੇ ਹਨ। ਇਸ ਦਾ ਵਿਗਿਆਨਕ ਨਾਂ 'ਕੈਰੀਓਟਾ' ਯੂਨਾਨੀ ਭਾਸ਼ਾ ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੁੰਦਾ ਹੈ - ਅਖਰੋਟ ਨੁਮਾ, ਜਦਕਿ 'ਯਰੈਂਸ' ਦਾ ਅਰਥ ਹੈ - ਜਲਨ ਪੈਦਾ ਕਰਨ ਵਾਲਾ, ਕਿਉਂਕਿ ਇਸ ਦੇ ਫਲ਼ ਤੋੜਨ ਵੇਲੇ ਚਮੜੀ ਨੂੰ ਛੂਹ ਜਾਣ 'ਤੇ ਇਹ ਕਾਫ਼ੀ ਸਮੇਂ ਲਈ ਸਰੀਰ ਉੱਪਰ ਜਲਨ ਪੈਦਾ ਕਰਨ ਲਗਦੇ ਹਨ।

### ਵਿਸ਼ੇਸ਼ ਵਰਨਣ

ਇਸ ਤਾੜ ਦਾ ਤਣਾ ਆਮ ਤੌਰ 'ਤੇ 6-10 ਮੀਟਰ ਉੱਚਾ ਹੁੰਦਾ ਹੈ ਪਰ ਕਦੇ-ਕਦੇ ਇਹ 30 ਮੀਟਰ ਤੋਂ ਵੀ ਉੱਚਾ ਹੋ ਜਾਂਦਾ ਹੈ। ਇਸ ਦਾ ਵਿਆਸ 30-35 ਸੈਂਟੀਮੀਟਰ ਹੁੰਦਾ ਹੈ ਅਤੇ ਇਹ ਕਾਫ਼ੀ ਨਰਮ ਹੁੰਦਾ ਹੈ। ਮੱਛੀ-ਪੂਛਲ ਤਾੜ ਦੇ ਪੱਤੇ ਕਿਸੇ ਵੀ ਭਾਰਤੀ ਤਾੜ ਨਾਲੋਂ ਸਭ ਤੋਂ ਵੱਡੇ ਹੁੰਦੇ ਹਨ। ਇਹ ਦੋ-ਪੱਤੀਏ ਹੁੰਦੇ ਹਨ, ਜੋ 5 ਮੀਟਰ ਲੰਬੇ ਅਤੇ 3-4 ਮੀਟਰ ਤਕ ਚੌੜੇ ਹੁੰਦੇ ਹਨ। ਪੱਤੀਆਂ ਦਾ ਆਕਾਰ ਮੱਛੀ ਦੀ ਪੂਛ ਵਰਗਾ ਹੋਣ ਕਾਰਨ ਇਸ ਦਾ ਨਾਂ ਮੱਛੀ-ਪੂਛਲ ਤਾੜ ਪਿਆ ਹੈ। ਪੱਤਿਆਂ ਦੀਆਂ ਰਗ਼ਾਂ ਬੇਹੱਦ ਮਜ਼ਬੂਤ ਅਤੇ ਇਕ ਦੂਸਰੀ ਦੇ ਸਮਾਨਾਂਤਰ ਹੁੰਦੀਆਂ ਹਨ, ਜੋ ਸਿਰਿਆਂ ਤੋਂ ਦੰਦੇਦਾਰ ਹੁੰਦੀਆਂ ਹਨ। ਇਸ ਦੇ ਫਲ਼ ਲਗਪਗ 2 ਸੈਂਟੀਮੀਟਰ ਆਕਾਰ ਦੇ ਅਤੇ ਗਿਟਕਦਾਰ ਹੁੰਦੇ ਹਨ।

### ਗੁਣ

ਇਸ ਰੁੱਖ ਤੋਂ ਕਈ ਮਹੱਤਵਪੂਰਨ ਵਸਤਾਂ ਪ੍ਰਾਪਤ ਹੁੰਦੀਆਂ ਹਨ। ਇਸ ਦੇ ਰੇਸ਼ੇ ਖ਼ਾਸ ਤੌਰ 'ਤੇ ਪੱਤਿਆਂ ਅਤੇ ਫੁੱਲ-ਡੰਡੀਆਂ ਦੇ ਰੇਸ਼ੇ ਵਪਾਰਕ ਵਰਤੋਂ ਵਿਚ ਆਉਂਦੇ ਹਨ। ਇਨ੍ਹਾਂ ਤੋਂ ਹੰਢਣਸਾਰ ਰੱਸੀਆਂ ਬਣਦੀਆਂ ਹਨ ਅਤੇ ਕਈ ਪ੍ਰਕਾਰ ਦੇ ਬੁਰਸ਼ ਵੀ ਬਣਦੇ ਹਨ। ਇਸ ਦੇ ਗੁੱਦੇ ਤੋਂ ਇਕ ਖ਼ਾਸ ਕਿਸਮ ਦਾ ਆਟਾ ਵੀ ਤਿਆਰ ਹੁੰਦਾ ਹੈ, ਜਿਸ ਨੂੰ ਭਾਰਤ ਦੇ ਕਈ ਕਬੀਲੇ ਰੋਟੀ ਤੇ ਹੋਰ ਖ਼ੁਰਾਕੀ ਪਦਾਰਥ ਤਿਆਰ ਕਰਨ ਲਈ ਵਰਤਦੇ ਹਨ। ਇਸ ਤੋਂ ਇਲਾਵਾ ਇਸ ਦੇ ਰਸ ਤੋਂ ਪੀਣਯੋਗ ਇਕ ਤਰਲ ਪਦਾਰਥ 'ਤਾੜੀ' ਵੀ ਤਿਆਰ ਕੀਤੀ ਜਾਂਦੀ ਹੈ। ਇਸ ਦੇ ਫੁੱਲ ਦੇ ਸਿਰੇ ਉੱਪਰ ਉੱਗੀ ਛੋਟੀ ਜਿਹੀ ਕਲੀ ਕਈ ਖਣਿਜ ਤੱਤਾਂ ਅਤੇ ਵਿਟਾਮਿਨਾਂ ਨਾਲ ਭਰਪੂਰ ਹੋਣ ਕਾਰਨ ਖਾਣਯੋਗ ਹੁੰਦੀ ਹੈ। ਲੱਕੜ ਕਾਫ਼ੀ ਹੰਢਣਸਾਰ ਹੁੰਦੀ ਹੈ।

### ਖੇਤੀ

ਬਾਗ਼-ਬਗ਼ੀਚਿਆਂ ਵਿਚ ਉੱਗਿਆ ਮੱਛੀ-ਪੂਛਲ ਤਾੜ ਦਾ ਰੁੱਖ ਬੇਹੱਦ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਇਹ ਲਗਪਗ ਹਰ ਤਰ੍ਹਾਂ ਦੀ ਜ਼ਮੀਨ ਵਿਚ ਉਗਾਇਆ ਜਾ ਸਕਦਾ ਹੈ। ਇਸ ਨੂੰ ਗਮਲਿਆਂ ਵਿਚ ਵੀ ਉਗਾਇਆ ਜਾ ਸਕਦਾ ਹੈ ਅਤੇ ਜ਼ਮੀਨ 'ਚ ਲਗਾਇਆ ਗਿਆ ਮੱਛੀ-ਪੂਛਲ ਤਾੜ ਦਾ ਰੁੱਖ 15 ਸਾਲਾਂ ਵਿਚ ਆਪਣਾ ਪੂਰਾ ਆਕਾਰ ਗ੍ਰਹਿਣ ਕਰ ਲੈਂਦਾ ਹੈ ਅਤੇ ਫੁੱਲ ਧਾਰਣ ਕਰਨ ਲਈ ਉਸ ਨੂੰ ਲਗਪਗ ਸੱਤ ਸਾਲ ਦਾ ਹੋਰ ਸਮਾਂ ਲਗਦਾ ਹੈ। ਪਹਿਲੇ ਫੁੱਲ-ਫਲਾਕੇ ਸਮੇਂ ਫੁੱਲਾਂ ਦੇ ਬੇਹੱਦ ਵੱਡੇ ਆਕਾਰ ਦੇ ਗੁੱਛੇ ਨਿਕਲਦੇ ਹਨ, ਜੋ ਰੁੱਖ ਦੇ ਸਿਰੇ ਤੋਂ ਹੇਠਾਂ ਵੱਲ ਨੂੰ ਲਮਕਦੇ ਰਹਿੰਦੇ ਹਨ। ਫੁੱਲਾਂ ਦੇ ਅਜਿਹੇ ਗੁੱਛੇ ਰੁੱਖ ਦੇ ਸਿਰੇ ਤੋਂ ਸ਼ੁਰੂ ਹੋ ਕੇ ਹੇਠਾਂ ਤੋਂ ਹੇਠਾਂ ਅਖ਼ੀਰ ਤਕ ਨਿਕਲਦੇ ਹਨ

• ਫੀਚਰ ਡੈਸਕ

---



# ਧਰਤੀ ਦਾ ਸਰਮਾਇਆ ਰੁੱਖ

• ਸੰਦੀਪ ਆਰੀਆ
98775-61880

ਭਾਰਤੀ ਸੱਭਿਆਚਾਰ ਵਿਚ ਰੁੱਖਾਂ ਨੂੰ ਬੇਹੱਦ ਪੂਜਣਯੋਗ ਮੰਨਿਆ ਜਾਂਦਾ ਹੈ। ਧਰਮ ਗ੍ਰੰਥਾਂ ਵਿਚ ਰੁੱਖਾਂ ਦੀ ਮੌਜੂਦਗੀ ਨੂੰ ਬੇਹੱਦ ਅਹਿਮ ਮੰਨਿਆ ਗਿਆ ਹੈ। ਆਯੁਰਵੇਦ ਪ੍ਰਸੰਨਤਾ ਨੂੰ ਚੰਗੀ ਸਿਹਤ ਦਾ ਆਧਾਰ ਮੰਨਦਾ ਹੈ। ਰੁੱਖ ਜਮਨ ਨੂੰ ਪ੍ਰਸੰਨ ਤੇ ਸ਼ਾਂਤ ਰੱਖਦੇ ਹਨ। ਆਯੁਰਵੇਦ ਵਿਚ ਰੁੱਖਾਂ ਦੀ ਮੱਹਤਤਾ ਦਾ ਵਿਸਥਾਰ ਨਾਲ ਵਰਨਣ ਸ਼ਾਮਲ ਹੈ। ਰੁੱਖ ਨਕਾਰਾਤਮਕ ਊਰਜਾ ਨੂੰ ਸੋਖ ਕੇ ਮਨ ਨੂੰ ਸ਼ਾਂਤੀ ਪ੍ਰਦਾਨ ਕਰਦੇ ਹਨ। ਜੇ ਰੁੱਖਾਂ ਨੂੰ 'ਨੈਚੁਰਲ ਹੀਲਰ' ਆਖਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।

### ਧਰਮ ਤੇ ਵਿਗਿਆਨ ਦੀ ਨਜ਼ਰ 'ਚ ਰੁੱਖ

ਐਕਸਟਰ ਯੂਨੀਵਰਸਿਟੀ ਦੇ ਵਿਗਿਆਨੀਆਂ ਅਨੁਸਾਰ ਰੁੱਖ ਮਨੁੱਖ ਨੂੰ ਸਿਹਤਮੰਦ ਤੇ ਖ਼ੁਸ਼ ਰੱਖਣ 'ਚ ਮਦਦਗਾਰ ਹਨ। ਇਹ 'ਅਵਸਾਦ', ਚਿੰਤਾ ਤੇ ਹੋਰ ਮਾਨਸਿਕ ਵਿਕਾਰਾਂ ਨੂੰ ਦੂਰ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜਾਪਾਨੀ ਲੋਕ ਜੰਗਲਾਂ 'ਚ ਜਾ ਕੇ 'ਫਾਰੈਸਟ ਬਾਥਿੰਗ' ਕਰਦੇ ਹਨ। ਉਹ ਰੋਜ਼ਾਨਾ ਜੀਵਨ ਦੇ ਕੁਝ ਪਲ ਜੰਗਲਾਂ 'ਚ ਰੁੱਖਾਂ ਅਤੇ ਪੌਦਿਆਂ ਨਾਲ ਬਿਤਾਉਂਦੇ ਹਨ। ਤਾਓਵਾਦ ਵਿਚ ਵੀ ਰੁੱਖਾਂ ਦੀ ਵਡਿਆਈ ਕੀਤੀ ਗਈ ਹੈ। ਤਾਓਵਾਦ ਵਿਚ ਰੁੱਖਾਂ ਤੇ ਪੇੜ-ਪੌਦਿਆਂ ਦਰਮਿਆਨ ਬੈਠ ਕੇ ਧਿਆਨ ਲਗਾਉਣ ਦੀ ਪਰੰਪਰਾ ਹੈ। ਅਮਰੀਕੀ ਵਿਗਿਆਨੀ ਜਿਓਫਰੀ ਡੋਨੋਵਨ ਨੇ ਸਿੱਧ ਕੀਤਾ ਹੈ ਕਿ ਜਿਨ੍ਹਾਂ ਖੇਤਰਾਂ ਵਿਚ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕੀਤੀ ਗਈ ਹੈ ਉੱਥੇ ਦਿਲ ਤੇ ਸਾਹ ਦੇ ਰੋਗਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ 'ਚ ਭਾਰੀ ਵਾਧਾ ਹੋਇਆ ਹੈ। ਅਮਰੀਕੀ ਖੇਤੀਬਾੜੀ ਵਿਭਾਗ ਅਨੁਸਾਰ, 'ਜੰਗਲ ਦਾ ਇਕ ਏਕੜ ਇਲਾਕਾ 6 ਟਨ ਕਾਰਬਨ ਡਾਈਆਕਸਾਈਡ ਗੈਸ ਨੂੰ ਜਜ਼ਬ ਕਰ ਲੈਂਦਾ ਹੈ ਤੇ 4 ਟਨ ਆਕਸੀਜਨ ਪੈਦਾ ਕਰਦਾ ਹੈ। ਆਕਸਜੀਨ ਦੀ ਇਹ ਮਾਤਰਾ 18 ਵਿਅਕਤੀਆਂ ਦੀ ਸਾਲਾਨਾ ਜ਼ਰੂਰਤ ਪੂਰੀ ਕਰਨ ਲਈ ਕਾਫ਼ੀ ਹੈ।

### ਰੁੱਖਾਂ ਦਾ ਕੋਈ ਬਦਲ ਨਹੀਂ

ਰੁੱਖਾਂ ਕਰਕੇ ਹੀ ਵਾਤਾਵਰਨ ਸੰਤੁਲਨ ਬਣਿਆ ਹੋਇਆ ਹੈ। ਮਨੁੱਖ ਦੀ ਚੰਗੀ ਸਿਹਤ ਵੀ ਰੁੱਖਾਂ 'ਤੇ ਨਿਰਭਰ ਹੈ। ਰੁੱਖਾਂ ਦੀ ਅਣਹੋਂਦ ਧਰਤੀ 'ਤੇ ਤਬਾਹੀ ਦਾ ਕਾਰਨ ਬਣ ਜਾਏਗੀ। ਅੱਜ ਵਿਕਾਸ ਦੇ ਨਾਂ 'ਤੇ ਜਿਸ ਅਨੁਪਾਤ 'ਚ ਰੁੱਖ ਵੱਢੇ ਜਾ ਰਹੇ ਹਨ ਜੇ ਇਹ ਵਰਤਾਰਾ ਜਾਰੀ ਰਿਹਾ ਤਾਂ ਧਰਤੀ ਉੱਪਰ ਸਮੁੱਚੇ ਜੀਵਾਂ ਦਾ ਜੀਵਨ ਖ਼ਤਮ ਹੋ ਜਾਣ ਦੀ ਸੰਭਾਵਨਾਵਾਂ ਪੈਦਾ ਹੋ ਜਾਵੇਗੀ। ਰੁੱਖ ਕੁਦਰਤ ਦੀ ਅਜਿਹੀ ਦਾਤ ਹਨ ਜਿਨ੍ਹਾਂ ਦਾ ਹੋਰ ਕੋਈ ਬਦਲ ਸਾਡੇ ਕੋਲ ਨਹੀਂ ਹੈ।

### ਇਕ ਰੁੱਖ ਸੌ ਸੁੱਖ

ਸਾਡੇ ਦੁਆਰਾ ਲਗਾਇਆ ਗਿਆ ਇਕ ਰੁੱਖ ਸਿਰਫ਼ ਸਾਨੂੰ ਹੀ ਨਹੀਂ, ਸਗੋਂ ਆਉਣ ਵਾਲੀਆਂ ਕਈ ਪੀੜ੍ਹੀਆਂ ਨੂੰ ਫ਼ਾਇਦਾ ਦਿੰਦਾ ਹੈ। ਸ਼ਾਇਦ ਇਸੇ ਲਈ ਇਹ ਕਹਾਵਤ ਬਣੀ ਹੈ ਕਿ 'ਇਕ ਰੁੱਖ ਸੌ ਸੁੱਖ।' ਇਨ੍ਹਾਂ ਤੋਂ ਸਾਨੂੰ ਸਾਫ਼ ਹਵਾ, ਬਾਲਣ, ਖਾਣਯੋਗ ਪਦਾਰਥ, ਕੱਪੜੇ, ਜਾਨਵਰਾਂ ਲਈ ਚਾਰਾ ਤੇ ਇਮਾਰਤੀ ਲੱਕੜੀ ਆਦਿ ਵਸਤਾਂ ਪ੍ਰਾਪਤ ਹੁੰਦੀਆਂ ਹਨ।।ਇਹ ਵਾਤਾਵਰਨ ਵਿਚੋਂ ਕਾਰਬਨ ਡਾਈਆਕਸਾਈਡ ਲੈ ਕੇ ਸਾਨੂੰ ਆਕਸੀਜਨ ਦਿੰਦੇ ਹਨ, ਜੋ ਸਭ ਜੀਵਾਂ ਦੇ ਜ਼ਿੰਦਾ ਰਹਿਣ ਲਈ ਬੁਨਿਆਦੀ ਲੋੜ ਹੈ। ਰੁੱਖ ਅਤੇ ਜੰਗਲ ਪੰਛੀਆਂ ਤੇ ਜੰਗਲੀ-ਜੀਵਾਂ ਦੇ ਵੀ ਰੈਣ-ਬਸੇਰੇ ਹਨ। ਇਨ੍ਹਾਂ ਦੀ ਅਣਹੋਂਦ ਕਾਰਨ ਅੱਜ ਜੰਗਲੀ ਜੀਵਾਂ ਦੀਆਂ ਸੈਂਕੜੇ ਪ੍ਰਜਾਤੀਆਂ ਖ਼ਤਮ ਹੋਣ ਕੰਢੇ ਆਣ ਪੁੱਜੀਆਂ ਹਨ।

### ਜ਼ਰੂਰੀ ਹੈ ਜਾਗਰੂਕਤਾ

ਰੁੱਖਾਂ ਤੇ ਜੰਗਲਾਂ ਤੋਂ ਮਿਲਣ ਵਾਲੇ ਇਨ੍ਹਾਂ ਕੁਦਰਤੀ ਵਸੀਲਿਆਂ ਦੇ ਨਿਰੰਤਰ ਲਾਭ ਲਈ ਇਨ੍ਹਾਂ ਦੀ ਸਾਂਭ-ਸੰਭਾਲ ਪ੍ਰਤੀ ਜਾਗਰੂਕਤਾ ਦੀ ਲੋੜ ਹੈ। ਅਸੀਂ ਰੁੱਖਾਂ ਨੂੰ ਬਚਾਉਣਾ ਤਾਂ ਚਾਹੁੰਦੇ ਹਾਂ ਪਰ ਜਿਸ ਪੱਧਰ 'ਤੇ ਉਪਰਾਲੇ ਕੀਤੇ ਜਾਣ ਦੀ ਲੋੜ ਹੈ, ਉਹ ਨਹੀਂ ਕੀਤੇ ਜਾ ਰਹੇ। ਰੁੱਖਾਂ ਦੀ ਅਣਹੋਂਦ ਕਾਰਨ ਜ਼ਮੀਨਦੋਜ਼ ਪਾਣੀ ਜ਼ਹਿਰੀਲਾ ਹੋ ਰਿਹਾ ਹੈ, ਕੁਦਰਤ ਦਾ ਸੰਤੁਲਨ ਵਿਗੜ ਰਿਹਾ ਹੈ, ਮੌਸਮੀ ਤਬਦੀਲੀਆਂ ਖੇਤੀ ਤੇ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਜੜ੍ਹੀ-ਬੂਟੀਆਂ ਦੇ ਰੂਪ 'ਚ ਮੌਜੂਦ ਅਣਮੁੱਲੇ ਖ਼ਜ਼ਾਨਿਆਂ ਤੋਂ ਅਸੀਂ ਵਾਂਝੇ ਹੋ ਰਹੇ ਹਾਂ, ਕਈ ਜੀਵਾਂ ਦੀਆਂ ਪ੍ਰਜਾਤੀਆਂ ਖ਼ਤਮ ਹੋਣ ਵੱਲ ਵਧ ਰਹੀਆਂ ਹਨ। ਰੁੱਖਾਂ ਦੀ ਇਸ ਅਹਿਮੀਅਤ ਕਾਰਨ ਹੀ ਇਨ੍ਹਾਂ ਨੂੰ 'ਹਰਾ ਸੋਨਾ' ਆਖਿਆ ਜਾਂਦਾ ਹੈ। ਸਨਅਤੀ ਖੇਤਰ ਵਿਚ ਵੀ ਰੁੱਖਾਂ ਦਾ ਮਹੱਤਵਪੂਰਨ ਯੋਗਦਾਨ ਹੈ। ਘਰ ਦੇ ਨਿਰਮਾਣ ਲਈ ਉਪਯੋਗੀ ਵਸਤਾਂ ਤੋਂ ਲੈ ਕੇ ਬਹੁਤ ਸਾਰੀਆਂ ਮਨੁੱਖੀ ਲੋੜਾਂ ਦੀ ਪੂਰਤੀ ਰੁੱਖਾਂ ਤੋਂ ਹੀ ਹੁੰਦੀ ਹੈ। ਇਸ ਲਈ ਮਨੁੱਖ ਦਾ ਫ਼ਰਜ਼ ਹੈ ਕਿ ਉਹ ਵੱਧ ਤੋਂ ਵੱਧ ਰੁੱਖ ਲਗਾਏ ਤੇ ਕੁਦਰਤੀ ਵਸੀਲਿਆਂ ਦੀ ਸੰਭਾਲ ਕਰੇ। ਰੁੱਖਾਂ ਦੀ ਧੜਾਧੜ ਕਟਾਈ ਕਾਰਨ ਹਵਾ ਪ੍ਰਦੂਸ਼ਣ ਵਧਣ ਨਾਲ ਸਾਹ ਸਬੰਧੀ ਅਤੇ ਕਈ ਹੋਰ ਗਹਿਰ-ਗੰਭੀਰ ਬਿਮਾਰੀਆਂ ਮਨੁੱਖਾਂ ਤੇ ਦੂਸਰੇ ਜੀਵਾਂ ਨੂੰ ਆਪਣੀ ਜਕੜ 'ਚ ਲੈ ਰਹੀਆਂ ਹਨ।

### ਲਾਭ ਹੀ ਲਾਭ

ਰੁੱਖ ਧਰਤੀ ਦਾ ਸਰਮਾਇਆ ਹਨ।।ਇਹ ਜੀਵਨ ਦਾ ਆਧਾਰ ਹਨ। ਰੁੱਖਾਂ ਬਗ਼ੈਰ ਧਰਤੀ ਉੱਤੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਰੁੱਖਾਂ ਕਾਰਨ ਮਨੁੱਖ ਅਤੇ ਦੂਸਰੇ ਜੀਵ-ਜੰਤੂਆਂ ਦੀਆਂ ਅਨੇਕਾਂ ਜ਼ਰੂਰਤਾਂ ਦੀ ਪੂਰਤੀ ਹੁੰਦੀ ਹੈ। ਰੁੱਖ ਸਾਨੂੰ ਛਾਂ, ਹਵਾ, ਫਲ਼, ਫੁੱਲ, ਲੱਕੜ, ਕਾਗ਼ਜ਼, ਰਬੜ, ਆਯੁਰਵੈਦਿਕ ਦਵਾਈਆਂ ਆਦਿ ਦਿੰਦੇ ਹਨ ਤੇ ਵਾਤਾਵਰਨ ਨੂੰ ਸ਼ੁੱਧ ਰੱਖਣ 'ਚ ਬੇਹੱਦ ਅਹਿਮ ਭੂਮਿਕਾ ਅਦਾ ਕਰਦੇ ਹਨ। ਪਿੱਪਲ, ਬੋਹੜ, ਕਿੱਕਰ, ਅੰਬ, ਟਾਹਲੀ, ਸਫ਼ੈਦਾ, ਅਰਜੁਨ, ਫਲਾਹੀ, ਪਿਲਕਣ, ਪਾਪਲਰ ਆਦਿ ਸੈਂਕੜੇ ਰੁੱਖ ਮਨੁੱਖ ਨੂੰ ਕਈ ਲਾਭ ਦੇ ਰਹੇ ਹਨ। ਰੁੱਖਾਂ ਉੱਤੇ ਕੀਟਾਂ ਅਤੇ ਸੈਂਕੜੇ ਹੋਰ ਜੀਵਾਂ ਦੀਆਂ ਲੱਖਾਂ ਪ੍ਰਜਾਤੀ ਆਪਣਾ ਜੀਵਨ ਬਸਰ ਕਰਦੀਆਂ ਹਨ। ਇਸ ਤਰ੍ਹਾਂ ਰੁੱਖਾਂ ਨਾਲ ਜੀਵ-ਜੰਤੂਆਂ ਦਾ ਜੀਵਨ-ਚੱਕਰ ਵੀ ਜੁੜਿਆ ਹੋਇਆ ਹੈ।ਰੁੱਖ ਲਗਾਉਣ ਨਾਲ ਏਅਰ-ਕੰਡੀਸ਼ਨਰਾਂ, ਮੋਟਰ ਗੱਡੀਆਂ ਅਤੇ ਹੋਰ ਵਸੀਲਿਆਂ ਤੋਂ ਪੈਦਾ ਹੋਣ ਵਾਲੀਆਂ ਹਾਨੀਕਾਰਕ ਗੈਸਾਂ ਦੇ ਬੁਰੇ ਪ੍ਰਭਾਵ ਤੋਂ ਅਸੀਂ ਬਚੇ ਰਹਿ ਸਕਦੇ ਹਾਂ। ਸਾਨੂੰ ਕੁਦਰਤੀ ਰੂਪ ਵਿਚ ਸਾਫ਼ ਤੇ ਸ਼ੁੱਧ ਹਵਾ ਪ੍ਰਾਪਤ ਹੋਵੇਗੀ। ਰੁੱਖਾਂ ਦੀਆਂ ਜੜ੍ਹਾਂ ਮਿੱਟੀ ਨੂੰ ਮਜ਼ਬੂਤੀ ਨਾਲ ਬੰਨ੍ਹ ਕੇ ਰੱਖਦੀਆਂ ਹਨ ਤੇ ਭੂਮੀ-ਖੋਰ ਨੂੰ ਰੋਕਣ 'ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਰੁੱਖਾਂ ਨਾਲੋਂ ਟੁੱਟੇ ਪੱਤੇ ਮਿੱਟੀ ਵਿਚ ਮਿਲ ਕੇ ਕੁਦਰਤੀ ਖਾਦ ਦਾ ਕੰਮ ਕਰਦੇ ਹਨ ਤੇ ਮਿੱਟੀ ਨੂੰ ਸਿਹਤਮੰਦ ਤੇ ਉਪਜਾਊ ਬਣਾਉਂਦੇ ਹਨ। ਰੁੱਖਾਂ ਦੀ ਧੜਾਧੜ ਕਟਾਈ ਅਤੇ ਰਸਾਇਣਾਂ ਦੇ ਮਾੜੇ ਪ੍ਰਭਾਵ ਕਾਰਨ ਅੱਜ ਪੰਜਾਬ ਦੀ ਜ਼ਮੀਨ ਵੀ ਰੇਗਿਸਤਾਨੀ ਮਿੱਟੀ 'ਚ ਤਬਦੀਲ ਹੋਣ ਵੱਲ ਵਧ ਰਹੀ ਹੈ।

ਰੁੱਖ ਵਰਖਾ ਦਾ ਸੰਤੁਲਨ ਬਣਾਈ ਰੱਖਣ 'ਚ ਮਦਦ ਕਰਦੇ ਹਨ। ਸਾਨੂੰ ਛਾਂ ਦਿੰਦੇ ਹਨ ਤੇ ਗਰਮੀ ਦੇ ਪ੍ਰਭਾਵ ਨੂੰ ਘੱਟ ਕਰਦੇ ਹਨ। ਜੇ ਧਰਤੀ ਉੱਤੋਂ ਰੁੱਖਾਂ ਦਾ ਇਹ ਖ਼ਜ਼ਾਨਾ ਇਸੇ ਦਰ ਨਾਲ ਘਟਦਾ ਗਿਆ ਤਾਂ ਗਲੋਬਲ ਵਾਰਮਿੰਗ ਅਤੇ ਸੋਕੇ ਵਰਗੀਆਂ ਸਮੱਸਿਆਵਾਂ ਹੋਰ ਭਿਆਨਕ ਰੂਪ ਲੈ ਲੈਣਗੀਆਂ। ਘਰ ਵਿਚ ਆਪਣੇ ਅਤੇ ਕਿਸੇ ਵੀ ਪਰਿਵਾਰਕ ਮੈਂਬਰ ਦੇ ਜਨਮ ਦਿਨ ਅਤੇ ਖ਼ੁਸ਼ੀ ਦੇ ਦੂਸਰੇ ਮੌਕਿਆਂ 'ਤੇ ਰੁੱਖ ਲਗਾ ਕੇ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰ ਕੇ ਮਨੁੱਖਤਾ ਦੀ ਵੱਡੀ ਸੇਵਾ ਕਰ ਸਕਦੇ ਹਾਂ।

ਧਰਤੀ ਉੱਪਰ ਮਨੁੱਖੀ ਹੋਂਦ ਨੂੰ ਬਚਾਉਣ ਲਈ ਧਰਤੀ ਦੇ ਇਸ ਬਹੁਮੁੱਲੇ ਸਰਮਾਏ ਦੀ ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ। ਜੇ ਮਨੁੱਖ ਨੇ ਸਮਾਂ ਰਹਿੰਦਿਆਂ ਇਸ ਦਿਸ਼ਾ 'ਚ ਆਪਣੇ ਫਰਜ਼ ਨਾ ਪਛਾਣੇ ਤਾਂ ਇਸ ਧਰਤੀ ਉੱਪਰ ਸਮੁੱਚਾ ਜੀਵਨ ਖ਼ਤਰੇ 'ਚ ਪੈ ਜਾਵੇਗਾ। •

---



ਪੰਜਾਬ ਵਿਚ ਪਿਆਜ਼ ਦੀ 450-500 ਕਰੋੜ ਰੁਪਏ ਦੀ ਮੰਗ ਹੈ ਪਰ ਸੂਬੇ ਵਿਚ ਸਿਰਫ਼ 100 ਤੋਂ 125 ਕਰੋੜ ਰੁਪਏ ਦੇ ਪਿਆਜ਼ ਦੀ ਪੈਦਾਵਾਰ ਹੁੰਦੀ ਹੈ। ਬਾਕੀ ਖ਼ਰੀਦ ਦੂਜੇ ਸੂਬਿਆਂ ਤੋਂ ਕੀਤੀ ਜਾਂਦੀ ਹੈ...

# ਪਿਆਜ਼ ਦਾ ਮਿਆਰੀ ਬੀਜ ਤਿਆਰ ਕਰਨ ਦੇ ਅਹਿਮ ਨੁਕਤੇ

• ਅਮਰਜੀਤ ਸਿੰਘ, ਅੰਜੂ ਬਾਲਾ

ਪਿਆਜ਼ ਪੰਜਾਬ ਦੀ ਮਹੱਤਵਪੂਰਨ ਫ਼ਸਲ ਹੈ। ਇਸ ਵਿਚ ਪਾਏ ਜਾਣ ਵਾਲੇ ਐਲੀਸਿਨ, ਐਲੀਨਥਾਇਓਸਲਫੇਟ, ਸਲਫਾਈਟ ਆਦਿ ਤੱਤ ਕੈਂਸਰ, ਸ਼ੂਗਰ ਰੋਗ, ਕੋਲੈਸਟਰੋਲ ਤੇ ਜਿਗਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸਮਰਥਾ ਰੱਖਦੇ ਹਨ। ਪੰਜਾਬ ਦੀਆਂ ਮੰਡੀਆਂ ਵਿਚ ਪਿਆਜ਼ ਦੀ 450-500 ਕਰੋੜ ਰੁਪਏ ਦੀ ਮੰਗ ਹੈ ਪਰ ਸੂਬੇ ਵਿਚ ਸਿਰਫ਼ 100 ਤੋਂ 125 ਕਰੋੜ ਰੁਪਏ ਦੇ ਪਿਆਜ਼ ਦੀ ਹੀ ਪੈਦਾਵਾਰ ਹੁੰਦੀ ਹੈ। ਬਾਕੀ ਖ਼ਰੀਦ ਮਹਾਰਾਸ਼ਟਰ, ਆਂਧਰ ਪ੍ਰਦੇਸ਼ ਤੇ ਦੂਜੇ ਸੂਬਿਆਂ ਤੋਂ ਕੀਤੀ ਜਾਂਦੀ ਹੈ। ਕਿਸਾਨਾਂ ਨੂੰ ਪਿਆਜ਼ ਦੇ ਉੱਤਮ ਬੀਜ ਦੀ ਉਪਲਬਧੀ ਤੇ ਪੌਦ ਸੁਰੱਖਿਆ ਤਕਨੀਕਾਂ ਦੀ ਜਾਣਕਾਰੀ ਦੀ ਘਾਟ ਇਸ ਦੀ ਘੱਟ ਪੈਦਾਵਾਰ ਦਾ ਮੁੱਖ ਕਾਰਨ ਹੈ। ਸੰਗਠਿਤ ਖੇਤਰ ਦੁਆਰਾ ਪਿਆਜ਼ ਦੇ ਬੀਜ ਦੀ ਕੇਵਲ 54 ਫ਼ੀਸਦੀ ਲੋੜ ਪੂਰੀ ਕੀਤੀ ਜਾ ਸਕਦਾ ਹੈ। ਬਾਕੀ ਰਹਿੰਦੀ ਲੋੜ ਕਿਸਾਨਾਂ ਦੁਆਰਾ ਆਪਣੇ ਤੌਰ 'ਤੇ ਬੀਜ ਪੈਦਾ ਕਰ ਕੇ ਪੂਰੀ ਕੀਤੀ ਜਾਂਦੀ ਹੈ। ਪੌਦ ਸੁਰੱਖਿਆ ਦੀ ਬਿਹਤਰ ਜਾਣਕਾਰੀ ਨਾਲ ਤਿਆਰ ਕੀਤਾ ਗਿਆ ਮਿਆਰੀ ਬੀਜ ਬਾਜ਼ਾਰੀ ਮੰਗ ਦੀ ਪੂਰਤੀ ਲਈ ਸਮੇਂ ਦੀ ਮੁੱਖ ਲੋੜ ਹੈ। ਪਿਆਜ਼ ਦੀ ਬੀਜ ਵਾਲੀ ਫ਼ਸਲ ਅਤੇ ਅਨੁਕੂਲ ਮੌਸਮ ਦੌਰਾਨ ਬਿਮਾਰੀਆਂ ਦਾ ਹਮਲਾ ਵਧੇਰੇ ਹੁੰਦਾ ਹੈ। ਆਓ, ਜਾਣਦੇ ਹਾਂ ਪਿਆਜ਼ ਦੇ ਬੀਜ ਦੀ ਪੈਦਾਵਾਰ 'ਤੇ ਮਾੜਾ ਅਸਰ ਪਾਉਣ ਵਾਲੀਆਂ ਕੁਝ ਮੁੱਖ ਬਿਮਾਰੀਆਂ ਬਾਰੇ :

### ਜਾਮਣੀ ਧੱਬਿਆਂ ਦਾ ਰੋਗ

ਇਹ ਇਕ ਉੱਲੀ ਨਾਲ ਰੋਗ ਹੈ, ਜੋ ਲਸਣ ਅਤੇ ਪਿਆਜ਼ ਦੋਵਾਂ ਫ਼ਸਲਾਂ 'ਤੇ ਹਮਲਾ ਕਰਦਾ ਹੈ। ਬੀਜ ਵਾਲੀ ਫ਼ਸਲ 'ਤੇ ਇਸ ਹਮਲਾ ਜ਼ਿਆਦਾ ਹੁੰਦਾ ਹੈ। ਆਮ ਤੌਰ 'ਤੇ ਇਹ ਬਿਮਾਰੀ ਫ਼ਸਲ ਦੇ ਕਿਸੇ ਵੀ ਹਿੱਸੇ 'ਤੇ ਆ ਸਕਦੀ ਹੈ ਪਰ ਫੁੱਲਾਂ ਵਾਲੀਆਂ ਟਹਿਣੀਆਂ 'ਤੇ ਇਸ ਦਾ ਹਮਲਾ ਵਧੇਰੇ ਨੁਕਸਾਨ ਕਰਦਾ ਹੈ। ਬਿਮਾਰੀ ਦੇ ਸ਼ੁਰੂਆਤੀ ਹਮਲੇ ਵੇਲੇ ਪੱਤਿਆਂ ਉੱਪਰ ਪਾਣੀ ਭਿੱਜੇ ਧੱਬੇ ਪੈ ਜਾਂਦੇ ਹਨ। ਜਿਵੇਂ-ਜਿਵੇਂ ਬਿਮਾਰੀ ਵਧਦੀ ਜਾਂਦੀ ਹੈ, ਧੱਬੇ ਅੰਡਾਕਾਰ ਤੇ ਫਿਰ ਅੱਖ ਦੀ ਸ਼ਕਲ ਵਰਗੇ ਹੋ ਕੇ ਜਾਮਣੀ ਰੰਗ ਦੇ ਹੋ ਜਾਂਦੇ ਹਨ। ਸਿੱਲ੍ਹੇ ਮੌਸਮ ਦੌਰਾਨ ਕੁਝ ਦਿਨਾਂ ਵਿਚ ਬਿਮਾਰੀ ਵਾਲੇ ਧੱਬਿਆਂ ਉੱਪਰ ਕਾਲੇ ਰੰਗ ਦੀ ਉੱਲੀ ਦੇ ਕਣ ਪੈਦਾ ਹੋ ਜਾਂਦੇ ਹਨ ਤੇ ਇਹ ਕਣ ਫੁੱਲਾਂ ਵਾਲੀਆਂ ਡੰਡੀਆਂ ਤਕ ਬਿਮਾਰੀ ਨੂੰ ਫੈਲਾ ਦਿੰਦੇ ਹਨ। ਫੁੱਲਾਂ ਵਾਲੀਆਂ ਟਹਿਣੀਆਂ ਭੂਰੀਆਂ ਜਾਂ ਪੀਲੀਆਂ ਪੈ ਜਾਂਦੀਆਂ ਹਨ ਤੇ ਬੀਜ ਬਣਨ ਤੋਂ ਪਹਿਲਾਂ ਹੀ ਮੁਰਝਾ ਜਾਂਦੀਆਂ ਹਨ। ਜੇ ਬੀਜ ਵਾਲੀਆਂ ਟਹਿਣੀਆਂ 'ਤੇ ਬਿਮਾਰੀ ਦਾ ਹਮਲਾ ਬੀਜ ਬਣਨ ਤੋਂ ਬਾਅਦ ਹੋਵੇ ਤਾਂ ਇਹ ਟਹਿਣੀਆਂ ਟੁੱਟ ਜਾਂਦੀਆਂ ਹਨ। ਬੀਜਾਂ ਵਾਲਾ ਫੁੱਲਾਂ ਦਾ ਗੁੱਛਾ ਬੂਟੇ ਤੋਂ ਵੱਖ ਹੋ ਜਾਂਦਾ ਹੈ ਅਤੇ ਬੀਜ ਬੇਜਾਨ ਤੇ ਸੁੰਗੜਿਆ ਹੋਇਆ ਪੈਦਾ ਹੁੰਦਾ ਹੈ। ਥਰਿੱਪ ਦਾ ਹਮਲਾ ਬਿਮਾਰੀ ਨੂੰ ਤੇਜ਼ੀ ਨਾਲ ਵਧਾਉਂਦਾ ਹੈ ਜਿਸ ਨਾਲ ਫ਼ਸਲ ਦਾ 80-85 ਫ਼ੀਸਦੀ ਤਕ ਨੁਕਸਾਨ ਹੋ ਸਕਦਾ ਹੈ। ਇਸ ਬਿਮਾਰੀ ਦੇ ਵਧਣ-ਫੁੱਲਣ ਲਈ 25-28 ਡਿਗਰੀ ਤਾਪਮਾਨ ਤੇ ਸਿੱਲ੍ਹਾ ਮੌਸਮ ਬਹੁਤ ਢੁੱਕਵਾਂ ਹੁੰਦਾ ਹੈ। ਇਸ ਬਿਮਾਰੀ ਦੇ ਕੀਟਾਣੂ ਬੀਜ ਵਿਚ ਚਲੇ ਜਾਂਦੇ ਹਨ ਤੇ ਬਿਮਾਰ ਬੀਜ ਜਲਦੀ ਮਰ ਜਾਂਦਾ ਹੈ।

### ਰੋਕਥਾਮ

ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਬਿਮਾਰੀ ਰਹਿਤ ਬੀਜ ਤੇ ਗੰਢਿਆਂ ਦੀ ਵਰਤੋਂ ਕਰੋ। ਬਿਜਾਈ ਤੋਂ ਪਹਿਲਾਂ ਬੀਜ ਨੂੰ ਕੈਪਟਾਨ ਜਾਂ ਥੀਰਮ ਦਵਾਈ ਨਾਲ 3 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਬਿਮਾਰੀ ਨਜ਼ਰ ਆਉਣ 'ਤੇ ਫ਼ਸਲ ਉੱਪਰ 600 ਗ੍ਰਾਮ ਇੰਡੋਫਿਲ ਐੱਮ-45 ਤੇ 200 ਮਿਲੀਲਿਟਰ ਟਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਇਸ ਤੋਂ ਬਾਅਦ 10 ਦਿਨਾਂ ਦੇ ਵਕਫ਼ੇ 'ਤੇ 3 ਛਿੜਕਾਅ ਹੋਰ ਕਰੋ। ਜ਼ਿਕਰਯੋਗ ਹੈ ਕਿ ਪਿਆਜ਼ ਦੇ ਪੱਤੇ ਵੈਕਸੀ ਜਾਂ ਮੋਮੀ ਹੁੰਦੇ ਹਨ ਜਿਸ ਉੱਪਰ ਉੱਲੀਨਾਸ਼ਕ ਚੰਗੀ ਤਰ੍ਹਾਂ ਚਿਪਕਦੇ ਨਹੀਂ, ਇਸ ਲਈ ਇਨ੍ਹਾਂ ਉੱਲੀਨਾਸ਼ਕਾਂ ਵਿਚ ਟਰਾਈਟੋਨ ਜਾਂ ਅਲਸੀ ਦਾ ਤੇਲ ਮਿਲਾ ਕੇ ਛਿੜਕਾਅ ਕਰਨਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਬਿਮਾਰੀਆਂ ਉੱਪਰ ਚੰਗੀ ਤਰ੍ਹਾਂ ਕਾਬੂ ਪਾਇਆ ਜਾ ਸਕੇ। ਥਰਿੱਪ ਦੇ ਹਮਲੇ ਤੋਂ ਬਚਾਅ ਲਈ 250 ਮਿਲੀਲਿਟਰ ਮੈਲਾਥਿਓਨ 50 ਈਸੀ ਨੂੰ 80 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। •

### ਪੀਲੇ ਧੱਬਿਆਂ ਦਾ ਰੋਗ

ਇਹ ਇਕ ਉੱਲੀ ਰੋਗ ਹੈ। ਅਨੁਕੂਲ ਮੌਸਮ ਵਿਚ ਇਹ ਰੋਗ ਫ਼ਸਲ ਨੂੰ ਤੇਜ਼ੀ ਨਾਲ ਤਬਾਹ ਕਰ ਦਿੰਦਾ ਹੈ। ਇਹ ਬਿਮਾਰੀ ਧੌੜੀਆਂ ਵਿਚ ਸ਼ੁਰੂ ਹੁੰਦੀ ਹੈ ਤੇ ਸਿੱਲ੍ਹ ਵਾਲੇ ਮੌਸਮ 'ਚ ਇਸ ਦਾ ਵਾਧਾ ਜਿਆਦਾ ਹੁੰਦਾ ਹੈ। ਇਸ ਦੇ ਹਮਲੇ ਨਾਲ 30-45 ਦਿਨ ਵਿਚ ਹੀ ਫ਼ਸਲ ਨਸ਼ਟ ਹੋ ਜਾਂਦੀ ਹੈ। ਸਵੇਰ ਸਮੇਂ ਪੱਤਿਆਂ ਉੱਪਰ ਜਾਮਣੀ ਸਲੇਟੀ, ਮਖਮਲੀ ਉੱਲੀ ਦਿਖਾਈ ਦਿੰਦੀ ਹੈ। ਬਿਮਾਰੀ ਵਾਲੇ ਪੱਤੇ ਤੇਜ਼ੀ ਨਾਲ ਪੀਲੇ ਪੈ ਜਾਂਦੇ ਹਨ। ਇਹ ਪੀਲੇ ਧੱਬੇ ਅੰਡਾਕਾਰ ਹੁੰਦੇ ਹਨ ਤੇ ਇਨ੍ਹਾਂ ਉੱਪਰ ਜਾਮਣੀ ਧੱਬਿਆਂ ਦਾ ਰੋਗ ਅਤੇ ਸਟੈਮਫਿਲਿਅਮ ਬਲਾਈਟ ਦਾ ਵੀ ਹਮਲਾ ਹੋ ਜਾਂਦਾ ਹੈ। ਅੰਡਾਕਾਰ ਪੀਲੇ ਧੱਬੇ ਫੁੱਲਾਂ ਦੀਆਂ ਡੰਡੀਆਂ 'ਤੇ ਵੀ ਦਿਖਾਈ ਦਿੰਦੇ ਹਨ। ਇਨ੍ਹਾਂ ਧੱਬਿਆਂ 'ਤੇ ਜਾਮਣੀ ਰੰਗ ਦੀ ਉੱਲੀ ਵੀ ਦਿਖਾਈ ਦਿੰਦੀ ਹੈ। ਡੰਡੀਆਂ ਉੱਤੇ ਇਹ ਧੱਬੇ ਬਾਅਦ 'ਚ ਭੂਰੇ ਰੰਗ ਦੇ ਹੋ ਜਾਂਦੇ ਹਨ। ਬਿਮਾਰੀ ਵਾਲੀ ਫੁੱਲਾਂ ਦੀ ਡੰਡੀ ਕਮਜ਼ੋਰ ਹੋ ਕੇ ਟੁੱਟ ਜਾਂਦੀ ਹੈ ਤੇ ਫ਼ਸਲ ਸੜੀ ਹੋਈ ਨਜ਼ਰ ਆਉਂਦੀ ਹੈ।



### ਸਟੈਮਫਿਲਿਅਮ ਬਲਾਈਟ

ਇਸ ਬਿਮਾਰੀ ਨਾਲ ਪੱਤਿਆਂ ਉੱਪਰ ਪੀਲੇ ਭੂਰੇ ਪਾਣੀ ਭਿੱਜੇ ਲੰਬੂਤਰੇ ਧੱਬੇ ਪੈ ਜਾਂਦੇ ਹਨ, ਜੋ ਕਿ ਬਾਅਦ ਵਿਚ ਗੂੜ੍ਹੇ ਭੂਰੇ ਤੇ ਕਾਲੇ ਰੰਗ ਦੇ ਹੋ ਜਾਂਦੇ ਹਨ। ਇਹ ਧੱਬੇ ਆਪਸ 'ਚ ਮਿਲ ਕੇ ਪੱਤੇ ਨੂੰ ਸਾੜ ਦਿੰਦੇ ਹਨ। ਦੂਰੋਂ ਵੇਖਣ 'ਤੇ ਇਹ ਧੱਬੇ ਜਾਮਣੀ ਧੱਬਿਆਂ ਦੇ ਰੋਗ ਵਾਂਗ ਹੀ ਲਗਦੇ ਹਨ। ਇਹ ਬਿਮਾਰੀ ਜਿਆਦਾਤਰ ਪੱਤਿਆਂ 'ਤੇ ਹੀ ਸੀਮਿਤ ਰਹਿੰਦੀ ਹੈ। ਲੰਬੇ ਸਮੇਂ ਤਕ ਗਰਮ ਤੇ ਸਿਲ੍ਹਾ ਮੌਸਮ ਇਸ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੁੰਦਾ ਹੈ। ਥਰਿੱਪ ਦਾ ਹਮਲਾ ਵੀ ਇਸ ਦੇ ਹਮਲੇ 'ਚ ਵਾਧਾ ਕਰਦਾ ਹੈ।



---



# ਪਰਾਲੀ ਵਾਲੇ ਕਣਕ ਦੇ ਖੇਤਾਂ 'ਚ ਕੀੜਿਆਂ ਦੀਆਂ ਸਮੱਸਿਆਵਾਂ

• ਬੇਅੰਤ ਸਿੰਘ, ਕਮਲਜੀਤ ਸਿੰਘ ਸੂਰੀ
99880-95878

ਕਣਕ ਹਾੜ੍ਹੀ ਰੁੱਤ ਦੀ ਮੁੱਖ ਫ਼ਸਲ ਹੈ। ਲਗਪਗ 35 ਲੱਖ ਹੈਕਟੇਅਰ ਰਕਬੇ 'ਚ ਇਸ ਦੀ ਕਾਸ਼ਤ ਕੀਤੀ ਜਾਂਦੀ ਹੈ। ਝੋਨੇ ਦੀ ਕਟਾਈ ਤੇ ਕਣਕ ਦੀ ਬਿਜਾਈ ਦਰਮਿਆਨ ਘੱਟ ਵਕਫ਼ਾ ਹੋਣ ਕਰਕੇ, ਆਮ ਤੌਰ ਤੇ ਪਰਾਲੀ ਨੂੰ ਸਾੜ ਕੇ ਕਣਕ ਦੀ ਬਿਜਾਈ ਕੀਤੀ ਜਾਂਦੀ ਸੀ ਪਰ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਇਸ ਸਾਲ ਵੱਡੇ ਰਕਬੇ ਵਿਚ ਕਣਕ ਦੀ ਬਿਜਾਈ ਪਰਾਲੀ ਨੂੰ ਖੇਤ ਵਿਚ ਵਾਹ ਕੇ ਹੀ ਕੀਤੀ ਗਈ ਹੈ। ਭਾਵੇਂ ਕੁਝ ਕਿਸਾਨ ਬੀਤੇ 6-7 ਸਾਲ ਤੋਂ ਇਸ ਤਰੀਕੇ ਨਾਲ ਕਣਕ ਦੀ ਬਿਜਾਈ ਕਰ ਰਹੇ ਸਨ ਪਰ ਸਰਕਾਰ ਪਾਸੋਂ ਮਿਲੀ ਮਾਲੀ ਮਦਦ ਕਾਰਨ ਇਸ ਸਾਲ ਪਰਾਲੀ ਦੀ ਖੇਤ ਵਿਚ ਵਹਾਈ ਕਰ ਕੇ ਕਣਕ ਬੀਜਣ ਦੇ ਰਕਬੇ ਵਿਚ ਚੋਖਾ ਵਾਧਾ ਹੋਇਆ ਹੈ।

### ਕੀੜਿਆਂ ਦੀ ਰੋਕਥਾਮ

**ਸੈਨਿਕ ਸੁੰਡੀ** : ਇਹ ਕੀੜਾ ਕਈ ਫ਼ਸਲਾਂ ਦਾ ਨੁਕਸਾਨ ਕਰਦਾ ਹੈ। ਕਦੇ-ਕਦੇ ਮਾਰਚ-ਅਪ੍ਰੈਲ ਵਿਚ ਕਣਕ ਉੱਪਰ ਇਸ ਦਾ ਹਮਲਾ ਵੇਖਣ ਨੂੰ ਮਿਲਦਾ ਹੈ ਪਰ ਇਸ ਸਾਲ ਦਸੰਬਰ ਮਹੀਨੇ ਹੀ ਇਸ ਦਾ ਹਮਲਾ ਵੇਖਣ 'ਚ ਆਇਆ ਹੈ। ਇਸ ਦੀ ਨਵੀਂ ਜੰਮੀ ਸੁੰਡੀ ਪੱਤੇ ਖਾਂਦੀ ਹੈ ਤੇ ਵੱਡੀਆਂ ਸੁੰਡੀਆਂ ਪੱਤੇ, ਕਸੀਰ ਤੇ ਸਿੱਟਿਆਂ ਉੱਪਰ ਹਮਲਾ ਕਰਦੀਆਂ ਹਨ। ਇਹ ਸੁੰਡੀ ਦਿਨ ਸਮੇਂ ਝੋਨੇ ਦੇ ਮੁੱਢਾਂ ਤੇ ਜ਼ਮੀਨ ਦੀਆਂ ਤਰੇੜਾਂ ਵਿਚ ਲੁਕੀ ਰਹਿੰਦੀ ਹੈ ਤੇ ਸਵੇਰੇ-ਸ਼ਾਮ ਜਾਂ ਰਾਤ ਵੇਲੇ ਹਮਲਾ ਕਰਦੀ ਹੈ। ਇਸ ਦਾ ਹਮਲਾ ਬੂਟਿਆਂ ਹੇਠ ਪਈਆਂ ਇਸ ਦੀਆਂ ਮੀਂਗਣਾਂ ਤੇ ਸੁੰਡੀਆਂ ਰਾਹੀਂ ਪਛਾਣਿਆ ਜਾ ਸਕਦਾ ਹੈ। ਇਸ ਦੇ ਹਮਲੇ ਸਮੇਂ 400 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਸੂਰਜ ਛਿਪਣ ਤੋਂ ਬਾਅਦ ਕੀਤੀ ਗਈ ਸਪਰੇ ਜ਼ਿਆਦਾ ਕਾਰਗਰ ਹੁੰਦੀ ਹੈ। ਜਿਨ੍ਹਾਂ ਖੇਤਾਂ ਵਿਚ ਪਰਾਲੀ ਜ਼ਿਆਦਾ ਹੋਵੇ, ਕੀਟਨਾਸ਼ਕ ਸਪਰੇਅ ਤੋਂ ਬਾਅਦ ਹੀ ਪਾਣੀ ਲਗਾਓ। ਇਸ ਕੀੜੇ ਦੇ ਪਤੰਗੇ ਦੀ ਆਮਦ ਜਾਣਨ ਲਈ ਲਾਈਟ ਟਰੈਪ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਤਣੇ ਦੀ ਗੁਲਾਬੀ ਸੁੰਡੀ** : ਇਹ ਮੁੱਖ ਤੌਰ 'ਤੇ ਝੋਨੇ ਦਾ ਕੀੜਾ ਹੈ ਪਰ ਕੁਝ ਸਮੇਂ ਤੋਂ ਕਣਕ ਉੱਪਰ ਵੀ ਇਸ ਦਾ ਹਮਲਾ ਵੇਖਣ ਨੂੰ ਮਿਲ ਰਿਹਾ ਹੈ। ਇਸ ਤੋਂ ਇਲਾਵਾ ਇਹ ਕੀੜਾ ਮੱਕੀ ਅਤੇ ਕਮਾਦ ਉੱਪਰ ਵੀ ਹਮਲਾ ਕਰਦਾ ਹੈ। ਇਸ ਦਾ ਹਮਲਾ ਸਭ ਤੋਂ ਵੱਧ 40-50 ਦਿਨ ਦੀ ਕਣਕ ਦੀ ਫ਼ਸਲ ਉੱਪਰ ਵੇਖਣ ਨੂੰ ਮਿਲਦਾ ਹੈ। ਇਸ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣਿਆਂ 'ਚ ਮੋਰੀਆਂ ਕਰ ਕੇ ਅੰਦਰ ਚਲੀਆਂ ਜਾਂਦੀਆਂ ਹਨ ਤੇ ਅੰਦਰੂਨੀ ਮਾਦਾ ਖਾਂਦੀਆਂ ਹਨ ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ ਤੇ ਅਖ਼ੀਰ ਵਿਚ ਮਰ ਜਾਂਦੇ ਹਨ।

ਫ਼ਸਲ ਦੇ ਸਿੱਟੇ ਨਿਕਲਣ ਸਮੇਂ ਇਸ ਦੇ ਹਮਲੇ ਕਾਰਨ ਸਿੱਟੇ ਚਿੱਟੇ ਹੋ ਜਾਂਦੇ ਹਨ ਅਤੇ ਉਨ੍ਹਾਂ ਵਿਚ ਜਾਂ ਤਾਂ ਦਾਣੇ ਬਣਦੇ ਨਹੀਂ ਤੇ ਜੇ ਬਣਦੇ ਹਨ ਤਾਂ ਬਹੁਤ ਬਾਰੀਕ ਰਹਿ ਜਾਂਦੇ ਹਨ। ਇਸ ਦੀ ਰੋਕਥਾਮ ਲਈ 800 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਜੇ ਹਮਲਾ ਧੌੜੀਆਂ ਵਿਚ ਹੋਵੇ ਤਾਂ ਏਕਾਲਕਸ 25 ਈਸੀ (ਕੁਇਨਲਫਾਸ) ਨੂੰ 8 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਵਰਤ ਕੇ ਧੌੜੀਆਂ ਵਿਚ ਛਿੜਕਾਅ ਕਰੋ। •

### ਗੁਲਾਬੀ ਸੁੰਡੀ ਤੇ ਸੈਨਿਕ ਸੁੰਡੀ ਦਾ ਹਮਲਾ

ਜਿਹੜੇ ਕਿਸਾਨ ਬੀਤੇ ਕਾਫ਼ੀ ਸਮੇਂ ਤੋਂ ਇਸ ਤਰੀਕੇ ਨਾਲ ਕਣਕ ਦੀ ਬਿਜਾਈ ਕਰ ਰਹੇ ਹਨ, ਉਹ ਇਸ ਨਾਲ ਜੁੜੀਆਂ ਕੀੜੇ-ਮਕੌੜਿਆਂ ਦੀ ਸਮੱਸਿਆ ਤੋਂ ਭਲੀ ਭਾਂਤੀ ਜਾਣੂੰ ਹਨ। ਇਸ ਤਕਨੀਕ ਨਾਲ ਨਵੇਂ ਜੁੜੇ ਕਿਸਾਨਾਂ ਲਈ ਇਨ੍ਹਾਂ ਸਮੱਸਿਆਵਾਂ ਨੂੰ ਜਾਨਣਾ ਬੇਹੱਦ ਜ਼ਰੂਰੀ ਹੈ। ਖੇਤੀ ਵਿਗਿਆਨੀਆਂ ਵੱਲੋਂ ਕੀਤੇ ਗਏ ਸਰਵੇਖਣਾਂ ਮੁਤਾਬਿਕ ਪਰਾਲੀ ਵਾਲੇ ਖੇਤਾਂ 'ਚ ਕਣਕ ਦੀ ਫ਼ਸਲ ਚੰਗੀ ਹਾਲਤ ਵਿਚ ਹੈ ਪਰ ਕੁਝ ਖੇਤਾਂ ਵਿਚ ਤਣੇ ਦੀ ਗੁਲਾਬੀ ਸੁੰਡੀ ਦੀ ਸਮੱਸਿਆ ਵੇਖਣ 'ਚ ਆਈ ਹੈ। ਇਸ ਤੋਂ ਇਲਾਵਾ ਪਟਿਆਲਾ ਤੇ ਕਪੂਰਥਲਾ ਵਿਖੇ ਕੁਝ ਖੇਤਾਂ 'ਚ ਸੈਨਿਕ ਸੁੰਡੀ ਵੀ ਵੇਖਣ ਨੂੰ ਮਿਲੀ। ਆਮ ਤੌਰ ਤੇ ਸੈਨਿਕ ਸੁੰਡੀ ਦਾ ਹਮਲਾ ਮਾਰਚ-ਅਪ੍ਰੈਲ 'ਚ ਹੁੰਦਾ ਹੈ ਪਰ ਇਸ ਸਾਲ ਪਹਿਲੀ ਵਾਰ ਇਸ ਸੁੰਡੀ ਦਾ ਹਮਲਾ ਦਸੰਬਰ ਮਹੀਨੇ ਵਿਚ ਵੇਖਣ ਨੂੰ ਮਿਲਿਆ ਹੈ। ਕਿਸਾਨ ਨੂੰ ਚਾਹੀਦਾ ਹੈ ਕਿ ਉਹ ਕੀੜੇਮਾਰ ਦਵਾਈਆਂ ਦੀ ਬੇਲੋੜੀ ਵਰਤੋਂ ਨਾ ਕਰਨ ਤੇ ਨਿਰੰਤਰ ਖੇਤਾਂ ਵਿਚ ਕੀੜੇ-ਮਕੌੜਿਆਂ ਦੀ ਆਮਦ ਸਬੰਧੀ ਜਾਇਜ਼ਾ ਲੈਂਦੇ ਰਹਿਣ ਤੇ ਹਮਲਾ ਹੋਣ 'ਤੇ ਹੀ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨ।



---



ਰੂੜੀ ਦੀ ਖ਼ਾਦ 'ਚ ਮੌਜੂਦ ਕੁਦਰਤੀ ਤੱਤ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ ਉਥੇ ਰਸਾਇਣਕ ਖਾਦਾਂ 'ਤੇ ਹੋਣ ਵਾਲੇ ਖ਼ਰਚਿਆਂ ਦੀ ਬੱਚਤ ਵੀ ਹੁੰਦੀ ਹੈ...

# ਖੇਤੀ ਖ਼ਰਚੇ ਘਟਾਏ ਰੂੜੀ ਦੀ ਖਾਦ

• ਡਾ. ਨਰੇਸ਼ ਕੁਮਾਰ ਗੁਲਾਟੀ
97812-62255

ਫ਼ਸਲ ਦਾ ਵਧੇਰੇ ਝਾੜ ਲੈਣ ਲਈ ਅਸੀਂ ਰਸਾਇਣਕ ਖਾਦਾਂ ਦਾ ਵਰਤੋਂ ਤਾਂ ਕਰਦੇ ਹਾਂ ਪਰ ਇਹ ਗੱਲ ਵੀ ਬੜੀ ਅਹਿਮ ਹੈ ਕਿ ਰਸਾਇਣਾਂ ਦੀ ਵਧੇਰੇ ਵਰਤੋਂ ਕਾਰਨ ਖੇਤੀ ਖ਼ਰਚਿਆਂ 'ਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਵਾਤਾਵਰਨ ਪ੍ਰਦੂਸਣ ਵਧਦਾ ਹੈ ਤੇ ਉਪਜ ਦੇ ਮਿਆਰ ਵਿਚ ਵੀ ਗਿਰਾਵਟ ਆਉਂਦੀ ਹੈ। ਪੰਜਾਬ ਵਿਚ ਇਸ ਸਮੇਂ ਪ੍ਰਤੀ ਹੈਕਟੇਅਰ 243 ਕਿੱਲੋ ਰਸਾਇਣਕ ਖਾਦਾਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ ਤੇ ਇਹ ਦਰ ਦੇਸ਼ ਵਿਚ ਸਭ ਤੋਂ ਜ਼ਿਆਦਾ ਹੈ।

### ਫ਼ਸਲਾਂ ਲਈ ਲੋੜੀਂਦੇ 17 ਖ਼ੁਰਾਕੀ ਤੱਤ

ਵਧ ਰਹੀ ਆਬਾਦੀ ਤੇ ਵਧੇਰੇ ਝਾੜ ਲੈਣ ਲਈ ਭਾਵੇਂ ਸਾਨੂੰ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ ਪਰ ਇਨ੍ਹਾਂ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕੀਤੀ ਜਾਣੀ ਹੀ ਸਹੀ ਹੈ। ਫ਼ਸਲਾਂ ਲਈ ਖ਼ੁਰਾਕੀ ਤੱਤਾਂ ਦੀ ਲੋੜ ਅਨੁਸਾਰ ਪੂਰਤੀ ਲਈ ਅੱਜ ਕੱਲ੍ਹ ਸਰਵਪੱਖੀ ਖ਼ੁਰਾਕੀ ਤੱਤਾਂ ਦੇ ਪ੍ਰਬੰਧ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ। ਮਾਹਿਰਾਂ ਅਨੁਸਾਰ ਫ਼ਸਲ ਦੇ ਸਹੀ ਵਾਧੇ ਲਈ ਬੂਟਿਆਂ ਨੂੰ ਕਰੀਬ 17 ਖ਼ੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ। ਇਨ੍ਹਾਂ ਤੱਤਾਂ ਦੀ ਪੂਰਤੀ ਲਈ ਰਸਾਇਣਕ ਖਾਦਾਂ ਰਾਹੀਂ ਅਸੀਂ ਨਾਈਟ੍ਰੋਜਨ, ਫਾਸਫੋਰਸ ਜਾਂ ਪੋਟਾਸ਼ ਦੀ ਵਰਤੋ ਤਾਂ ਕਰਦੇ ਹਾਂ ਪਰ ਦੂਸਰੇ ਅਹਿਮ ਤੱਤਾਂ ਦੀ ਪੂਰਤੀ ਵੱਲ ਅਸੀਂ ਵਧੇਰੇ ਧਿਆਨ ਨਹੀ ਦਿੰਦੇ, ਨਤੀਜੇ ਵਜੋਂ ਕਈ ਵਾਰ ਬਿਮਾਰੀ ਦੇ ਹਮਲੇ ਤੇ ਖ਼ੁਰਾਕੀ ਤੱਤਾਂ ਦੀ ਘਾਟ ਕਾਰਨ ਝਾੜ 'ਚ ਕਮੀ ਆ ਜਾਂਦੀ ਹੈ।

### ਰੂੜੀ ਦੀ ਖ਼ਾਦ ਤਿਆਰ ਕਰਨਾ

ਰੂੜੀ ਦੀ ਖਾਦ ਨੂੰ ਬਣਾਉਣ ਲਈ ਟੋਇਆ ਦੀ ਵਰਤੋਂ ਕਰੋ। ਤਿੰਨ ਤੋਂ ਪੰਜ ਪਸ਼ੂਆਂ ਦੇ ਮਲ-ਮੂਤਰ ਲਈ 6-7 ਮੀਟਰ ਲੰਬਾ, ਇਕ ਤੋਂ ਡੇਢ ਮੀਟਰ ਚੌੜਾ ਤੇ ਇਕ ਮੀਟਰ ਡੂੰਘਾ ਟੋਇਆ ਕਾਫ਼ੀ ਹੈ। ਟੋਏ ਦਾ ਆਕਾਰ ਗੋਹੇ ਦੀ ਉਪਲਬਧਤਾ ਅਨੁਸਾਰ ਘੱਟ-ਵੱਧ ਵੀ ਕੀਤਾ ਸਕਦਾ ਹੈ। ਟੋਏ ਨੂੰ ਗੋਬਰ, ਮਲ-ਮੂਤਰ, ਘਾਹ-ਫੂਸ, ਪੱਤਿਆ ਆਦਿ ਨਾਲ ਭਰ ਕੇ ਜ਼ਮੀਨ ਦੇ ਪੱਧਰ ਤੋਂ ਡੇਢ-ਦੋ ਫੁੱਟ ਉੱਚਾ ਹੋ ਜਾਣ 'ਤੇ ਇਸ ਉੱਪਰ ਗੋਹੇ ਤੇ ਮਿੱਟੀ ਦਾ ਪਤਲਾ ਲੇਪ ਕਰ ਦੇਵੋ। 3-4 ਮਹੀਨੇ ਵਿਚ ਟੋਏ ਵਿਚਲੇ ਪਦਾਰਥ ਬਿਹਤਰੀਨ ਰੂੜੀ ਖਾਦ ਦਾ ਰੂਪ ਲੈ ਲੈਂਦੇ ਹਨ। ਇਕ ਟੋਏ ਤੋ 5 ਤੋਂ 6 ਟਨ ਰੂੜੀ ਖਾਦ ਤਿਆਰ ਹੁੰਦੀ ਹੈ। ਰੂੜੀ ਖਾਦ ਤਿਆਰ ਕਰਨ ਦੇ ਇਹ ਹੋਰ ਤਰੀਕੇ ਰਾਹੀਂ ਜ਼ਮੀਨ ਦੇ ਉੱਪਰ 10 ਫੁੱਟ×6 ਫੁੱਟ×3 ਫੁੱਟ ਦਾ ਟੋਇਆ 9 ਇੰਚ ਮੋਟੀ ਦੀਵਾਰ ਬਣਾ ਕੇ ਤਿਆਰ ਕੀਤਾ ਜਾਂਦਾ ਹੈ। ਇਸ ਦੀਆਂ ਦੀਵਾਰਾਂ ਵਿਚ ਹਵਾ ਦੇ ਸੰਚਾਰ ਵਾਸਤੇ 7 ਇੰਚ ਦੀਆਂ ਮੋਰੀਆਂ ਰੱਖੀਆਂ ਜਾਂਦੀਆਂ ਹਨ। ਇਸ ਨਾਲ ਹਵਾ ਉਸਾਰੇ ਗਏ ਢਾਂਚੇ ਦੇ ਅੰਦਰ ਜਾਂਦੀ ਰਹਿੰਦੀ ਹੈ ਅਤੇ ਕਾਫ਼ੀ ਘੱਟ ਸਮੇਂ ਵਿਚ ਰੂੜੀ ਦੀ ਖਾਦ ਤਿਆਰ ਕੀਤੀ ਜਾ ਸਕਦੀ ਹੈ।

### ਰੂੜੀ ਦੀ ਖ਼ਾਦ ਦੇ ਹੋਰ ਬਦਲ

ਇਕ ਸਹਿਤਮੰਦ ਪਸ਼ੂ ਸਾਲ ਵਿਚ 40 ਕਿੱਲੋਮ ਨਾਈਟ੍ਰੋਜਨ, 31-35 ਕਿੱਲੋ ਪੋਟਾਸ਼ ਤੇ ਹੋਰ ਤੱਤ ਗੋਹੇ ਤੇ ਮਲ-ਮੂਤਰ ਰਾਹੀਂ ਸਰੀਰ 'ਚੋਂ ਖਾਰਜ ਕਰਦਾ ਹੈ। ਇਸ ਤੋ ਇਲਾਵਾ ਪੋਲਟਰੀ ਫਾਰਮ, ਪ੍ਰੈੱਸ-ਮਡ, ਕੰਮਪੋਸਟ ਆਦਿ ਦਾ ਇਸਤੇਮਾਲ ਕਰ ਕੇ ਵੀ ਰੂੜੀ ਦੀ ਖਾਦ ਤਿਆਰ ਕੀਤੀ ਜਾ ਸਕਦੀ ਹੈ। ਪਸ਼ੂਆਂ ਦੀ ਗਿਣਤੀ ਅਨੁਸਾਰ 2 ਤੋਂ 3 ਟੋਏ ਪੁੱਟਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਰੂੜੀ ਖਾਦ ਦੀ ਪੂਰਤੀ ਨਿਰਵਿਘਨ ਜਾਰੀ ਰੱਖੀ ਜਾ ਸਕੇ। ਅੱਜ ਕੱਲ੍ਹ ਗੰਡੋਇਆਂ ਰਾਹੀਂ ਵੀ ਰੂੜੀ ਦੀ ਖਾਦ ਤਿਆਰ ਕੀਤੀ ਜਾ ਰਹੀ ਹੈ। ਇਹ ਖਾਦ ਜਲਦੀ ਤਿਆਰ ਹੁੰਦੀ ਹੈ ਤੇ ਇਸ ਦੀ ਵਿਕਰੀ ਸਹਾਇਕ ਕਿੱਤੇ ਦਾ ਰੂਪ ਵੀ ਅਖ਼ਤਿਆਰ ਕਰ ਰਹੀ ਹੈ। ਬਹੁਤ ਸਾਰੇ ਨੌਜਵਾਨ ਵਰਮੀਕੰਪੋਸਟ ਤੇ ਗਡੋਇਆਂ ਆਦਿ ਦੀ ਵਿਕਰੀ ਕਰ ਕੇ ਚੰਗਾ ਲਾਭ ਕਮਾ ਰਹੇ ਹਨ।

### ਦੇਸੀ ਖਾਦ ਦੇ ਫ਼ਾਇਦੇ

- ਰੂੜੀ ਦੀ ਖਾਦ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਦੀ ਹੈ ਅਤੇ ਜਮੀਨ ਦੀ ਭੌਤਿਕ, ਰਸਾਇਣਿਕ ਤੇ ਜੈਵਿਕ ਸ਼ਕਤੀ 'ਚ ਸੁਧਾਰ ਕਰਦੀ ਹੈ।
- ਰੂੜੀ ਦੀ ਖਾਦ ਦੀ ਵਰਤੋ ਨਾਲ ਪਾਣੀ ਨੂੰ ਸੰਭਾਲਣ ਦੀ ਜ਼ਮੀਨ ਦੀ ਸ਼ਕਤੀ 'ਚ ਸੁਧਾਰ ਹੁੰਦਾ ਹੈ।
- ਇਹ ਜ਼ਮੀਨ ਦੀ ਭੋਇੰ-ਖੋਰ ਨੂੰ ਰੋਕਦੀ ਹੈ।
- ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਵਿਚ 1.2 ਤੋ 2 ਫ਼ੀਸਦੀ ਨਾਈਟ੍ਰੋਜਨ, 0.5 ਤੋ 0.7 ਫ਼ੀਸਦੀ ਫਾਸਫੋਰਸ ਤੇ 1.2 ਤੋ 2.6 ਫ਼ੀਸਦੀ ਪੋਟਾਸ਼ ਤੱਤ ਦਾ ਹੈ। ਇਸ ਤੋ ਇਲਾਵਾ ਰੂੜੀ ਵਿਚ 0.2 ਤੋ 3.8 ਫ਼ੀਸਦੀ ਕੈਲਸ਼ੀਅਮ, 0.2 ਤੋ 0.7 ਫ਼ੀਸਦੀ ਮੈਗਨੀਸ਼ੀਅਮ ਤੇ 0.3 ਤੋ 0.5 ਫ਼ੀਸਦੀ ਗੰਧਕ ਤੱਤ ਵੀ ਹੁੰਦਾ ਹੈ। ਇਸ ਤੋਂ ਇਲਾਵਾ ਰੂੜੀ ਦੀ ਖਾਦ ਵਿਚ ਕਰੀਬ 100 ਮਿਲੀਗ੍ਰਾਮ ਪ੍ਰਤੀ ਕਿੱਲੋ ਜ਼ਿੰਕ, 200 ਤੋ 3500 ਮਿਲੀਗ੍ਰਾਮ ਪ੍ਰਤੀ ਕਿੱਲੋ ਲੋਹਾ, 100-300 ਮਿਲੀਗ੍ਰਾਮ ਪ੍ਰਤੀ ਕਿੱਲੋ ਮੈਂਗਨੀਜ, ਬੋਰੋਨ, ਮੋਲੀਬਡੀਨਮ, ਤਾਂਬਾ ਆਦਿ ਤੱਤ ਵੀ ਹੁੰਦੇ ਹਨ।
- ਰੂੜੀ ਵਿਚ ਵਧੇਰੇ ਜੈਵਿਕ ਕਾਰਬਨ ਹੋਣ ਕਾਰਨ ਇਹ ਜ਼ਮੀਨ ਵਿਚ ਸੂਖ਼ਮ ਜੀਵਾਂ ਦੇ ਵਾਧੇ 'ਚ ਸਹਾਈ ਹੁੰਦੀ ਹੈ ਤੇ ਇਸ ਨਾਲ ਜ਼ਮੀਨ ਵਿਚ ਨਾ ਉਪਲਬਧ ਖ਼ੁਰਾਕੀ ਤੱਤ ਸੌਖਿਆਂ ਹੀ ਉਪਲਬਧ ਹੋ ਜਾਂਦੇ ਹਨ।
- ਰੂੜੀ 'ਚ ਮੌਜੂਦ ਖ਼ੁਰਾਕੀ ਤੱਤ ਹੌਲੀ-ਹੌਲੀ ਫ਼ਸਲਾਂ ਨੂੰ ਉਪਲਬਧ ਹੁੰਦੇ ਹਨ, ਜਿਸ ਨਾਲ ਲੰਬੇ ਸਮੇਂ ਤਕ ਫ਼ਸਲਾਂ ਨੂੰ ਖ਼ੁਰਾਕ ਮਿਲਦੀ ਰਹਿੰਦੀ ਹੈ। ਮਾਹਿਰਾਂ ਅਨੁਸਾਰ 6 ਟਨ ਪ੍ਰਤੀ ਏਕੜ ਰੂੜੀ ਖਾਦ ਵਰਤਣ ਨਾਲ ਝੋਨੇ ਤੇ ਮੱਕੀ ਵਿਚ 16 ਕਿੱਲੋ ਤੇ ਕਣਕ ਵਿਚ 12 ਕਿਲੋ ਨਾਈਟ੍ਰੋਜਨ ਅਤੇ 6 ਕਿੱਲੋ ਫਾਸਫੋਰਸ ਦੀ ਵਰਤੋਂ ਸਿੱਧੇ ਤੌਰ 'ਤੇ ਘਟਾਈ ਜਾ ਸਕਦੀ ਹੈ। •



### ਸਰਵਪੱਖੀ ਤੱਤ ਪ੍ਰਬੰਧ

ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਸੱਮਸਿਆ ਦੇ ਹੱਲ ਲਈ ਫ਼ਸਲਾਂ ਨੂੰ ਖਾਦਾਂ ਦੀ ਵਰਤੋਂ ਸਰਵਪੱਖੀ ਤੱਤਾਂ ਦੇ ਪ੍ਰਬੰਧ ਦੇ ਆਧਾਰ 'ਤੇ ਕੀਤੀ ਜਾਵੇ। ਇਸ ਫਾਰਮੂਲੇ ਵਿਚ ਰੂੜੀ ਦੀਆਂ ਖਾਦਾਂ ਦਾ ਇਸਤੇਮਾਲ ਅਹਿਮ ਹੈ। ਪਸ਼ੂਆਂ ਦੇ ਗੋਬਰ ਤੇ ਮਲ-ਮੂਤਰ ਵਿਚ ਕੁਦਰਤੀ ਤੌਰ 'ਤੇ ਫ਼ਸਲਾਂ ਦੇ ਵਾਧੇ ਲਈ ਲੋੜੀਂਦੇ ਕਰੀਬ ਸਾਰੇ ਖ਼ੁਰਾਕੀ ਤੱਤ ਹੁੰਦੇ ਹਨ। ਪਿੰਡਾਂ ਵਿਚ ਜ਼ਿਆਦਾਤਰ ਕਿਸਾਨਾਂ ਕੋਲ ਪਸ਼ੂ ਤਾਂ ਹਨ ਪਰ ਅਸੀਂ ਪਸ਼ੂਆਂ ਦੇ ਗੋਬਰ ਨੂੰ ਜਾਇਆ ਕਰ ਦਿੰਦੇ ਹਾਂ। ਗੋਬਰ ਦੀ ਵਰਤੋਂ ਜੇ ਰੂੜੀ ਖਾਦ ਲਈ ਕੀਤੀ ਜਾਵੇ ਤਾਂ ਵਾਧੂ ਖੇਤੀ ਖ਼ਰਚਿਆਂ ਉੱਪਰ ਰੋਕ ਦੇ ਨਾਲ-ਨਾਲ ਕਈ ਅਹਿਮ ਫ਼ਾਇਦੇ ਹੋ ਸਕਦੇ ਹਨ। ਰੂੜੀ ਖ਼ਾਦ ਦੇ ਗੁਣਾਂ ਦੇ ਆਧਾਰ 'ਤੇ ਹੀ ਮਾਹਿਰ ਇਸ ਨੂੰ 'ਕਾਲਾ ਸੋਨਾ' ਆਖਦੇ ਹਨ।



# ਸ਼ੈਂਪੂ ਨਾਲੋਂ ਜ਼ਿਆਦਾ ਇਹ ਚੀਜ਼ਾਂ ਹਨ ਅਸਰਦਾਰ

ਹਰ ਕੋਈ ਚਾਹੁੰਦਾ ਹੈ ਕਿ ਮੇਰੇ ਵਾਲ਼ ਕੋਮਲ ਤੇ ਮਜ਼ਬੂਤ ਹੋਣ, ਇਸ ਲਈ ਕਈ ਲੋਕ ਮਹਿੰਗੇ ਤੋਂ ਮਹਿੰਗੇ ਸ਼ੈਂਪੂ ਦਾ ਇਸਤੇਮਾਲ ਕਰਦੇ ਹਨ। ਪੁਰਾਣੇ ਸਮਿਆਂ 'ਚ ਲੋਕ ਸ਼ੈਂਪੂ ਨਹੀਂ ਬਲਕਿ ਘਰੇਲੂ ਨੁਸਖ਼ਿਆਂ ਨਾਲ ਆਪਣੇ ਵਾਲ਼ਾਂ ਨੂੰ ਖ਼ੂਬਸੂਰਤ ਬਣਾਉਂਦੇ ਸਨ। ਲੋਕ ਕਾਲੀ ਮਿੱਟੀ ਵਰਗੀਆਂ ਚੀਜ਼ਾਂ ਦਾ ਸੇਵਨ ਕਰਦੇ ਸਨ, ਜਿਸ ਨਾਲ ਵਾਲ਼ਾਂ 'ਚ ਸ਼ਾਈਨਿੰਗ ਆਉਂਦੀ ਸੀ। ਇਨ੍ਹਾਂ ਚੀਜ਼ਾਂ 'ਚ ਵਿਟਾਮਿਨ ਤੇ ਮਿਨਰਲਸ ਪਾਏ ਜਾਂਦੇ ਹਨ। ਜਿਸ ਨਾਲ ਵਾਲ਼ਾਂ ਦਾ ਪੀਐੱਚ ਲੈਵਲ ਬਰਾਬਰ ਹੁੰਦਾ ਹੈ ਤੇ ਵਾਲ਼ ਸੋਹਣੇ ਹੁੰਦੇ ਸਨ।

**ਮੁਲਤਾਨੀ ਮਿੱਟੀ** - ਮੁਲਤਾਨੀ ਮਿੱਟੀ ਚਮੜੀ ਤੇ ਵਾਲ਼ਾਂ ਲਈ ਬਹੁਤ ਹੀ

ਰਸ ਮਿਲਾ ਕੇ ਵਾਲ਼ਾਂ 'ਤੇ ਲਗਾਓ। ਇਸ ਨਾਲ ਵਾਲ਼ਾਂ ਨੂੰ ਕਾਫੀ ਫ਼ਾਇਦਾ ਮਿਲੇਗਾ।

**ਚੌਲਾਂ ਦਾ ਪਾਣੀ** - ਜਾਪਾਨੀ ਔਰਤਾਂ ਦੇ ਵਾਲ਼ ਕਾਫੀ ਚਮਕਦਾਰ ਹੁੰਦੇ ਹਨ।

ਪਾਣੀ ਦਾ ਸੇਵਨ ਕਰਦੀਆਂ ਹਨ। ਇਸ ਦੇ ਸੇਵਨ ਨਾਲ ਵਾਲ਼ਾਂ ਦੀਆਂ ਜੜ੍ਹਾਂ ਦੀ ਚੰਗੀ ਤਰ੍ਹਾਂ ਸਫ਼ਾਈ ਹੋ ਜਾਂਦੀ ਹੈ।

**ਕਾਲੀ ਮਿੱਟੀ** - ਸ਼ਾਈਨਿੰਗ

ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਨੂੰ ਪਾਣੀ 'ਚ ਮਿਲਾ ਕੇ 2 ਮਿੰਟ ਬਾਅਦ ਵਾਲ਼ਾਂ ਨੂੰ ਧੋ ਲਓ। ਇਸ ਨਾਲ ਵਾਲ਼ਾਂ ਨੂੰ ਕਾਫੀ ਫ਼ਾਇਦਾ ਹੋਵੇਗਾ।

**ਆਂਵਲਾ** - ਜੇ ਅਸੀਂ ਵਾਲ਼ਾਂ ਦੀ ਸ਼ਾਈਨਿੰਗ ਦੀ ਗੱਲ ਕਰੀਏ ਤਾਂ ਆਂਵਲਾ ਵੀ ਬਹੁਤ ਵਧੀਆ ਹੈ। ਆਂਵਲੇ

'ਚ ਰੀਠਾ ਮਿਲਾ ਕੇ ਵਾਲ਼ਾਂ ਦੀਆਂ ਜੜ੍ਹਾਂ 'ਚ ਲਗਾਓ। ਬਾਅਦ 'ਚ ਵਾਲ਼ਾਂ ਨੂੰ ਧੋ ਲਓ ਇਸ ਨਾਲ ਵਾਲ਼ ਝੜਨੇ ਬੰਦ ਹੋ ਜਾਣਗੇ, ਚਮਕ ਆਵੇਗੀ ਤੇ ਮਜ਼ਬੂਤ



# ਹਲਦੀ ਵਾਲਾ ਨਿੰਬੂ ਪਾਣੀ ਸਿਹਤ ਲਈ ਗੁਣਕਾਰੀ

ਗਰਮੀ ਦੇ ਮੌਸਮ 'ਚ ਤੰਦਰੁਸਤ ਰਹਿਣ ਲਈ ਨਿੰਬੂ ਪਾਣੀ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਨਿੰਬੂ ਪਾਣੀ ਨਾ ਸਿਰਫ਼ ਸਾਨੂੰ ਡੀਹਾਈਡ੍ਰੇਸ਼ਨ ਤੋਂ ਹੀ ਨਹੀਂ ਬਚਾਉਂਦਾ ਬਲਕਿ ਸਾਡੇ ਸਰੀਰ ਦੇ ਬਹੁਤ ਸਾਰੇ ਇਸ ਤਰ੍ਹਾਂ ਦੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ ਜੋ ਸਾਡੇ ਸਰੀਰ ਲਈ ਹਾਨੀਕਾਰਕ ਹੁੰਦੇ ਹਨ। ਵੈਸੇ ਤਾਂ ਨਿੰਬੂ ਪਾਣੀ ਆਪਣੇ ਆਪ 'ਚ ਹੀ ਕਾਫੀ ਹੈ ਪਰ ਜੇ ਨਿੰਬੂ ਪਾਣੀ 'ਚ ਹਲਦੀ ਮਿਲਾ ਕੇ ਪੀਤਾ ਜਾਵੇ ਤਾਂ ਇਸ ਦੇ ਬਹੁਤ ਸਾਰੇ ਫ਼ਾਇਦੇ ਹਨ।

### ਖਾਂਸੀ ਤੇ ਸਰਦੀ ਤੋਂ ਰਾਹਤ

ਹਾਲਾਂਕਿ ਨਿੰਬੂ ਪਾਣੀ ਠੰਢਕ ਦੇਣ ਲਈ ਜਾਣਿਆ ਜਾਂਦਾ ਹੈ ਪਰ ਜੇ ਇਸ 'ਚ ਹਲਦੀ ਮਿਲਾ ਕੇ ਪੀਤਾ ਜਾਵੇ ਤਾਂ ਖਾਂਸੀ ਤੋਂ ਛੁਟਕਾਰਾ ਪਾਇਆ ਜਾਂਦਾ ਹੈ।

### ਮੋਟਾਪਾ

ਜੇ ਭਾਰ ਘੱਟ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਨਿੰਬੂ ਪਾਣੀ 'ਚ ਹਲਦੀ ਪਾ ਕੇ ਪੀਓ ਇਸ ਨਾਲ ਭਾਰ ਘੱਟ ਹੋ ਜਾਵੇਗਾ।

### ਕਿਡਨੀ ਤੇ ਲਿਵਰ

ਜੇ ਤੁਹਾਨੂੰ ਕਿਡਨੀ ਜਾਂ ਲਿਵਰ ਸਬੰਧੀ ਕੋਈ ਪਰੇਸ਼ਾਨੀ ਹੈ ਤਾਂ ਨਿੰਬੂ ਪਾਣੀ 'ਚ ਹਲਦੀ ਦਾ ਸੇਵਨ ਕਰਨਾ ਚਾਹੀਦਾ ਹੈ ਇਸ ਦੇ ਸੇਵਨ ਨਾਲ ਛੁਟਕਾਰਾ ਪਾਇਆ ਜਾ ਸਕਦਾ ਹੈ।

### ਪਾਚਨ ਸ਼ਕਤੀ

ਹਲਦੀ ਵਾਲੇ ਨਿੰਬੂ ਪਾਣੀ ਨਾਲ ਪਾਚਨ ਸ਼ਕਤੀ ਠੀਕ ਹੋ ਜਾਂਦੀ ਹੈ। ਕਈ ਵਾਰ ਜਦੋਂ ਅਸੀਂ ਕੁੱਝ ਖਾਂਦੇ ਹਾਂ ਤਾਂ ਪਚਦਾ ਨਹੀਂ ਉਸ ਸਥਿਤੀ 'ਚ ਇਸ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ।

### ਦਿਲ ਰਹੇ ਤੰਦਰੁਸਤ

ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਦਿਲ ਦੀਆਂ ਬਿਮਾਰੀਆਂ ਆਮ ਹੁੰਦੀਆਂ ਜਾ ਰਹੀਆਂ ਹਨ। ਹਲਦੀ ਵਾਲਾ ਨਿੰਬੂ ਪਾਣੀ-ਪੀਣ ਨਾਲ ਦਿਲ ਤੰਦਰੁਸਤ ਰਹਿੰਦਾ ਹੈ ਤੇ ਦਿਲ ਸੰਬੰਧੀ ਹੋਰ ਵੀ ਕਈ ਬਿਮਾਰੀਆਂ ਨੂੰ ਰਾਹਤ ਮਿਲਦੀ ਹੈ।

### ਪਿਸ਼ਾਬ ਸਬੰਧੀ ਤਕਲੀਫ਼ਾਂ

ਹਲਦੀ ਵਾਲੇ ਨਿੰਬੂ ਪਾਣੀ ਨਾਲ ਪਿਸ਼ਾਬ ਸਬੰਧੀ ਸਾਰੀਆਂ ਹੀ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ। ਇਸ ਲਈ ਗਰਮੀ ਦੇ ਦਿਨਾਂ 'ਚ ਇਸ ਪਾਣੀ ਦਾ 3 ਵਾਰ ਸੇਵਨ ਕਰ ਲੈਣਾ ਚਾਹੀਦਾ ਹੈ।

### ਜੋੜਾਂ ਦਾ ਦਰਦ

ਜੋੜਾਂ ਦੇ ਦਰਦ ਤੋਂ ਰਾਹਤ ਪਾਉਣ ਲਈ ਹਲਦੀ ਵਾਲੇ ਪਾਣੀ ਦਾ ਸੇਵਨ ਕਰੋ ਇਹ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ।

### ਕਮਜ਼ੋਰੀ ਕਰੇ ਦੂਰ

ਜੇ ਤੁਹਾਨੂੰ ਬਹੁਤ ਜ਼ਿਆਦਾ ਕਮਜ਼ੋਰੀ ਮਹਿਸੂਸ ਹੋ ਰਹੀ ਹੈ ਤਾਂ ਹਲਦੀ ਵਾਲਾ ਨਿੰਬੂ ਪਾਣੀ-ਪੀਣ ਨਾਲ ਐਨਰਜੀ ਮਿਲ ਸਕਦੀ ਹੈ। ਇਸ ਦਾ ਸੇਵਨ ਕਰਨਾ ਬਹੁਤ ਜ਼ਰੂਰੀ ਹੈ।

# ਮੈਡੀਕਲ ਐਮਰਜੈਂਸੀਆਂ ਨੂੰ ਕਿਵੇਂ ਸੰਭਾਲੀਏ



ਡਾ. ਅਜੀਤ ਐਸ.ਪੁਰੀ
93162-20136

ਸਮੇਂ-ਸਮੇਂ 'ਤੇ ਆਉਣ ਵਾਲੇ ਹੜ੍ਹ, ਅੱਗ,ਯੁੱਧ, (ਹਵਾਈ ਹਮਲੇ), ਸੁਨਾਮੀ, ਭੂਚਾਲ, ਮਹਾਂਮਾਰੀ ਅਤੇ ਇੱਥੋਂ ਤਕ ਰੋਜ਼ਾਨਾ ਦੀਆਂ ਮੈਡੀਕਲ ਐਮਰਜੈਂਸੀਆਂ ਨੂੰ ਸੰਭਾਲਣ ਲਈ ਹਰੇਕ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਅਜਿਹੀ ਹਾਲਤ 'ਚ ਕੀ ਕਰਨਾ ਚਾਹੀਦਾ ਹੈ। ਉੱਤਰਾਖੰਡ 'ਚ ਆਈ ਸੁਨਾਮੀ ਅਤੇ ਇਸ ਤਰ੍ਹਾਂ ਦੀਆਂ ਛੋਟੀਆਂ ਵੱਡੀਆਂ ਘਟਨਾਵਾਂ ਜੋ ਕਿ ਭਾਰਤ ਅਤੇ ਹੋਰ ਦੇਸ਼ਾਂ 'ਚ ਹੁੰਦੀਆਂ ਰਹਿੰਦੀਆਂ ਹਨ, ਕੋਈ ਅਸਾਧਾਰਨ ਗੱਲ ਨਹੀਂ ਹੈ। ਇਸ ਤੋਂ ਇਲਾਵਾ ਸੱਟਾਂ ਵੱਜਣਾ, ਹੱਡੀਆਂ ਦਾ ਟੁੱਟਣਾ, ਭੁੱਖਮਰੀ, ਸਰੀਰ ਦਾ ਪਾਣੀ ਖ਼ਤਮ ਹੋ ਜਾਣਾ, ਗੰਦੇ ਪਾਣੀ ਜਾਂ ਰੋਟੀ ਦੁਆਰਾ ਪੇਟ ਦੀਆਂ ਬਿਮਾਰੀਆਂ, ਸੱਪ ਜਾਂ ਪਾਗਲ ਕੁੱਤੇ ਦਾ ਕੱਟਣਾ, ਬਿੱਛੂ ਦਾ ਡੰਗਣਾ, ਆਦਿ ਮੁਸੀਬਤਾਂ ਨੂੰ ਹੋਰ ਵੀ ਵਧਾਉਂਦੇ ਹਨ। ਹਾਰਟ ਅਟੈਕ, ਦੌਰੇ ਪੈਣਾ, ਬੇਹੋਸ਼ੀ ਤੱਤਕਾਲ ਧਿਆਨ ਦੇਣਯੋਗ ਹਨ। ਜਿਸ ਵਿਅਕਤੀ ਨੂੰ ਜ਼ਰੂਰੀ ਐਮਰਜੈਂਸੀ ਚਿਕਿਤਸਾ ਦੀ ਜਾਣਕਾਰੀ ਹੁੰਦੀ ਹੈ ਉਹ ਮਰੀਜ਼ ਦੀ ਜਾਨ ਬਚਾ ਸਕਦਾ ਹੈ ਜਦੋਂ ਤਕ ਉਸ ਨੂੰ ਲੋੜੀਂਦਾ ਇਲਾਜ ਨਹੀਂ ਮਿਲਦਾ। ਇਸ ਲਈ ਹਰੇਕ ਵਿਅਕਤੀ ਨੂੰ ਖ਼ਾਸ ਤੌਰ 'ਤੇ ਸਫ਼ਰ ਉੱਤੇ ਜਾਂਦੇ ਹੋਏ ਆਪਣੇ ਨਾਲ ਜ਼ਰੂਰੀ ਦਵਾਈਆਂ ਤੋਂ ਇਲਾਵਾ ਕੁੱਝ ਹੋਰ ਉਪਕਰਨ ਰੱਖਣ ਦੀ ਲੋੜ ਹੈ।

### ਜ਼ਖ਼ਮ

ਜ਼ਖ਼ਮ ਨੂੰ ਕਿਸੀ ਐਂਟੀਸੈਪਟਿਕ ਲੋਸ਼ਨ ਨਾਲ ਸਾਫ਼ ਕਰਨ ਦੀ ਲੋੜ ਹੈ ਅਤੇ ਜ਼ਖ਼ਮ 'ਚ ਜੇ ਕੋਈ ਬਾਹਰੀ ਪਦਾਰਥ ਹੋਵੇ ਤਾਂ ਬਾਹਰ ਕੱਢਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਗੰਭੀਰ ਰੂਪ 'ਚ ਖ਼ੂਨ ਵਗ ਰਿਹਾ ਹੋਵੇ ਤਾਂ ਉਹ ਅੰਗ ਜਿਵੇਂ ਲੱਤ ਨੂੰ ਉਪਰ ਵੱਲ ਨੂੰ ਉਠਾ ਦਿਓ ਅਤੇ ਕਿਸੇ ਮਜ਼ਬੂਤ ਪੱਟੀ ਨਾਲ ਬੰਨ੍ਹ ਦਿਓ। ਅੱਧੇ ਘੰਟੇ ਤੋਂ ਵੱਧ ਸਮੇਂ ਤਕ ਨਹੀਂ ਬੰਨ੍ਹਣਾ ਚਾਹੀਦਾ ਅਤੇ ਬੰਨ੍ਹਣ ਦੀ ਕਿਰਿਆ ਮੁੱਢ ਦੁਹਰਾਈ ਜਾ ਸਕਦੀ ਹੈ। ਟੈਟਨਸ ਤੋਂ ਬਚਣ ਲਈ ਐਂਟੀ-ਟੈਟਨਸ ਇੰਜੈਕਸ਼ਨ ਦੀ ਲੋੜ ਹੈ। ਐਂਟੀਬਾਇਓਟਿਕਸ ਅਤੇ ਦਰਦ ਨੂੰ ਰੋਕਣ ਵਾਲੀਆਂ ਦਵਾਈਆਂ ਦੀ ਵੀ ਲੋੜ ਪੈਂਦੀ ਹੈ।

### ਸਿਰ, ਛਾਤੀ ਅਤੇ ਪੇਟ ਦੀ ਸੱਟ

ਸਿਰ ਦੀ ਹੱਡੀ, ਪਸਲੀਆਂ ਅਤੇ ਰੀੜ੍ਹ ਦੀ ਹੱਡੀ ਟੁੱਟ ਸਕਦੀ ਹੈ। ਜੇ ਅੰਤੜੀਆਂ ਸੱਟ ਕਾਰਨ, ਢਿੱਡ ਤੋਂ ਬਾਹਰ ਨਿਕਲ ਜਾਣ ਤਾਂ ਉਨ੍ਹਾਂ ਉੱਤੇ ਸਟੈਰਾਲਾਈਜ਼ਡ ਗੌਜ਼ ਅਤੇ ਕੋਟਨ ਰੱਖ ਕੇ ਢਿਲੀ ਪੱਟੀ ਢਿੱਡ ਦੇ ਆਲੇ-ਦੁਆਲੇ ਬੰਨ੍ਹ ਦੇਣੀ ਚਾਹੀਦੀ। ਕਦੇ ਵੀ ਬਾਹਰ ਨਿਕਲੀਆਂ ਅੰਤੜੀਆਂ ਨੂੰ ਜ਼ਬਰਦਸਤੀ ਢਿੱਡ ਦੇ ਅੰਦਰ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

### ਝੁਲਸਣਾ

ਝੁਲਸਣ ਦੀ ਹਾਲਤ 'ਚ ਮਰੀਜ਼ ਨੂੰ ਸਾਫ਼ ਕੱਪੜੇ 'ਚ ਲਪੇਟ ਦੇਣਾ ਚਾਹੀਦਾ ਹੈ। ਮਾਮੂਲੀ ਝੁਲਸਣ ਦਾ ਜ਼ਖ਼ਮ ਦੀ ਤਰ੍ਹਾਂ ਇਲਾਜ ਕਰਨਾ ਚਾਹੀਦਾ ਹੈ।

### ਬਨਾਉਟੀ ਸਾਹ

ਇਸ ਦੀ ਲੋੜ ਉਸ ਸਮੇਂ ਪੈਂਦੀ ਹੈ ਜਦੋਂ ਮਰੀਜ਼ ਠੀਕ ਤਰ੍ਹਾਂ ਨਾਲ ਸਾਹ ਨਾ ਲੈ ਰਿਹਾ ਹੋਵੇ ਜਿਵੇਂ ਕਿ ਪਾਣੀ 'ਚ ਡੁੱਬਣ ਨਾਲ ਜਾਂ ਦਿਲ ਦਾ ਦੌਰਾ ਪੈਣ ਨਾਲ, ਮਰੀਜ਼ ਨੂੰ ਬਿਨਾਂ ਸਰ੍ਹਾਣੇ ਤੋਂ ਜ਼ਮੀਨ ਉੱਤੇ ਲੰਮਾ ਪਾ ਦਿਓ। ਜਬਾੜਾ ਫੜ ਕੇ ਗਰਦਨ ਨੂੰ ਹੌਲੀ ਜਿਹੀ ਪਿਛਲੇ ਪਾਸੇ ਖਿੱਚੋ। ਫਿਰ ਉਪਰੋਕਤ ਦੱਸੇ ਅਨੁਸਾਰ ਮੂੰਹ ਦੁਆਰਾ ਮੂੰਹ 'ਚ ਸਾਹ ਦਿਓ। ਬੱਚਿਆਂ ਨਾਲ ਅਜਿਹੀ ਅਵਸਥਾ 'ਚ ਨੱਕ ਅਤੇ ਮੂੰਹ 'ਚ ਇੱਕਠੇ ਸਾਹ ਛੱਡੋ, ਜਦ ਕਿ ਵੱਡਿਆਂ 'ਚ ਉਂਗਲਾਂ ਦੀ ਸਹਾਇਤਾ ਨਾਲ ਨੱਕ ਬੰਦ ਕਰ ਦਿਓ।

ਜੇ ਸੰਭਵ ਹੋਵੇ ਤਾਂ ਬਨਾਉਟੀ ਸਾਹ, ਪ੍ਰੋਨ ਪ੍ਰੈਸ਼ਰ ਵਿਧੀ ਨਾਲ ਦਿੱਤਾ ਜਾ ਸਕਦਾ ਹੈ। ਇਸ ਅਵਸਥਾ 'ਚ ਮਰੀਜ਼ ਨੂੰ ਜ਼ਮੀਨ ਵੱਲ ਉਲਟਾ ਕਰ ਕੇ ਲੰਮਾ ਪਾ ਦਿਉ ਜਿਸ ਨਾਲ ਛਾਤੀ ਅਤੇ ਢਿੱਡ ਦਾ ਸੰਪਰਕ ਜ਼ਮੀਨ ਨਾਲ ਹੋ ਜਾਵੇ। ਇਸ ਤਰ੍ਹਾਂ ਜੀਭ ਪਿੱਛੇ ਵੱਲ ਨਹੀਂ ਡਿੱਗਦੀ ਅਤੇ ਹਵਾ ਆਉਣ ਦੇ ਰਸਤੇ 'ਚ ਰੁਕਾਵਟ ਨਹੀਂ ਪੈਂਦੀ। ਵਿਅਕਤੀ ਜ਼ਮੀਨ ਉੱਤੇ ਦੋਵੇਂ ਗੋਡੇ ਮਰੀਜ਼ ਦੇ ਪੱਟਾਂ ਦੇ ਆਲੇ-ਦੁਆਲੇ ਟਿਕਾ ਲਵੇ ਅਤੇ ਆਪਣੀਆਂ ਹਥੇਲੀਆਂ ਨੂੰ ਮਰੀਜ਼ ਦੀ ਛਾਤੀ ਦੇ ਹੇਠਲੇ ਭਾਗ ਉੱਤੇ ਰੱਖ ਦਵੇ। ਬਾਂਹਾਂ ਨੂੰ ਸਿੱਧਾ ਰੱਖ ਕੇ ਛਾਤੀ ਉੱਤੇ ਸਰੀਰ ਦਾ ਭਾਰ ਦੇਵੇ। ਇਹ ਭਾਰ 2 ਸੈਕਿੰਡ ਪਾਵੇ ਅਤੇ ਫਿਰ ਪਿੱਛੇ ਨੂੰ ਹੋ ਜਾਵੇ। ਅਜਿਹਾ ਇਕ ਮਿੰਟ 'ਚ 12-15 ਵਾਰ ਕਰਨਾ ਚਾਹੀਦਾ ਹੈ।

### ਖ਼ਤਰਨਾਕ ਬਿਮਾਰੀਆਂ

ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਹਾਈ ਬਲੱਡ ਕੋਲੈਸਟ੍ਰੋਲ, ਯੂਰਿਕ ਐਸਿਡ ਅਤੇ ਥਾਈਰਾਈਡ ਗਲੈਂਡ ਡਿਸਔਡਰਜ਼ ਕੁੱਝ ਸਾਧਾਰਨ ਪਰ ਖ਼ਤਰਨਾਕ ਬਿਮਾਰੀਆਂ ਹਨ।

ਇਨ੍ਹਾਂ ਨੂੰ ਉਚਿਤ ਰੂਪ 'ਚ ਕਾਬੂ ਕਰਨਾ ਜ਼ਰੂਰੀ ਹੈ, ਨਹੀਂ ਤਾਂ ਦਿਲ ਦਾ ਦੌਰਾ, ਸਟਰੋਕ ਅਤੇ ਗੁਰਦੇ ਫੇਲ ਹੋ ਸਕਦੇ ਹਨ ਤੇ ਇਸ ਦੇ ਨਾਲ ਹੋਰ ਵੀ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



### ਹੱਡੀ ਦਾ ਟੁੱਟਣਾ

ਜੇ ਜ਼ਖ਼ਮ ਹੋਵੇ ਤਾਂ ਉਪਰੋਕਤ ਦੱਸੇ ਅਨੁਸਾਰ ਇਲਾਜ ਕਰੋ। ਕੌਲਰ ਦੀ ਹੱਡੀ ਟੁੱਟਣ ਦੀ ਹਾਲਤ 'ਚ ਇਕ ਪੱਟੀ ਕੱਛ ਤੋਂ ਮੋਢੇ ਉਪਰ ਘੁੰਮਾ ਕੇ ਬੰਨ੍ਹੋ। ਦੂਜੇ ਪਾਸੇ ਵੀ ਇਹੀ ਕਿਰਿਆ ਦੁਹਰਾਉਣੀ ਹੈ ਅਤੇ ਦੋਵਾਂ ਨੂੰ ਵੱਖ ਪੱਟੀ ਨਾਲ ਬੰਨ੍ਹ ਦਿਓ। ਉਪਰਲੀ ਬਾਂਹ ਭਾਵ ਕੂਹਣੀ ਦੇ ਉੱਪਰ ਵਾਲੀ ਹੱਡੀ ਟੁੱਟਣ ਦੀ ਹਾਲਤ 'ਚ ਉਸ ਨੂੰ ਧੜ ਦੇ ਨਾਲ ਕਿਸੇ ਕੱਪੜੇ ਜਾਂ ਪੱਟੀ ਆਦਿ ਨਾਲ ਬੰਨ੍ਹ ਦਿਓ। ਦੂਜੀ ਬਾਂਹ ਨੂੰ ਖੁੱਲ੍ਹਾ ਰੱਖਣਾ ਨਾ ਭੁਲੋ। ਟੁੱਟੀ ਹੋਈ ਬਾਂਹ 'ਤੇ ਗਲਪੱਟੀ ਬੰਨ੍ਹਣੀ ਚਾਹੀਦੀ ਹੈ। ਬਾਂਹ ਦੀ ਥੱਲੇ ਵਾਲੀ ਹੱਡੀ ਭਾਵ ਕੂਹਣੀ ਤੇ ਥੱਲੇ ਵਾਲੀ ਹੱਡੀ ਟੁੱਟਣ 'ਤੇ ਲੱਕੜੀ ਦੀ ਫੱਟੀ ਜਿਸ ਦਾ ਪ੍ਰਯੋਗ ਹੱਡੀ ਨੂੰ ਸਿੱਧਾ ਰੱਖਣ 'ਚ ਕੀਤਾ ਜਾਂਦਾ ਹੈ। ਹੱਡੀ ਦੇ ਅੰਦਰਲੇ ਅਤੇ ਬਾਹਰੀ ਦੋਵੇਂ ਪਾਸੇ ਰੱਖ ਕੇ ਬੰਨ੍ਹ ਦਿਓ। ਇਸ ਤੋਂ ਪਹਿਲਾਂ ਲੱਕੜੀ ਦੀ ਫੱਟੀ ਦੇ ਦੋਵੇਂ ਪਾਸੇ ਰੂੰ ਰੱਖ ਕੇ ਪੱਟੀ ਨਾਲ ਬੰਨ੍ਹ ਦਿਓ। ਗਲਪੱਟੀ ਦਾ ਪ੍ਰਯੋਗ ਕਰਨਾ ਜ਼ਰੂਰੀ ਹੈ। ਲੱਤ ਦੀ ਹੱਡੀ ਟੁੱਟਣ 'ਤੇ ਉਸ ਨੂੰ ਪੱਟੀ ਨਾਲ ਦੂਜੀ ਲੱਤ ਨਾਲ ਬੰਨ੍ਹ ਦਿਓ। ਦਰਦ ਦੂਰ ਕਰਨ ਵਾਲੀਆਂ ਦਵਾਈਆਂ ਦਾ ਇਸਤੇਮਾਲ ਕਰਨਾ ਪੈਂਦਾ ਹੈ।

### ਦਿਲ ਨੂੰ ਮੁੜ ਜੀਵਤ ਕਰਨਾ



ਦਿਲ ਦੇ ਕੰਮ ਨਾ ਕਰਨ ਦੀ ਹਾਲਤ 'ਚ ਇਸ ਨੂੰ ਬਾਹਰੀ ਦਬਾਅ ਨਾਲ ਜੀਵਤ ਕੀਤਾ ਜਾ ਸਕਦਾ ਹੈ। ਇਸ 'ਚ ਨਬਜ਼ ਬੰਦ ਹੋ ਜਾਂਦੀ ਹੈ ਜਾਂ ਇੰਨੀ ਘੱਟ ਹੋ ਜਾਂਦੀ ਹੈ ਕਿ ਉਸ ਨੂੰ ਮੁਸ਼ਕਿਲ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ। ਮਰੀਜ਼ ਔਖੇ ਸਾਹ ਲੈਂਦਾ ਹੈ ਜਾਂ ਸਾਹ ਵੀ ਰੁਕ ਜਾਂਦਾ ਹੈ। ਅਜਿਹੀ ਹਾਲਤ ਜ਼ਿਆਦਾਤਰ ਪਹਿਲਾਂ ਤੋਂ ਹੀ ਬਿਮਾਰ ਜਾਂ ਅਜਿਹੇ ਵਿਅਕਤੀ ਨੂੰ ਹੁੰਦੀ ਹੈ, ਜਿਸ ਨੂੰ ਵੱਡੇ ਪੱਧਰ 'ਤੇ ਦਿਲ ਦਾ ਦੌਰਾ ਪੈ ਗਿਆ ਹੋਵੇ। ਦਿਲ ਨੂੰ 3-4 ਮਿੰਟਾਂ 'ਚ ਹੀ ਮੁੜ ਜੀਵਤ ਕੀਤਾ ਜਾ ਸਕਦਾ ਹੈ। ਮਰੀਜ਼ ਨੂੰ ਜ਼ਮੀਨ ਉੱਤੇ ਇਸ ਤਰ੍ਹਾਂ ਲੰਮਾ ਪਾ ਦਿਓ ਜਿਸ ਨਾਲ ਉਸ ਦੀ ਪਿੱਠ ਜ਼ਮੀਨ ਨਾਲ ਲੱਗ ਜਾਵੇ।

ਮਰੀਜ਼ ਦੀ ਗਰਦਨ ਪਿੱਛੇ ਵੱਲ ਨੂੰ ਖਿੱਚੋ ਅਤੇ ਲੱਤਾਂ ਉਪਰ ਨੂੰ ਚੁੱਕੋ। ਸਿਰ ਦੇ ਹੇਠਾ ਕੋਈ ਸਰ੍ਹਾਣਾ ਆਦਿ ਦੇਣ ਦੀ ਲੋੜ ਨਹੀਂ। ਇਕ ਵਿਅਕਤੀ ਆਪਣੀ ਹਥੇਲੀ ਨੂੰ ਮਰੀਜ਼ ਦੇ ਸੀਨੇ ਦੀ ਹੱਡੀ ਉੱਤੇ ਰੱਖਦਾ ਹੈ ਅਤੇ ਉਹੀ ਵਿਅਕਤੀ ਆਪਣੀ ਹਥੇਲੀ ਨੂੰ ਪਹਿਲੀ ਹਥੇਲੀ ਉੱਤੇ ਰੱਖਦਾ ਹੈ। ਹੁਣ ਦੋਵੇਂ ਹਥੇਲੀਆਂ ਦੀ ਸਹਾਇਤਾ ਨਾਲ ਸੀਨੇ ਦੀ ਹੱਡੀ ਨੂੰ ਪਿੱਛੇ ਵੱਲ ਨੂੰ ਤਕਰੀਬਨ 80 ਵਾਰ ਇਕ ਮਿੰਟ ਵਿਚੋ ਕਰੋ। ਅਜਿਹਾ ਦਬਾਓ 4-5 ਸੈਂਟੀਮੀਟਰ ਤੋਂ ਵੱਧ ਨਹੀਂ ਹੋਣਾ ਚਾਹੀਦਾ। ਵਿਅਕਤੀ ਆਪਣੇ ਮੂੰਹ ਦੁਆਰਾ ਮਰੀਜ਼ ਦੇ ਮੂੰਹ 'ਚ ਲਗਕਸਾਂਹ ਛੱਡ ਸਕਦਾ ਹੈ। ਇਸ ਦੌਰਾਨ ਮਰੀਜ਼ ਦਾ ਨੱਕ ਬੰਦ ਕਰਨਾ ਚਾਹੀਦਾ ਹੈ ਨਹੀਂ ਤਾਂ ਮਰੀਜ਼ ਦੇ ਮੂੰਹ 'ਚ ਛੱਡੀ ਹੋਈ ਹਵਾ ਨੱਕ ਰਾਹੀ ਬਾਹਰ ਨਿਕਲ ਜਾਵੇਗੀ। ਪੰਜ ਵਾਰ ਛਾਤੀ ਨੂੰ ਦਬਾਓ ਪਾਉਣ 'ਤੇ ਇਕ ਵਾਰ ਮੂੰਹ ਨਾਲ ਸਾਹ ਛੱਡਣਾ ਚਾਹੀਦਾ ਹੈ।

### ਸੱਪ ਜਾਂ ਪਾਗਲ ਕੁੱਤੇ ਦਾ ਕੱਟਣਾ, ਬਿੱਛੂ ਦਾ ਡੰਗ

*ਅਜਿਹੀਆਂ ਸਾਰੀਆਂ ਅਵਸਥਾਵਾਂ 'ਚ ਜ਼ਖ਼ਮ ਦੀ ਦੇਖਭਾਲ ਜ਼ਰੂਰੀ ਹੈ। ਜੇ ਸੱਪ ਕੱਟ ਜਾਵੇ ਤਾਂ ਨਿਸ਼ਚਿਤ ਸਮੇਂ ਲਈ ਖ਼ੂਨ ਦੇ ਵਹਾ ਨੂੰ ਰੋਕਣ ਲਈ ਪੱਟੀ ਬੰਨ੍ਹ ਦੇਣੀ ਚਾਹੀਦੀ ਹੈ। ਇਹ ਦੱਸਣ ਯੋਗ ਹੈ ਕਿ ਸੱਪ, ਪਾਗਲ ਕੁੱਤੇ ਜਾਂ ਬਿੱਛੂ ਦੇ ਡੰਗ ਦੀ ਜ਼ਹਿਰ ਖ਼ਤਮ ਕਰਨ ਦੇ ਟੀਕੇ ਆਮ ਮਿਲਦੇ ਹਨ। ਸਾਰੇ ਸੱਪ, ਬਿੱਛੂ ਜ਼ਹਿਰੀਲੇ ਨਹੀਂ ਹੁੰਦੇ। ਬਿੱਛੂ ਦਾ ਡੰਗ ਸਭ ਤੋਂ ਖਤਰਨਾਕ ਹੁੰਦਾ ਹੈ ਅਤੇ ਕੱਟੇ ਜਾਣ ਦੇ ਕੁੱਝ ਮਿੰਟਾਂ ਤੋਂ ਲੈ ਕੇ 24 ਘੰਟੇ ਦੇ ਅੰਦਰ-ਅੰਦਰ ਮੌਤ ਹੋ ਸਕਦੀ ਹੈ।*

# ਨਾੜਾਂ ਦੀ ਸੋਜ਼ਿਸ਼ ਦੇ ਮੁੱਖ ਕਾਰਨ

ਜ਼ਿਆਦਾ ਵਿਅਸਥ ਹੋਣ ਦੇ ਕਾਰਨ ਲੋਕ ਆਪਣੇ-ਆਪ ਦਾ ਧਿਆਨ ਨਹੀਂ ਰੱਖਦੇ। ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਅੱਜਕੱਲ੍ਹ ਹੱਥਾਂ-ਪੈਰਾਂ 'ਚ ਸੋਜ ਹੋਣੀ ਬਹੁਤ ਆਮ ਜਿਹੀ ਗੱਲ ਹੈ। ਜ਼ਿਆਦਾਤਰ ਲੋਕ ਇਸ ਪਰੇਸ਼ਾਨੀ ਨਾਲ ਜੂਝ ਰਹੇ ਹਨ। ਇਸ ਪਰੇਸ਼ਾਨੀ ਨੂੰ ਵੇਰੀਕੋਜ ਵੇਨਸ ਕਹਿੰਦੇ ਹਨ। ਇਹ ਸਮੱਸਿਆ ਜ਼ਿਆਦਾ ਪੈਰਾਂ 'ਚ ਦੇਖੀ ਜਾਂਦੀ ਹੈ। ਇਸ ਦਾ ਖ਼ਾਸ ਕਾਰਨ ਗ਼ਲਤ ਖਾਣ-ਪੀਣ ਤੇ ਲਗਾਤਾਰ ਖੜ੍ਹੇ ਜਾਂ ਬੈਠੇ ਰਹਿਣਾ ਹੈ। ਇਸ ਸਮੱਸਿਆ ਦੇ ਹੋਣ 'ਤੇ ਪੈਰਾਂ ਦੀਆਂ ਨਾੜਾਂ ਫੁਲ ਜਾਂਦੀਆਂ ਹਨ ਤੇ ਬਾਹਰ ਵੱਲ ਨੂੰ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਸ ਕਰਕੇ ਬਲੱਡ ਪ੍ਰੈਸ਼ਰ 'ਚ ਪਰੇਸ਼ਾਨੀ ਆਉਣ ਲੱਗਦੀ ਹੈ ਤੇ ਖ਼ੂਨ ਸਹੀ ਤਰੀਕੇ ਨਾਲ ਦਿਲ ਤਕ ਨਹੀਂ ਪਹੁੰਚ ਪਾਉਂਦਾ।

### ਜ਼ਿਆਦਾ ਦੇਰ ਬੈਠਣਾ

ਜ਼ਿਆਦੀ ਦੇਰ ਤਕ ਬੈਠੇ ਰਹਿਣ ਨਾਲ ਵੀ ਖ਼ੂਨ ਦਾ ਸੰਚਾਰ ਰੁਕਣ ਲੱਗਦਾ ਹੈ। ਜਿਸ ਕਰਕੇ ਵੇਰੀਕੋਜ ਵੇਨਸ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਤੁਰਨਾ-ਫਿਰਨਾ ਬਹੁਤ ਹੀ ਜ਼ਰੂਰੀ ਹੈ।





### ਲਗਾਤਾਰ ਖੜ੍ਹੇ ਰਹਿਣਾ

ਇਸ ਪਰੇਸ਼ਾਨੀ ਨੂੰ ਉਨ੍ਹਾਂ ਲੋਕਾਂ 'ਚ ਜ਼ਿਆਦਾ ਦੇਖਿਆ ਜਾਂਦਾ ਹੈ ਜੋ ਇਕ ਹੀ ਥਾਂ 'ਤੇ ਖੜ੍ਹੇ ਰਹਿੰਦੇ ਹਨ। ਲਗਾਤਾਰ ਖੜ੍ਹੇ ਰਹਿਣ ਨਾਲ ਨਾੜਾਂ 'ਤੇ ਦਬਾਅ ਪੈਣ ਲੱਗਦਾ ਹੈ ਤੇ ਖ਼ੂਨ ਇਕ ਹੀ ਥਾਂ ਰੁਕ ਜਾਂਦਾ ਹੈ। ਇਸ ਤੋਂ ਰਾਤ ਪਾਉਣ ਲਈ ਵਿਚ-ਵਿਚ ਤੁਰਨਾ ਜਾਂ ਬੈਠਣਾ ਚਾਹੀਦਾ ਹੈ।

### ਨਮਕ ਦੀ ਜ਼ਿਆਦਾ ਵਰਤੋਂ ਕਰਨਾ

ਨਮਕ ਦਾ ਜ਼ਿਆਦਾ ਸੇਵਨ ਕਰਨ ਨਾਲ ਵੀ ਇਸ ਸਮੱਸਿਆ ਦਾ ਖ਼ਤਰਾ ਬਣਿਆ ਰਹਿੰਦਾ ਹੈ। ਨਮਕ ਜ਼ਿਆਦਾ ਖਾਣ ਨਾਲ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ। ਇਸ ਦੇ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਨਾੜਾਂ ਨੂੰ ਫੈਲਣਾ ਪੈਂਦਾ ਹੈ। ਜਿਸ ਕਰਕੇ ਇਹ ਸਮੱਸਿਆ ਵੱਧ ਜਾਂਦੀ ਹੈ।

### ਪੈਰਾਂ 'ਤੇ ਭਾਰ ਜਾਂ ਪੈਰ ਮੋੜ ਕੇ ਬੈਠਣਾ

ਪੈਰ ਮੋੜ ਕੇ ਜਾਂ ਪੈਰਾਂ 'ਤੇ ਭਾਰ ਪਾਉਣ ਨਾਲ ਵੀ ਬਲੱਡ ਸਰਕੂਲੇਸ਼ਨ ਘੱਟ ਹੋ ਜਾਂਦਾ ਹੈ, ਇਕ ਹੀ ਸਥਿਤੀ 'ਚ ਨਾ ਬੈਠੋ।

# ਕਸਰਤ ਦੇ ਨਾਲ-ਨਾਲ ਵਰਤੋ ਸਾਵਧਾਨੀ

ਕਸਰਤ ਕਰਨ ਦਾ ਸਮਾਂ ਨਹੀਂ ਪਰ ਸਾਡੀ ਦਾਦੀ-ਨਾਨੀ ਘਰ ਦਾ ਕੰਮ ਬਹੁਤ ਕਰ ਲੈਂਦੇ ਸੀ ਤੇ ਅੱਜਕੱਲ੍ਹ ਘਰਾਂ 'ਚ ਇਸ ਤਰ੍ਹਾਂ ਦੀਆਂ ਮਸ਼ੀਨਾਂ ਆ ਗਈਆਂ ਹਨ। ਜਿਸ ਕਰਕੇ ਮਿਹਨਤ ਕੀਤੇ ਬਿਨਾਂ ਹੀ ਮਿੰਟਾਂ 'ਚ ਕੰਮ ਹੋ ਜਾਂਦੇ ਹਨ। ਅਸੀਂ ਪੈਦਲ ਤੁਰਨਾ ਬਿਲਕੁਲ ਹੀ ਛੱਡ ਦਿੱਤਾ ਹੈ। ਘਰ ਦੇ ਹਰ ਮੈਂਬਰਾਂ ਕੋਲ ਮੋਟਰਸਾਈਕਲ ਜਾਂ ਸਕੂਟਰ ਹੈ। ਪਰਿਵਾਰ ਦੇ ਕਿਸੇ ਮੈਂਬਰ ਨੇ ਥੋੜ੍ਹੀ ਦੂਰ ਵੀ ਜਾਣਾ ਹੋਵੇ ਤਾਂ ਉਹ ਮੋਟਰਸਾਈਕਲ ਜਾਂ ਸਕੂਟਰ 'ਤੇ ਜਾ ਕੇ ਆਪਣਾ ਕੰਮ ਪੂਰਾ ਕਰਦਾ ਹੈ ਪਰ ਇਸ ਲਾਈਫ਼ ਸਟਾਈਲ ਦੀ ਵਜ੍ਹਾ ਨਾਲ ਅਸੀਂ ਮੋਟਾਪੇ ਤੇ ਆਲਸ ਦਾ ਸ਼ਿਕਾਰ ਹੋ ਰਹੇ ਹਾਂ। ਇਸ ਦੇ ਚਲਦੇ ਹੀ ਦਿਲ ਦਾ ਰੋਗ, ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ, ਕਿਡਨੀ ਰੋਗ, ਕਮਰਦਰਦ ਆਦਿ ਰੋਗਾਂ ਨਾਲ ਲੋਕ ਆਮ ਜੂਝ ਰਹੇ ਹਨ। ਹੁਣ ਲੋਕ ਦੇਰ ਨਾਲ ਸੌਂਦੇ ਹਨ ਤੇ ਦੇਰ ਨਾਲ ਉੱਠਦੇ ਹਨ। ਕੰਮ ਕਰਨ ਵਾਲਿਆਂ ਕੋਲ ਇਕ ਹੀ ਬਹਾਨਾ ਹੈ ਕਿ ਸਮਾਂ ਨਹੀਂ ਤੇ ਕਸਰਤ ਕਦੋਂ ਕਰੀਏ। ਆਪਣੇ ਲਈ ਸਮਾਂ ਕੱਢਣਾ ਚਾਹੀਦਾ ਹੈ ਜੇ ਅਸੀਂ ਆਪਣੇ ਆਪ ਲਈ ਨਹੀਂ ਸਮਾਂ ਕੱਢ ਸਕਦੇ ਤਾਂ ਅਸੀਂ ਘਰ ਦਜੇ ਦੂਸਰੇ ਮੈਬਰਾਂ ਦਾ ਕਿਸ ਤਰ੍ਹਾਂ ਧਿਆਨ ਰੱਖਾਂਗੇ। ਕਸਰਤ ਕਰਨ ਨਾਲ ਕਈ ਰੋਗਾਂ ਤੋਂ ਬਚਾਇਆ ਜਾ ਸਕਦਾ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਤੁਸੀ ਆਪਣੇ-ਆਪ ਲਈ ਰੋਜ਼ 30 ਮਿੰਟ ਕੱਢੋ। ਪੈਦਲ ਚੱਲੋ ਜਾਂ ਕੋਈ ਕਸਰਤ ਕਰੋ ਜਿਸ ਨਾਲ ਭਾਰ ਕੰਟਰੋਲ 'ਚ ਰਹੇ ਤੇ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕੇ। ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਇਸ ਤਰ੍ਹਾਂ ਦੀ ਕਸਰਤ ਨਾ ਕਰਨ ਜਿਸ ਨਾਲ ਸਾਹ ਫੂਲੇ ਜਿਵੇਂ ਪੌੜੀਆਂ ਚੜ੍ਹਨਾ, ਰੱਸੀ ਟਪਣਾ ਆਦਿ। ਮੋਟਾਪੇ ਵਾਲੇ ਲੋਕਾਂ ਨੂੰ ਇਕ ਘੰਟੇ ਦੀ ਕਸਰਤ ਕਰਨੀ ਚਾਹੀਦੀ ਹੈ। ਜੇ ਕਿਸੇ ਆਦਮੀ ਦੇ ਗੋਡੇ 'ਚ ਦਰਦ ਹੈ ਜਾਂ ਡਾਇਬਟੀਜ਼ ਦੀ ਵਜ੍ਹਾ ਨਾਲ ਰੀੜ੍ਹ ਦੀ ਹੱਡੀ 'ਚ ਕੋਈ ਦਿੱਕਤ ਹੈ ਤੇ ਇਸ ਤਰ੍ਹਾਂ ਦੇ ਲੋਕਾਂ ਨੂੰ ਸਾਈਕਿਲਿੰਗ ਤੇ ਸਵੀਮਿੰਗ ਤੋਂ ਦੂਰ ਰਹਿਣਾ ਚਾਹੀਦਾ ਹੈ। ਜੋ ਗੋਡਿਆਂ ਦੇ ਦਰਦ ਤੋਂ ਪਰੇਸ਼ਾਨ ਹਨ ਤਾਂ ਉਨ੍ਹਾਂ ਨੂੰ ਪੌੜੀਆਂ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ।

### ਚੰਗੀਆਂ ਆਦਤਾਂ ਪਾਓ

ਚੰਗੀਆਂ ਆਦਤਾਂ ਨੂੰ ਪਾ ਕੇ ਅਨੇਕਾਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਸ ਦੇ ਲਈ ਇਨ੍ਹਾਂ ਗੱਲਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ ਕਿ ਨਸ਼ਾ ਨਾ ਕਰੋ, ਲੋੜ ਤੋਂ ਜ਼ਿਆਦਾ ਨਾ ਖਾਓ, ਸੁੰਤਲਿਤ ਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਹੀ ਕਰੋ।



**ਅਮਰੂਦ 'ਚ ਸੰਤਰੇ, ਕਿੰਨੂ, ਟਮਾਟਰ ਅਤੇ ਨਿੰਬੂ ਨਾਲੋਂ ਜ਼ਿਆਦਾ ਮਾਤਰਾ 'ਚ ਵਿਟਾਮਿਨ-ਸੀ ਹੁੰਦਾ ਹੈ। ਵਿਟਾਮਿਨ-ਸੀ ਦੰਦਾਂ ਦੀਆਂ ਬਿਮਾਰੀਆਂ, ਹਾਈ ਬਲੱਡ ਪ੍ਰੈਸ਼ਰ, ਪਾਚਨ ਤੰਤਰ ਸਬੰਧੀ ਤਕਲੀਫ਼ਾਂ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ...**

# ਗਾਜਰ ਤੇ ਅਮਰੂਦ ਦਵਾ ਵੀ ਹੈ ਤੇ ਦਵਾਖ਼ਾਨਾ ਵੀ

ਡਾ. ਹਰਿੰਦਰਪਾਲ ਸਿੰਘ

ਆਮ ਤੌਰ 'ਤੇ ਧਰਤੀ ਦੇ ਥੱਲੇ ਪਾਏ ਜਾਣ ਵਾਲੇ ਸ਼ਲਗਮ, ਮੂਲੀ , ਗਾਜਰ ਆਦਿ ਕੰਦ - ਮੂਲ ਹੀ ਕਹਿਲਾਉਂਦੇ ਹਨ। ਗਾਜਰ ਦੀ ਵਿਸ਼ੇਸ਼ਤਾ ਇਹ ਹੈ ਕਿ ਕੰਦ ਮੂਲ ਹੋਣ ਦੇ ਬਾਵਜੂਦ ਵੀ ਇਸ ਨੂੰ ਫਲਾਂ 'ਚ ਉੱਚੀ ਪਦਵੀ ਪ੍ਰਾਪਤ ਹੈ। ਗਾਜਰ ਦਾ ਇਸਤੇਮਾਲ ਮੁੱਖ ਤੌਰ 'ਤੇ ਸਬਜ਼ੀ, ਜੂਸ, ਖੀਰ, ਆਚਾਰ , ਕਾਂਜੀ , ਪਰਾਂਠੇ , ਮੁਰੱਬਾ, ਸਲਾਦ ਅਤੇ ਹਲਵਾ ਆਦਿ ਬਣਾਉਣ 'ਚ ਹੁੰਦਾ ਹੈ। ਗਾਜਰ ਮਨੁੱਖ ਲਈ ਕੁਦਰਤ ਦਾ ਇਕ ਅਨਮੋਲ ਤੋਹਫਾ ਹੈ। ਜਿਸ ਵਿਅਕਤੀ ਦਾ ਦਿਲ ਤੇ ਦਿਮਾਗ਼ ਸਹੀ ਹੋਵੇ ਉਸਦੇ ਜੀਵਨ 'ਚ ਕੋਈ ਘਾਟ ਨਹੀਂ ਰਹਿੰਦੀ। ਗਾਜਰ ਦਿਲ ਤੇ ਦਿਮਾਗ਼ ਨੂੰ ਤੰਦਰੁਸਤ ਰੱਖਦੀ ਅਤੇ ਸਰੀਰਕ ਬਲ ਪ੍ਰਦਾਨ ਕਰਦੀ ਹੈ। ਗਾਜਰ ਚੰਗੀ ਬੁੱਧੀ ਦਾ ਭੰਡਾਰ ਹੈ। ਗਾਜਰ ਖਾਣ ਵਾਲੇ ਦਾ ਖ਼ੂਨ ਕਦੇ ਸਫ਼ੈਦ ਨਹੀਂ ਹੁੰਦਾ ਸਗੋਂ ਲਾਲ ਸੁਰਖ਼ ਹੁੰਦਾ ਹੈ। ਇਸ ਨਾਲ ਖ਼ੂਨ ਵਾਲੇ ਰਕਤਾਣੂ ਰਿਸ਼ਟ -ਪੁਸ਼ਟ ਹੁੰਦੇ ਹਨ। ਗਾਜਰ ਦੀ ਤਾਸੀਰ ਠੰਡੀ ਹੁੰਦੀ ਹੈ ਇਸ ਲਈ ਇਹ ਦਿਲ ਅਤੇ ਸਰੀਰ ਨੂੰ ਠੰਡਕ ਪ੍ਰਦਾਨ ਕਰਦੀ ਹੈ। ਇਹ ਪਿੱਤ ਅਤੇ ਤੇਜ਼ਾਬੀ ਮਾਦੇ ਨੂੰ ਖ਼ਤਮ ਕਰਕੇ ਸਰੀਰ ਦੀ ਜ਼ਰੂਰੀ ਗਰਮੀ ਨੂੰ ਬਰਕਰਾਰ ਰੱਖਦੀ ਹੈ। ਗਾਜਰ ਦੇ ਰੰਗ, ਗੰਧ, ਸਵਾਦ ਅਤੇ ਪੌਸ਼ਟਿਕਤਾ ਦੀ ਆਪਣੀ ਹੀ ਵਿਸ਼ੇਸ਼ਤਾ ਹੈ। ਇਸ ਨੂੰ ਸਬਜ਼ੀਆਂ ਦੀ ਰਾਣੀ ਵੀ ਕਿਹਾ ਜਾਂਦਾ ਹੈ। ਗਾਜਰ ਤਾਕਤ ਦਾ ਇਕ ਅਦਭੁੱਤ ਸੋਮਾ ਹੈ, ਇਸ 'ਚ ਗਾਂ ਦੇ ਦੁੱਧ ਨਾਲੋਂ ਵੀਹ ਗੁਣਾ ਜ਼ਿਆਦਾ ਵਿਟਾਮਿਨ ਏ ਪਾਇਆ ਜਾਂਦਾ ਹੈ। ਗਾਜਰ ਨੂੰ ਆਯੁਰਵੇਦ - ਗ੍ਰੰਥਾਂ 'ਚ ਨੇਤਰ-ਰੰਜਨੀ ਮੰਨਿਆ ਗਿਆ ਹੈ। ਇਸ 'ਚ ਕੈਰੋਟੀਨ ਤੱਤ ਪਾਇਆ ਜਾਂਦਾ ਹੈ। ਇਸਦੇ ਇਸਤੇਮਾਲ ਨਾਲ ਐਨਕ ਉਤਰ ਜਾਂਦੀ ਹੈ। ਇਹ ਅੱਖਾਂ ਦੀਆਂ ਪੁਤਲੀਆਂ 'ਚ ਦੂਰਬੀਨ ਜਿਹੀ ਸ਼ਕਤੀ ਪੈਦਾ ਕਰ ਦਿੰਦੀ ਹੈ। ਖ਼ੂਨ ਨੂੰ ਸਾਫ਼ ਕਰਕੇ ਚਮੜੀ ਨੂੰ ਬੇਦਾਗ਼ ਅਤੇ ਕੋਮਲ ਕਰ ਦਿੰਦੀ ਹੈ। ਇਸ ਤਰ੍ਹਾਂ ਫੋੜੇ- ਫਿੰਸੀਆਂ ਅਤੇ ਕਿੱਲ ਮੁੰਹਾਸੇ ਵੀ ਨਹੀਂ ਨਿਕਲਦੇ। ਗਾਜਰ 'ਚ ਮੁੱਖ ਤੌਰ 'ਤੇ ਲੋਹ ਤੱਤ ਦੀ ਪ੍ਰਧਾਨਤਾ ਹੁੰਦੀ ਹੈ ਇਸ ਤੋਂ ਇਲਾਵਾ ਸਾਰੇ ਪੌਸ਼ਟਿਕ ਤੱਤ ਜਿਵੇਂ ਫਾਸਫੋਰਸ, ਪੋਟਾਸ਼ੀਅਮ, ਮੈਗਨੀਸ਼ੀਅਮ,ਆਇਓਡੀਨ, ਸੋਡੀਅਮ, ਕੈਲਸ਼ੀਅਮ, ਪ੍ਰੋਟੀਨ, ਚਰਬੀ, ਕਾਰਬੋਹਾਈਡ੍ਰੇਟਸ, ਫਾਈਬਰ, ਅਤੇ ਜ਼ਰੂਰੀ ਵਿਟਾਮਿਨ ਜਿਵੇਂ ਕਿ ਵਿਟਾਮਿਨ ਏ, ਬੀ, ਸੀ, ਬੀ-1, ਅਤੇ ਕੁੱਝ ਮਾਤਰਾ 'ਚ ਵਿਟਾਮਿਨ ਡੀ, ਈ, ਅਤੇ ਜੀ ਆਦਿ ਵੀ ਪਾਏ ਜਾਂਦੇ ਹਨ। ਗਾਜਰ 'ਚ ਕਲੋਰੀਨ ਦਾ ਤੱਤ ਵੀ ਪਾਇਆ ਜਾਂਦਾ ਹੈ ਜੋ ਕਿ ਸਰੀਰ ਅਤੇ ਆਂਤੜੀਆਂ ਦੀ ਸਫ਼ਾਈ ਕਰਦਾ ਹੈ। ਗਾਜਰ ਨੂੰ ਕੱਟਣ ਤੋਂ ਪਹਿਲਾਂ ਜਿੰਨਾਂ ਮਰਜ਼ੀ ਧੋ ਲਵੋ ਪਰ ਕੱਟਣ ਤੋਂ ਬਾਅਦ ਬਿਲਕੁਲ ਨਹੀਂ ਧੋਣਾ ਚਾਹੀਦਾ ਹੈ। ਇਸ ਨਾਲ ਇਸਦੇ ਪੌਸ਼ਟਿਕ ਤੱਤ ਪਾਣੀ 'ਚ ਵਹਿ ਜਾਂਦੇ ਹਨ। ਗਾਜਰ ਦਾ ਜੂਸ ਬਹੁਤ ਜ਼ਿਆਦਾ ਛੋਟੇ ਬੱਚਿਆਂ ਨੂੰ ਨਹੀਂ ਪਿਲਾਉਣਾ ਚਾਹੀਦਾ। ਇਸ ਤੋਂ ਇਲਾਵਾ ਸਰਦੀ ਜ਼ੁਕਾਮ, ਨਿਮੋਨੀਆ, ਵਾਯੂ, ਅਤੇ ਸ਼ੀਤ ਪ੍ਰਧਾਨ ਰੋਗਾਂ 'ਚ ਗਾਜਰ ਦੇ ਰਸ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਇਹ ਨਿਮੋਨੀਆ ਅਤੇ ਗਠੀਆ ਵਰਗੇ ਰੋਗਾਂ 'ਚ ਵੀ ਲਾਭਦਾਇਕ ਹੁੰਦੀ ਹੈ। ਕਿਸੇ ਖ਼ਾਸ ਬਿਮਾਰੀ ਦੇ ਇਲਾਜ ਲਈ ਗਾਜਰ ਦਾ ਇਸਤੇਮਾਲ ਕਿਸੇ ਯੋਗ ਆਯੁਰਵੈਦਿਕ ਜਾਂ ਨੈਚਰੋਪੈਥ ਡਾਕਟਰ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ। ਗਾਜਰ ਅਫਾਰਾ, ਐਸੀਡਿਟੀ, ਅੱਖਾਂ ਦੇ ਰੋਗ, ਆਂਤੜੀਆਂ ਦੀ ਸੋਜ, ਮਾਈਗ੍ਰੇਨ, ਕਬਜ਼, ਕੈਂਸਰ, ਖਾਜ-ਖੁਜਲੀ, ਖ਼ੂਨੀ ਦਸਤ, ਖ਼ੂਨੀ ਬਵਾਸੀਰ, ਗਰਮੀ ਅਤੇ ਖੁਸ਼ਕੀ, ਗੁਰਦੇ ਦੇ ਰੋਗ, ਚਮੜੀ ਦੇ ਰੋਗ, ਜਿਗਰ ਅਤੇ ਤਿੱਲੀ, ਜੋੜਾਂ ਦੇ ਦਰਦ, ਦਮਾ, ਦੰਦਾਂ ਦੇ ਰੋਗ, ਪੀਲੀਆ, ਨੀਂਦ ਨਾ ਆਉਣਾ, ਪਥਰੀ, ਬਹਿਰਾਪਨ, ਵਾਲ਼ ਝੜਨਾ, ਬੁਖ਼ਾਰ, ਸ਼ੂਗਰ, ਮਿਰਗੀ, ਆਦਿ ਰੋਗਾਂ 'ਚ ਲਾਭਦਾਇਕ ਹੁੰਦੀ ਹੈ।



### ਗਾਜਰ ਦੇ ਫ਼ਾਇਦੇ

*ਗਾਜਰ ਐਸੀਡਿਟੀ, ਅੱਖਾਂ ਦੇ ਰੋਗ, ਅੰਤੜੀਆਂ ਦੀ ਸੋਜ਼, ਮਾਈਗ੍ਰੇਨ, ਕਬਜ਼, ਕੈਂਸਰ, ਖਾਜ-ਖੁਜਲੀ, ਖ਼ੂਨੀ ਦਸਤ, ਖ਼ੂਨੀ ਬਵਾਸੀਰ, ਗਰਮੀ ਅਤੇ ਖੁਸ਼ਕੀ, ਗੁਰਦੇ ਦੇ ਰੋਗ, ਚਮੜੀ ਦੇ ਰੋਗ, ਜਿਗਰ ਅਤੇ ਤਿੱਲੀ, ਜੋੜਾਂ ਦੇ ਦਰਦ, ਦਮਾ, ਦੰਦਾਂ ਦੇ ਰੋਗ, ਪੀਲੀਆ, ਨੀਂਦ ਨਾ ਆਉਣਾ, ਪੱਥਰੀ, ਬੋਲਾਪਨ, ਵਾਲ਼ ਝੜਨਾ, ਬੁਖ਼ਾਰ, ਸ਼ੂਗਰ, ਮਿਰਗੀ, ਆਦਿ ਰੋਗਾਂ 'ਚ ਲਾਭਦਾਇਕ ਹੁੰਦੀ ਹੈ। ਰਸ ਦੇ ਰੂਪ 'ਚ, ਸਾਬਤ ਖਾਣ 'ਚ ਜਾਂ ਸਲਾਦ ਦੇ ਤੌਰ 'ਤੇ ਗਾਜਰ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਦੇ ਇਸਤੇਮਾਲ ਨਾਲ ਖ਼ੂਨ ਦਾ ਪੱਧਰ ਠੀਕ ਤੇ ਇਸ 'ਚ ਵਾਧਾ ਹੁੰਦਾ ਹੈ*

**ਅਮਰੂਦ** - ਜੇ ਹੁਣ ਅਸੀਂ ਅਮਰੂਦ ਦੀ ਗੱਲ ਕਰੀਏ ਤਾਂ ਤੰਦਰੁਸਤ ਰਹਿਣ ਦਾ ਇਕ ਮੰਤਰ ਇਹ ਵੀ ਹੈ ਕਿ ਸਾਨੂੰ ਮੌਸਮ ਦੇ ਹਿਸਾਬ ਨਾਲ ਮੌਸਮੀ ਫਲ਼ ਅਤੇ ਖਾਧ ਪਦਾਰਥ ਖਾਣੇ ਚਾਹੀਦੇ ਹਨ। ਅੱਜਕੱਲ੍ਹ ਦੇ ਬਰਸਾਤ ਦੇ ਮੌਸਮ 'ਚ ਅਮਰੂਦ ਅਜਿਹਾ ਹੀ ਇਕ ਮੌਸਮੀ ਫਲ਼ ਹੈ। ਕੁੱਝ ਲੋਕ ਇਹ ਵੀ ਮੰਨਦੇ ਹਨ ਕਿ ਜੰਗਲੀ ਅੰਬ ਅਤੇ ਕੇਲੇ ਦੀ ਤਰ੍ਹਾਂ ਪ੍ਰਾਚੀਨ ਕਾਲ ਤੋਂ ਹੀ ਇਹ ਭਾਰਤ ਦੇ ਜੰਗਲਾਂ 'ਚ ਪੈਦਾ ਹੋ ਰਿਹਾ ਹੈ। ਇਸਦਾ ਪੁਰਾਣਾ ਸੰਸਕ੍ਰਿਤਕ ਨਾਂ ਅੰਮ੍ਰਿਤ ਫਲ਼ ਹੈ। ਅਮਰੂਦ ਹਰ ਤਰ੍ਹਾਂ ਦੀ ਜ਼ਮੀਨ 'ਚ ਪੈਦਾ ਹੋ ਜਾਂਦਾ ਹੈ। ਬੀਜ ਦੀ ਪਨੀਰੀ ਤੋਂ ਲਗਾਏ ਗਏ ਪੌਦੇ ਦੇ ਫਲ਼ ਆਕਾਰ 'ਚ ਛੋਟੇ ਜ਼ਿਆਦਾ ਬੀਜ ਵਾਲੇ ਅਤੇ ਘੱਟ ਗਰਭ ਵਾਲੇ ਹੁੰਦੇ ਹਨ। ਜਦ ਕਿ ਕਲਮ ਕਰਕੇ ਲਗਾਏ ਗਏ ਪੌਦੇ ਦੇ ਫਲ਼ ਵੱਡੇ ਘੱਟ ਬੀਜ ਅਤੇ ਜ਼ਿਆਦਾ ਗਰਭ ਵਾਲੇ ਹੁੰਦੇ ਹਨ। ਪਨੀਰੀ ਵਾਲਾ ਪੌਦਾ ਤਿੰਨ-ਚਾਰ ਸਾਲ 'ਚ ਫਲ਼ ਦੇਣ ਲਗਦਾ ਹੈ। ਜਦ ਕਿ ਕਲਮ ਵਾਲਾ ਪੌਦਾ ਦੂਸਰੇ ਸਾਲ ਹੀ ਫਲ਼ ਦੇਣਾ ਸ਼ੁਰੂ ਕਰ ਦਿੰਦਾ ਹੈ। ਅਮਰੂਦ ਦੀਆਂ ਮੁੱਖ ਦੋ ਕਿਸਮਾਂ ਹੁੰਦੀਆ ਹਨ

### ਸਫ਼ੈਦ ਅਤੇ ਲਾਲ-ਗੁਲਾਬੀ

ਸਫ਼ੈਦ ਕਿਸਮ ਜ਼ਿਆਦਾ ਮਿੱਠੀ ਹੁੰਦੀ ਹੈ। ਲਾਲ ਕਿਸਮ ਦੇ ਫਲ਼ ਦਸਤ ਨੂੰ ਜ਼ਿਆਦਾ ਖੁੱਲ੍ਹ ਕੇ ਆਉਣ 'ਚ ਸਹਾਈ ਹੁੰਦੇ ਹਨ। ਅਮਰੂਦ ਦਾ ਸੇਵਨ ਸਵੇਰੇ 8 ਤੋਂ 9 ਵਜੇ ਤਕ ਕੀਤਾ ਜਾ ਸਕਦਾ ਹੈ। ਸਭ ਤੋਂ ਉੱਤਮ ਸਮਾਂ ਦੁਪਹਿਰ ਦਾ ਹੈ। ਦੁਪਹਿਰ ਦੇ ਭੋਜਨ ਤੋਂ ਇਕ ਦੋ ਘੰਟੇ ਉਪਰੰਤ ਇਕ ਦੋ ਵੱਡੇ ਅਮਰੂਦ ਖਾਣੇ ਚਾਹੀਦੇ ਹਨ। ਇਸ ਨਾਲ ਸਰੀਰ ਨੂੰ ਜ਼ਰੂਰੀ ਤੱਤ ਪ੍ਰਾਪਤ ਹੋ ਜਾਂਦੇ ਹਨ। ਅਮਰੂਦ 'ਚ ਵਿਟਾਮਿਨ ਸੀ, ਬੀ, ਏ, ਪੋਟਾਸ਼ੀਅਮ, ਰੇਸ਼ੇ , ਕੈਲਸ਼ੀਅਮ, ਫਾਸਫੋਰਸ, ਲੋਹਾ, ਗੁਲੂਕੋਜ਼, ਟੈਨਿਨ ਐਸਿਡ, ਆਦਿ ਪਾਏ ਜਾਂਦੇ ਹਨ। ਅਮਰੂਦ 'ਚ ਮੁਸੰਮੀ, ਟਮਾਟਰ, ਨਾਰੰਗੀ ਅਤੇ ਨਿੰਬੂ ਨਾਲੋਂ ਜ਼ਿਆਦਾ ਵਿਟਾਮਿਨ ਸੀ ਹੁੰਦਾ ਹੈ। ਵਿਟਾਮਿਨ ਸੀ ਦੰਦਾਂ ਦੀਆਂ ਬਿਮਾਰੀਆਂ, ਹਾਈ ਬਲੱਡ ਪ੍ਰੈਸ਼ਰ, ਪਾਚਨ ਤੰਤਰ ਦੀ ਕਮਜ਼ੋਰੀ ਆਦਿ ਨੂੰ ਦੂਰ ਕਰਦਾ ਹੈ। ਇਸ ਤੋਂ ਇਲਾਵਾ ਕੁੱਝ ਮਾਤਰਾ 'ਚ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਫੈਟ, ਬੀਟਾ ਸਿਟੋਸਟਰਿਲ, ਲਿਓਕੋਸਾਈਡੀਨ, ਸਿਟਰਿਕ ਅਮਲ, ਬੀਟਾ ਕਾਫੇਨ, ਕੈਡੀਨਿਨ, ਗੁਲੂਕੋਜ਼, ਅਮੀਨੋ ਐਸਿਡ, ਫਾਰਨੇਸਿਨ, ਲਿਮੋਨਿਨ, ਨਿਆਸਿਨ ਆਦਿ ਤੱਤ ਪਾਏ ਜਾਂਦੇ ਹਨ। ਜਿੱਥੋਂ ਤਕ ਹੋ ਸਕੇ ਅਮਰੂਦ ਨੂੰ ਬਿਨਾਂ ਬੀਜ ਤੋਂ ਹੀ ਖਾਣਾ ਚਾਹੀਦਾ ਹੈ। ਅਮਰੂਦ ਦਾ ਇਸਤੇਮਾਲ ਮੁਰੱਬਾ, ਚਟਨੀ, ਰਾਇਤਾ, ਜੈਮ, ਚਾਟ ਅਤੇ ਸ਼ਰਬਤ ਆਦਿ ਲਈ ਵੀ ਹੁੰਦਾ ਹੈ। ਇਹ ਠੰਢੀ ਰੁੱਤ ਦਾ ਇਕ ਸਸਤਾ ਫਲ਼ ਹੈ। ਆਯੁਰਵੈਦਿਕ ਮੱਤ ਅਨੁਸਾਰ ਅਮਰੂਦ ਕਸੈਲ਼ਾ, ਮਿੱਠਾ, ਕਦੀ-ਕਦੀ ਖਾਰਾ, ਪਿੱਤ ਨੂੰ ਨਾਸ਼ ਕਰਨ ਵਾਲਾ, ਸਵਾਦਿਸ਼ਟ, ਸ਼ੀਤਲ, ਭਰਮ ਅਤੇ ਬੇਹੋਸ਼ੀ ਨੂੰ ਦੂਰ ਕਰਨ ਵਾਲਾ ਤਿੱਖਾ ਅਤੇ ਤ੍ਰੀਦੋਸ਼ਨਾਸ਼ਕ ਹੁੰਦਾ ਹੈ। ਅਮਰੂਦ ਕਈ ਰੋਗਾਂ 'ਚ ਫ਼ਾਇਦਾ ਪਹੁੰਚਾਉਂਦਾ ਹੈ। ਦਿਲ ਅਤੇ ਦਿਮਾਗ਼ ਨੂੰ ਤਾਕਤ ਪ੍ਰਦਾਨ ਕਰਦਾ ਹੈ। ਕਬਜ਼ ਅਤੇ ਬਵਾਸੀਰ ਦੀ ਤਾਂ ਇਹ ਰਾਮਬਾਣ ਦਵਾ ਹੈ। ਅਮਰੂਦ ਦਾ ਸਾਗ ਅਤੇ ਮੁਰੱਬਾ ਕਬਜ਼ ਨੂੰ ਦੂਰ ਕਰਦਾ ਹੈ। ਅਮਰੂਦ ਬਲ਼ ਅਤੇ ਬੁੱਧੀ ਦਾ ਵਿਕਾਸ ਕਰਦਾ ਹੈ। ਅਮਰੂਦ ਦਾ ਨਿਯਮਿਤ ਸੇਵਨ ਕਰਨ ਨਾਲ ਤਿੰਨ ਚਾਰ ਦਿਨਾਂ 'ਚ ਹੀ ਮਲ ਸ਼ੁੱਧੀ ਹੋਣ ਲੱਗ ਜਾਂਦੀ ਹੈ। ਅਮਰੂਦ ਦੇ ਪੱਤਿਆਂ ਦਾ ਕਾੜ੍ਹਾ ਪਿਲਾਉਣ ਜਾਂ ਅਮਰੂਦ ਖਵਾਉਣ ਨਾਲ ਭੰਗ ਦਾ ਨਸ਼ਾ ਉੱਤਰ ਜਾਂਦਾ ਹੈ। ਕੱਚੇ ਅਮਰੂਦ ਨਹੀਂ ਖਾਣੇ ਚਾਹੀਦੇ ਇਹ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਕੱਚੇ ਅਮਰੂਦਾਂ ਨੂੰ ਪੱਥਰ ਤੇ ਪੀਸ ਕੇ ਸਿਰ 'ਤੇ ਲੇਪ ਕਰਨ ਨਾਲ ਮਾਈਗ੍ਰੇਨ ਦਾ ਦਰਦ ਠੀਕ ਹੋ ਜਾਂਦਾ ਹੈ। ਅਮਰੂਦ ਨਾਲ ਕੁੱਤਾ ਖਾਂਸੀ ਅਤੇ ਰੁਕੇ ਹੋਏ ਜ਼ੁਕਾਮ ਤੋਂ ਵੀ ਛੁਟਕਾਰਾ ਹੋ ਜਾਂਦਾ ਹੈ। ਕਫ ਵਾਲੀ ਖਾਂਸੀ ਹੋਵੇ ਤਾਂ ਅੱਗ 'ਚ ਅਮਰੂਦ ਭੁੰਨ ਕੇ ਖਾਣ ਨਾਲ ਆਰਾਮ ਮਿਲਦਾ ਹੈ। ਬਹੁਤ ਪੁਰਾਣੀ ਖਾਂਸੀ ਜ਼ੁਕਾਮ ਹੋਵੇ ਤਾਂ ਸਿਰਫ਼ ਤਿੰਨ ਦਿਨ ਕੇਵਲ ਅਮਰੂਦ ਦਾ ਸੇਵਨ ਕਰਨ ਨਾਲ ਹੀ ਵਧੀਆ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਅਮਰੂਦ ਪੁਰਾਣੇ ਦਸਤ, ਦੰਦ ਦਰਦ, ਫੋੜੇ ਫਿੰਸੀਆਂ, ਖ਼ੂਨ ਦੀ ਖ਼ਰਾਬੀ, ਮਲੇਰੀਆ, ਪੇਟ ਦਰਦ, ਗੁਦਾ ਦਾ ਬਾਹਰ ਨਿਕਲ ਆਉਣਾ, ਜ਼ਿਆਦਾ ਪਿਆਸ ਲੱਗਣਾ, ਅੱਖਾਂ ਦੇ ਰੋਗ, ਗਠੀਆ ਆਦਿ ਰੋਗਾਂ 'ਚ ਵਿਸ਼ੇਸ਼ ਤੌਰ 'ਤੇ ਹਿਤਕਾਰੀ ਹੈ।

ਅਮਰੂਦ ਦੇ ਪੱਤਿਆਂ ਦੀ ਚਾਹ ਕਾਰਬੋਹਾਈਡ੍ਰੇਟਸ ਨੂੰ ਸ਼ੂਗਰ 'ਚ ਬਦਲਣ ਤੋਂ ਰੋਕਦੀ ਹੈ।

98148-13674



## ਨਗਰ ਨਿਗਮ ਪੰਚਕੂਲਾ ਅਤੇ ਅੰਬਾਲਾ ਚੋਣ ਤਿਆਰੀਆਂ ਨੂੰ ਲੈ ਕੇ ਸਮੀਖਿਆ ਮੀਟਿੰਗ ਆਯੋਜਿਤ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਰਾਜ ਚੋਣ ਕਮਿਸ਼ਨਰ ਸ੍ਰੀ ਦੇਵੇਂਦਰ ਸਿੰਘ ਕਲਿਆਣ ਦੀ ਪ੍ਰਧਾਨਗੀ ਹੇਠ ਅੱਜ ਨਗਰ ਨਿਗਮ ਪੰਚਕੂਲਾ ਅਤੇ ਅੰਬਾਲਾ ਦੀਆਂ ਆਮ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਪੰਚਕੂਲਾ ਵਿੱਚ ਇੱਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਚੋਣ ਪ੍ਰਕਿਰਿਆ ਨੂੰ ਸੁਤੰਤਰ, ਨਿਰਪੱਖ, ਸ਼ਾਂਤੀਪੂਰਨ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੇ ਜ਼ਰੂਰੀ ਪ੍ਰਬੰਧਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ।

ਸ੍ਰੀ ਦੇਵੇਂਦਰ ਸਿੰਘ ਕਲਿਆਣ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵੋਟਰ ਸੂਚੀ, ਈਵੀਐਮ, ਚੋਣ ਸਮੱਗਰੀ, ਕਾਨੂੰਨ ਵਿਵਸਥਾ, ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਦੀ ਪਛਾਣ, ਪੋਲਿੰਗ ਸਟਾਫ਼ ਦੀ ਤਾਇਨਾਤੀ, ਸਿਖਲਾਈ, ਪੀਣ ਵਾਲਾ ਪਾਣੀ, ਬਿਜਲੀ, ਸਿਹਤ ਸੇਵਾਵਾਂ ਅਤੇ ਦਿਵਿਆਂਗ ਤੇ ਬਜ਼ੁਰਗ ਵੋਟਰਾਂ ਲਈ ਵਿਸ਼ੇਸ਼ ਸਹੂਲਤਾਂ ਸਮੇਤ ਸਾਰੇ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਏ ਜਾਣ।

ਮੀਟਿੰਗ ਵਿੱਚ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਚੋਣਾਂ ਦੇ ਸੁਚਾਰੂ ਸੰਚਾਲਨ ਲਈ ਲੋੜੀਂਦੀ ਗਿਣਤੀ ਵਿੱਚ ਈਵੀਐਮ ਅਤੇ ਹੋਰ ਚੋਣ ਸਮੱਗਰੀ ਦੀ ਉਪਲਬਧਤਾ ਪਹਿਲਾਂ ਹੀ ਯਕੀਨੀ ਬਣਾਈ ਜਾਵੇ, ਤਾਂ ਜੋ ਕਿਸੇ ਵੀ ਪੱਧਰ 'ਤੇ ਕੋਈ ਰੁਕਾਵਟ ਪੈਦਾ ਨਾ ਹੋਵੇ।

ਸ੍ਰੀ ਦੇਵੇਂਦਰ ਸਿੰਘ ਕਲਿਆਣ ਨੇ ਕਿਹਾ ਕਿ 13 ਅਪ੍ਰੈਲ 2026 ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੈ, ਇਸ ਲਈ ਚੋਣ ਕਾਰਜ ਨਾਲ ਜੁੜੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਦੀ ਬਦਲੀ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਨਹੀਂ ਕੀਤੀ ਜਾਵੇਗੀ। ਇਸ ਸਮੇਂ ਦੌਰਾਨ ਕਿਸੇ ਵੀ ਕਿਸਮ ਦੀ ਨਵੀਂ ਯੋਜਨਾ-ਪ੍ਰੋਜੈਕਟ ਦਾ ਨੀਂਹ ਪੱਥਰ ਜਾਂ ਉਦਘਾਟਨ ਨਹੀਂ ਕੀਤਾ ਜਾਵੇਗਾ।

ਰਾਜ ਚੋਣ ਕਮਿਸ਼ਨਰ ਨੇ ਦੱਸਿਆ ਕਿ ਨਗਰ ਨਿਗਮ ਪੰਚਕੂਲਾ ਦੀ ਵਾਰਡਵਾਰ ਅੰਤਿਮ ਵੋਟਰ ਸੂਚੀ 27 ਮਾਰਚ 2026 ਨੂੰ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ। ਨਿਯਮਾਂ ਅਨੁਸਾਰ ਚੋਣ ਪ੍ਰੋਗਰਾਮ ਜਾਰੀ ਹੋਣ ਤੋਂ ਲੈ ਕੇ ਨਾਮਜ਼ਦਗੀ ਦੀ ਅੰਤਿਮ ਮਿਤੀ ਤੱਕ ਸਬੰਧਤ ਰਿਟਰਨਿੰਗ ਅਫਸਰ ਨੂੰ ਯੋਗ ਵੋਟਰਾਂ ਦੇ ਨਾਮ ਸ਼ਾਮਲ ਕਰਨ ਦਾ ਅਧਿਕਾਰ ਹੋਵੇਗਾ। ਸਿਰਫ਼ ਉਨ੍ਹਾਂ ਵੋਟਰਾਂ ਦੇ ਨਾਮ ਹੀ ਸਬੰਧਤ ਵਾਰਡ ਵਿੱਚ ਜੋੜੇ ਜਾ ਸਕਣਗੇ, ਜਿਨ੍ਹਾਂ ਦਾ ਨਾਮ ਵਿਧਾਨ ਸਭਾ ਹਲਕੇ ਦੀ ਵੋਟਰ ਸੂਚੀ ਵਿੱਚ ਮੌਜੂਦ ਹੈ, ਪਰ ਨਗਰ ਨਿਗਮ ਦੀ ਵਾਰਡਵਾਰ ਸੂਚੀ ਵਿੱਚ ਸ਼ਾਮਲ ਨਹੀਂ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸੰਭਾਵੀ ਉਮੀਦਵਾਰ ਦਾ ਨਾਮ ਸਬੰਧਤ ਵਾਰਡ ਦੀ ਵੋਟਰ ਸੂਚੀ ਵਿੱਚ ਨਿਯਮ ਅਨੁਸਾਰ ਸ਼ਾਮਲ ਹੈ ਤਾਂ ਉਸ ਨੂੰ ਨਾਮਜ਼ਦਗੀ ਦਾਖਲ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।

ਰਾਜ ਚੋਣ ਕਮਿਸ਼ਨਰ ਨੇ ਸੰਵੇਦਨਸ਼ੀਲ ਅਤੇ ਅਤਿ-ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਦੀ ਤੁਰੰਤ ਪਛਾਣ ਕਰਕੇ ਉੱਥੇ ਲੋੜੀਂਦੀ ਪੁਲਿਸ ਫੋਰਸ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪੋਲਿੰਗ ਸਟੇਸ਼ਨਾਂ, ਗਿਣਤੀ ਕੇਂਦਰਾਂ ਅਤੇ ਹੋਰ ਮਹੱਤਵਪੂਰਨ ਸਥਾਨਾਂ 'ਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੁਖਤਾ ਸੁਰੱਖਿਆ ਬਲ ਉਪਲਬਧ ਰਹਿਣ।

ਉਨ੍ਹਾਂ ਪੁਲਿਸ ਵਿਭਾਗ ਨੂੰ ਸਮਾਜ ਵਿਰੋਧੀ ਅਨਸਰਾਂ, ਨਾਜਾਇਜ਼ ਸ਼ਰਾਬ, ਨਸ਼ੀਲੇ ਪਦਾਰਥਾਂ, ਹਥਿਆਰਾਂ ਅਤੇ ਅਪਰਾਧਿਕ ਗਤੀਵਿਧੀਆਂ 'ਤੇ ਕਰੜੀ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ। ਵੋਟਿੰਗ ਵਾਲੇ ਦਿਨ ਤੋਂ ਪਹਿਲਾਂ ਵਿਸ਼ੇਸ਼ ਮੁਹਿੰਮ ਚਲਾਉਣ, ਨਾਕੇ ਅਤੇ ਗਸ਼ਤ ਵਧਾਉਣ ਅਤੇ ਪੋਲਿੰਗ ਸਟੇਸ਼ਨਾਂ ਦੇ ਆਲੇ-ਦੁਆਲੇ ਵਾਹਨਾਂ ਦੀ ਆਵਾਜਾਈ ਨੂੰ ਕੰਟਰੋਲ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ। ਜਿੱਥੇ ਲੋੜ ਹੋਵੇ, ਉੱਥੇ ਸੀਸੀਟੀਵੀ ਕੈਮਰੇ ਲਗਾਉਣ ਦੇ ਨਿਰਦੇਸ਼ ਵੀ ਦਿੱਤੇ ਗਏ।

ਮੀਟਿੰਗ ਵਿੱਚ 09 ਮਈ ਤੋਂ 13 ਮਈ 2026 ਤੱਕ ਬਿਜਲੀ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਨਿਰਵਿਘਨ ਬਣਾਈ ਰੱਖਣ ਲਈ ਸਬੰਧਤ ਵਿਭਾਗਾਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕਰਨ 'ਤੇ ਜ਼ੋਰ ਦਿੱਤਾ ਗਿਆ। ਸਿਹਤ ਵਿਭਾਗ ਨੂੰ ਹਰੇਕ ਪੋਲਿੰਗ ਪਾਰਟੀ ਨੂੰ ਫਸਟ ਏਡ ਕਿੱਟ ਮੁਹੱਈਆ ਕਰਵਾਉਣ ਅਤੇ ਵੋਟਿੰਗ ਵਾਲੇ ਦਿਨ ਵੋਟਰਾਂ ਲਈ ਲੋੜੀਂਦੀ ਡਾਕਟਰੀ ਸਹਾਇਤਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ।

ਵੋਟਰਾਂ ਦੀ ਸਹੂਲਤ ਲਈ ਹੈਲਪ ਡੈਸਕ ਸਥਾਪਿਤ ਕਰਨ ਅਤੇ ਐਨ.ਐਸ.ਐਸ, ਐਨ.ਸੀ.ਸੀ), ਸਕਾਊਟਸ ਐਂਡ ਗਾਈਡਜ਼ ਦੇ ਵਲੰਟੀਅਰਾਂ ਦੀ ਸਹਾਇਤਾ ਲੈਣ ਦੇ ਨਿਰਦੇਸ਼ ਦਿੱਤੇ ਗਏ। ਸ੍ਰੀ ਕਲਿਆਣ ਨੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਦਿਵਿਆਂਗਾਂ, ਬਜ਼ੁਰਗਾਂ (80 ਸਾਲ ਤੋਂ ਵੱਧ ਉਮਰ) ਅਤੇ ਬਿਮਾਰ ਵੋਟਰਾਂ ਨੂੰ ਤਰਜੀਹ ਦੇ ਆਧਾਰ 'ਤੇ ਵੋਟਿੰਗ ਦੀ ਸਹੂਲਤ ਦਿੱਤੀ ਜਾਵੇ।

ਨਿਰਦੇਸ਼ ਦਿੱਤੇ ਗਏ ਕਿ ਵੋਟਰ ਸਲਿੱਪਾਂ 7 ਮਈ ਤੱਕ ਹਰ ਘਰ ਤੱਕ ਪਹੁੰਚਾਈਆਂ ਜਾਣ। ਇਹ ਯਕੀਨੀ ਬਣਾਇਆ ਜਾਵੇ ਕਿ ਸਲਿੱਪਾਂ ਥੋਕ ਵਿੱਚ ਨਾ ਦਿੱਤੀਆਂ ਜਾਣ, ਸਗੋਂ ਘਰ-ਘਰ ਜਾ ਕੇ ਵੰਡੀਆਂ ਜਾਣ। ਪਿਛਲੀ ਵਾਰ ਦੇ ਮੁਕਾਬਲੇ ਵੋਟ ਪ੍ਰਤੀਸ਼ਤ ਵਧਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣ ਲਈ ਵੀ ਕਿਹਾ ਗਿਆ।

ਜਿਨ੍ਹਾਂ ਵਿਦਿਅਕ ਸੰਸਥਾਵਾਂ ਵਿੱਚ ਪੋਲਿੰਗ ਜਾਂ ਗਿਣਤੀ ਕੇਂਦਰ ਬਣਾਏ ਜਾਣੇ ਹਨ, ਉੱਥੇ ਮੁਰੰਮਤ, ਸਫਾਈ ਅਤੇ ਬੁਨਿਆਦੀ ਸਹੂਲਤਾਂ ਨੂੰ ਤੁਰੰਤ ਦਰੁਸਤ ਕਰਨ ਲਈ ਕਿਹਾ ਗਿਆ।

ਚੋਣ ਸ਼ਿਕਾਇਤਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਨੋਡਲ ਅਫਸਰ ਨਿਯੁਕਤ ਕਰਨ ਅਤੇ 48 ਘੰਟਿਆਂ ਦੇ ਅੰਦਰ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਉਮੀਦਵਾਰਾਂ ਲਈ 'ਸਿੰਗਲ ਵਿੰਡੋ ਪੋਰਟਲ' ਸਥਾਪਿਤ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ।

ਮੀਟਿੰਗ ਦੌਰਾਨ ਸਪੱਸ਼ਟ ਕੀਤਾ ਗਿਆ ਕਿ ਲੋੜੀਂਦੀ ਐਨ.ਓ.ਸੀ (©®3) ਕੇਵਲ ਸਬੰਧਤ ਉਮੀਦਵਾਰ ਵੱਲੋਂ ਹੀ ਲਈ ਜਾਵੇਗੀ, ਉਸ ਦੇ ਪਰਿਵਾਰ ਦੇ ਕਿਸੇ ਹੋਰ ਮੈਂਬਰ ਵੱਲੋਂ ਨਹੀਂ।

ਇਸ ਮੌਕੇ ਪੰਚਕੂਲਾ ਦੇ ਡਿਪਟੀ ਕਮਿਸ਼ਨਰ ਸ੍ਰੀ ਸਤਪਾਲ ਸ਼ਰਮਾ, ਅੰਬਾਲਾ ਦੇ ਡਿਪਟੀ ਕਮਿਸ਼ਨਰ ਸ੍ਰੀ ਅਜੇ ਸਿੰਘ ਤੋਮਰ, ਰਾਜ ਚੋਣ ਕਮਿਸ਼ਨ ਦੇ ਸਕੱਤਰ ਸ੍ਰੀ ਗੌਰਵ ਕੁਮਾਰ ਸਮੇਤ ਕਈ ਸੀਨੀਅਰ ਅਧਿਕਾਰੀ ਹਾਜ਼ਰ ਸਨ।

## ਜਨਗਣਨਾ ਵਿੱਚ ਲਗੇ ਅਧਿਕਾਰੀ-ਕਰਮਚਾਰਿਆਂ ਦੇ ਤਬਾਦਲਿਆਂ 'ਤੇ ਰੋਕ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਜਨਗਣਨਾ-2027 ਦਾ ਸੁਚਾਰੂ ਸੰਚਾਲਨ ਯਕੀਨੀ ਕਰਨ ਦੇ ਉਦੇਸ਼ ਨਾਲ ਜਨਗਣਨਾ ਕੰਮ ਨਾਲ ਜੁੜੇ ਵੱਖ ਵੱਖ ਵਿਭਾਗਾਂ ਦੇ ਅਧਿਕਾਰਿਆਂ ਅਤੇ ਕਰਮਚਾਰਿਆਂ ਦੇ ਤਬਾਦਲਿਆਂ ਜਾਂ ਤੈਨਾਤੀ 'ਤੇ 31 ਮਾਰਚ, 2027 ਤੱਕ ਰੋਕ ਲਗਾਉਣ ਦਾ ਫੈਸਲਾ ਲਿਆ ਹੈ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਸਬੰਧਿਤ ਵਿਭਾਗਾਂ ਨੂੰ ਜਰੂਰੀ ਨਿਰਦੇਸ਼ ਜਾਰੀ ਕੀਤੇ ਗਏ ਹਨ।

ਰਾਜ ਸਰਕਾਰ ਦੇ ਫੈਸਲੇ ਅਨੁਸਾਰ, ਜਿਨ੍ਹਾਂ ਅਧਿਕਾਰਿਆਂ ਅਤੇ ਕਰਮਚਾਰਿਆਂ ਨੂੰ ਜਨਗਣਨਾ-2027 ਦੇ ਕੰਮ ਵਿੱਚ ਲਗਾਇਆ ਗਿਆ ਹੈ ਜਾਂ ਜੋ ਸਿੱਧੇ ਸਬੰਧਿਤ ਪ੍ਰਸ਼ਾਸਨਿਕ ਕੰਟ੍ਰੋਲ ਵਿੱਚ ਆਉਂਦੇ ਹਨ, ਉਨ੍ਹਾਂ ਦੇ ਤਬਾਦਲੇ '. 31 ਮਾਰਚ, 2027 ਤੱਕ ਰੋਕ ਲਾਗੂ ਰਵੇਗੀ।

ਇਹ ਆਦੇਸ਼ ਆਈਏਐਸ/ਐਚਸੀਐਸ ਅਧਿਕਾਰਿਆਂ, ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ, ਜ਼ਿਲ੍ਹਾ ਮਾਲ ਅਧਿਕਾਰਿਆਂ, ਸਿੱਖਿਆ ਵਿਭਾਗ, ਸ਼ਹਿਰੀ ਸਥਾਨਕ ਨਿਗਮ ਵਿਭਾਗ, ਆਰਥਿਕ ਅਤੇ ਆਂਕੜੇ ਵਿਭਾਗ ਅਤੇ ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਅਧਿਕਾਰਿਆਂ ਅਤੇ ਕਰਮਚਾਰਿਆਂ 'ਤੇ ਲਾਗੂ ਹੋਵੇਗਾ।

ਰਾਜ ਸਰਕਾਰ ਨੇ ਇਨ੍ਹਾਂ ਆਦੇਸ਼ਾਂ ਦੀ ਜਾਣਕਾਰੀ ਸਾਰੇ ਸਬੰਧਿਤ ਅਧਿਕਾਰਿਆਂ ਅਤੇ ਕਰਮਚਾਰਿਆਂ ਤੱਕ ਪਹੁੰਚਾਉਣ ਅਤੇ ਇਨ੍ਹਾਂ ਦਾ ਸਖਤੀ ਨਾਲ ਪਾਲਨ ਕਰਨ ਦੇ ਨਿਰਦੇਸ਼ ਦਿੱਤੇ ਹਨ।

ਧਿਆਨ ਦੇਣ ਯੋਗ ਹੈ ਕਿ ਜਨਗਣਨਾ ਕੰਮ ਲਈ ਵੱਖ ਵੱਖ ਪੱਧਰਾਂ 'ਤੇ ਅਧਿਕਾਰਿਆਂ ਦੀ ਨਿਯੁਕਤੀ ਕੀਤੀ ਗਈ ਹੈ। ਇਸ ਦੇ ਤਹਿਤ ਡਿਵਿਜਨਲ ਕਮੀਸ਼ਨਰਾਂ ਨੂੰ ਮੰਡਲ ਜਨਗਣਨਾ ਅਧਿਕਾਰੀ, ਡਿਪਟੀ ਕਮੀਸ਼ਨਰਾਂ ਨੂੰ ਪ੍ਰਧਾਨ ਜਨਗਣਨਾ ਅਧਿਕਾਰੀ ਅਤੇ ਵਧੀਕ ਡਿਪਟੀ ਕਮੀਸ਼ਨਰਾਂ ਅਤੇ ਸਿਟੀ ਮਜਿਸਟ੍ਰੇਟਾਂ ਨੂੰ ਜ਼ਿਲ੍ਹਾ ਜਨਗਣਨਾ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ।

ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਆਂਕੜਾ ਅਧਿਕਾਰੀ, ਜ਼ਿਲ੍ਹਾ ਯੋਜਨਾ ਅਧਿਕਾਰੀ, ਜ਼ਿਲ੍ਹਾ ਸਿੱਖਿਆ ਅਧਿਕਾਰੀ, ਜ਼ਿਲ੍ਹਾ ਮੌਲਿਕ ਸਿੱਖਿਆ ਅਧਿਕਾਰੀ, ਜ਼ਿਲ੍ਹਾ ਮਾਲ ਅਧਿਕਾਰੀ ਅਤੇ ਜ਼ਿਲ੍ਹਾ ਸੂਚਨਾ ਅਧਿਕਾਰੀ ਨੂੰ ਉਪ ਜ਼ਿਲ੍ਹਾ ਜਨਗਣਨਾ ਅਧਿਕਾਰੀ ਬਣਾਇਆ ਗਿਆ ਹੈ।

ਸਬ-ਡਿਵਿਜਨ ਪੱਧਰ 'ਤੇ ਉਪਮੰਡਲ ਅਧਿਕਾਰੀ ( ਸਿਵਲ ) / ਸਬ ਮਜਿਸਟ੍ਰੇਟ ਨੂੰ ਸਬ ਡਿਵਿਜਨਲ ਜਨਗਣਨਾ ਅਧਿਕਾਰੀ, ਤਹਿਸੀਲਦਾਰਾਂ ਨੂੰ ਚਾਰਜ ਜਨਗਣਨਾ ਅਧਿਕਾਰੀ ਅਤੇ ਨਾਇਬ ਤਹਿਸੀਲਦਾਰਾਂ ਨੂੰ ਸਹਾਇਕ ਚਾਰਜ ਜਨਗਣਨਾ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ।

ਨਗਰ ਨਿਗਮ ਖੇਤਰਾਂ ਵਿੱਚ ਨਗਰ ਨਿਗਮ ਕਮੀਸ਼ਨਰਾਂ ਨੂੰ ਪ੍ਰਧਾਨ ਜਨਗਣਨਾ ਅਧਿਕਾਰੀ, ਵਧੀਕ ਕਮੀਸ਼ਨਰਾਂ ਅਤੇ ਜ਼ਿਲ੍ਹਾ ਨਗਰ ਕਮੀਸ਼ਨਰਾਂ ਨੂੰ ਸਿਟੀ ਜਨਗਣਨਾ ਅਧਿਕਾਰੀ ਅਤੇ ਨਗਰ ਪਰਿਸ਼ਦਾਂ/ਕਮੇਟਿਆਂ ਦੇ ਸੀਈਓ, ਕਾਰਜਕਾਰੀ ਅਧਿਕਾਰਿਆਂ ਅਤੇ ਸਕੱਤਰਾਂ ਨੂੰ ਚਾਰਜ ਜਨਗਣਨਾ ਅਧਿਕਾਰੀ ਦੀ ਜ਼ਿੰਮੇਦਾਰੀ ਦਿੱਤੀ ਗਈ ਹੈ।

## ਸੰਤ ਕਬੀਰ ਜੀ ਦੇ ਵਿਚਾਰ ਅੱਜ ਵੀ ਮਨੁੱਖਤਾ ਨੂੰ ਸਹੀ ਦਿਸ਼ਾ ਵਿਖਾਉਣ ਵਾਲੇ : ਮੁੱਖ ਮੰਤਰੀ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੰਤ ਸ਼ਿਰੋਮਣੀ ਕਬੀਰ ਦਾਸ ਜੀ ਦੇ ਵਿਚਾਰ ਅਤੇ ਸਿੱਖਿਆਵਾਂ ਅੱਜ ਦੇ ਦੌਰ ਵਿੱਚ ਵੀ ਬਹੁਤਾ ਪ੍ਰਾਸੰਗਿਕ ਹਨ। ਉਨ੍ਹਾਂ ਨੇ ਕਿਹਾ ਕਿ ਕਬੀਰ ਜੀ ਨੇ 15ਵੀਂ ਸ਼ਤਾਬਦੀ ਵਿੱਚ ਸਮਾਜ ਵਿੱਚ ਵਿਆਪਤ ਧਾਰਮਿਕ ਕੱਟੜਤਾ, ਪਾਖੰਡ ਅਤੇ ਭੇਦਭਾਵ ਵਿਰੁਧ ਜੋ ਕ੍ਰਾਂਤੀਕਾਰੀ ਆਵਾਜ ਚੁੱਕੀ ਸੀ, ਉਹ ਅੱਜ ਵੀ ਸਮਾਜ ਨੂੰ ਏਕਤਾ, ਸਮਰਸਤਾ ਅਤੇ ਵਿਸ਼ਵ ਭਾਈਚਾਰੇ ਦਾ ਰਸਤਾ ਵਿਖਾਉਂਦੀ ਹੈ।

ਮੁੱਖ ਮੰਤਰੀ ਸ਼ੁੱਕਰਵਾਰ ਨੂੰ ਪੰਜਾਬ ਦੇ ਮੋਹਾਲੀ ਵਿੱਚ ਸੰਤ ਕਬੀਰ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਯੋਜਿਤ ਇੱਕ ਸੇਮਿਨਾਰ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਜਿੱਥੇ ਸੰਤਾਂ ਦੀ ਵਾਣੀ ਗੂੰਜਦੀ ਹੈ, ਉਹ ਸਥਾਨ ਸਿਰਫ ਸੇਮਿਨਾਰ ਨਹੀਂ ਸਗੋਂ ਸਤਸੰਗ ਦਾ ਰੂਪ ਲੈ ਜਾਂਦਾ ਹੈ। ਅਜਿਹੇ ਆਯੋਜਨਾਂ ਨਾਲ ਸਮਾਜ ਵਿੱਚ ਸਰਗਰਮ ਊਰਜਾ ਦਾ ਸੰਚਾਰ ਹੁੰਦਾ ਹੈ ਅਤੇ ਅਧਿਆਤਮ ਰਾਹੀਂ ਸ਼ਾਂਤੀ ਦਾ ਅਨੁਭਵ ਹੁੰਦਾ ਹੈ।

ਸ੍ਰੀ ਸੈਣੀ ਨੇ ਕਿਹਾ ਕਿ ਮੌਜੂਦਾ ਵਿਸ਼ਵ ਵਿਆਪੀ ਦ੍ਰਿਸ਼ਟੀਕੋਣ ਵਿੱਚ ਜਦੋਂ ਵਿਸ਼ਵ ਵੱਖ ਵੱਖ ਤਰ੍ਹਾਂ ਦੇ ਤਣਾਓ ਅਤੇ ਸੰਘਰਸ਼ਾਂ ਨਾਲ ਜੂਝ ਰਿਹਾ ਹੈ, ਅਜਿਹੇ ਸਮੇ ਵਿੱਚ ਸੰਤ ਕਬੀਰ ਜੀ ਦਾ ਦਰਸ਼ਨ ਹੋਰ ਵੀ ਵੱਧ ਮਹੱਤਵਪੂਰਨ ਹੋ ਜਾਂਦਾ ਹੈ। ਉਨ੍ਹਾਂ ਦੇ ਵਿਚਾਰ ਮਨੁੱਖੀ ਸਮਾਜ ਲਈ ਪ੍ਰਕਾਸ਼ ਥੰਭ ਵਾਂਗ ਹਨ ਜੋ ਸ਼ਾਂਤੀ, ਪ੍ਰੇਮ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ।

ਉਨ੍ਹਾਂ ਨੇ ਸੰਤ ਕਬੀਰ ਜੀ ਨੂੰ ਸੱਚਾ ਮਨੁੱਖੀਵਾਦੀ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੇ ਜਾਤ-ਪਾਤ, ਉੱਚ-ਨੀਚ ਅਤੇ ਹਰ ਤਰ੍ਹਾਂ ਦੇ ਭੇਦਭਾਵ ਦਾ ਮਜਬੂਤੀ ਨਾਲ ਵਿਰੋਧ ਕੀਤਾ। ਉਨ੍ਹਾਂ ਦੀ ਵਾਣੀ ਦੀ ਸਰਲਤਾ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਸ਼ਕਤੀ ਸੀ ਜੋ ਸਿੱਧੇ ਜਨ-ਮਾਨਸ ਵਿੱਚ ਉਤਰ ਜਾਂਦੀ ਸੀ ਅਤੇ ਅੱਜ ਵੀ ਪੀਢੀ ਦਰ ਪੀਢੀ ਲੋਕਾਂ ਨੂੰ ਪ੍ਰੇਰਿਤ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਸੰਤ-ਮਹਾਂਪੁਰਖਾਂ ਦੇ ਵਿਚਾਰਾਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਸੰਤ-ਮਹਾਂਪੁਰਖ ਵਿਚਾਰ ਸਨਮਾਨ ਅਤੇ ਪ੍ਰਸਾਰ ਯੋਜਨਾ ਸੰਚਾਲਿਤ ਕਰ ਰਹੀ ਹੈ। ਰਾਜ ਸਰਕਾਰ ਸੰਤ ਕਬੀਰ ੧ੀ ਦੇ ਸਮਾਨਤਾ ਅਤੇ ਸਮਰਸਤਾ ਦੇ ਸਿੱਧਾਂਤਾਂ 'ਤੇ ਚਲਦੇ ਹੋਏ ਸਮਾਜ ਦੇ ਅੰਤਮ ਵਿਅਕਤੀ ਤੱਕ ਵਿਕਾਸ ਦਾ ਲਾਭ ਪਹੁੰਚਾਉਣ ਲਈ ਪ੍ਰਤੀਬੱਧ ਹੈ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਰਾਹੀਂ ਆਰਥਿਕ ਰੂਪ ਨਾਲ ਕਮਜੋਰ ਵਰਗ ਦੇ ਬੁਜੁਰਗਾਂ ਨੂੰ ਵੱਖ ਵੱਖ ਧਾਰਮਿਕ ਸਥਲਾਂ ਦੇ ਦਰਸ਼ਨ ਕਰਾਏ ਜਾ ਰਹੇ ਹਨ। ਹਾਲ ਹੀ ਵਿੱਚ ਅੰਬਾਲਾ ਤੋਂ ਅਯੋਧਿਆ ਲਈ ਵਿਸ਼ੇਸ਼ ਟ੍ਰੇਨ ਨੂੰ ਰਵਾਨਾ ਕੀਤਾ ਗਿਆ ਹੈ ਅਤੇ ਅੱਗੇ ਵੀ ਹੋਰ ਤੀਰਥ ਸਥਲਾਂ ਲਈ ਯਾਤਰਾਵਾਂ ਆਯੋਜਿਤ ਕੀਤੀ ਜਾ ਰਹੀਆਂ ਹਨ।

ਇਸ ਦੇ ਇਲਾਵਾ ਸੋਨ ਜੈਯੰਤੀ ਗੁਰੂ ਦਰਸ਼ਨ ਯਾਤਰਾ ਯੋਜਨਾ ਤਹਿਤ ਸਿੱਖ ਧਰਮ ਨਾਲ ਜੁੜੇ ਪ੍ਰਮੁੱਖ ਤੀਰਥ ਸਥਲਾਂ ਲਈ ਵਿਤੀ ਸਹਾਇਤਾ ਪ੍ਰਤਾਨ ਕੀਤੀ ਜਾ ਰਹੀ ਹੈ। ਨਾਲ ਹੀ ਸੋਨ ਜੈਯੰਤੀ ਸਿੰਧੂ ਦਰਸ਼ਨ ਯੋਜਨਾ ਅਤੇ ਕੈਲਾਸ਼ ਮਾਨਸਰੋਵਰ ਯਾਤਰਾ ਯੋਜਨਾ ਅਤੇ ਕੈਲਾਸ਼ ਮਾਨਸਰੋਵਰ ਯਾਤਰਾ ਯੋਜਨਾ ਰਾਹੀਂ ਵੀ ਸ਼ਰਧਾਲੂਆਂ ਨੂੰ ਸਹਿਯੋਗ ਦਿੱਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੰਤ ਕਬੀਰ ਜੀ ਨੇ ਆਪਣੇ ਜੀਵਨ ਰਾਹੀਂ ਇਹ ਸੰਦੇਸ਼ ਦਿੱਤਾ ਕਿ ਸਮਾਜ ਵਿੱਚ ਏਕਤਾ ਅਤੇ ਭਾਈਚਾਰੇ ਬਣਾਏ ਰੱਖਣਾ ਬਹੁਤਾ ਜਰੂਰੀ ਹੈ। ਉਨ੍ਹਾਂ ਦੇ ਵਿਚਾਰਾਂ ਨੂੰ ਅਪਨਾਕੇ ਹੀ ਇੱਕ ਸਮਰਸ ਅਤੇ ਭੇਦਭਾਵ ਮੁਕਤ ਸਮਾਜ ਦਾ ਨਿਰਮਾਣ ਸੰਭਵ ਹੈ।

ਉਨ੍ਹਾਂ ਨੇ ਆਯੋਜਕਾਂ ਦੀ ਯਤਨਾਂ ਦੀ ਸਲਾਂਘਾ ਕਰਦੇ ਹੋਏ ਕਿਹਾ ਕਿ ਸੰਤਾਂ ਦੀ ਵਾਣੀ ਨੂੰ ਸਿਰਫ ਪਢਨਾ ਹੀ ਨਹੀਂ , ਸਗੋਂ ਉਸ ਨੂੰ ਆਪਣੇ ਆਚਰਨ ਵਿੱਚ ਉਤਾਰਨਾ ਹੀ ਸੱਚੀ ਸ਼ਰਧਾ ਹੈ। ਮੁੱਖ ਮੰਤਰੀ ਨੇ ਸੰਤ ਕਬੀਰ ਦਾਸ ਜੀ ਦੇ ਚਰਣਾਂ ਵਿੱਚ ਸ਼ਰਧਾ ਸੁਮਨ ਅਰਪਿਤ ਕਰਦੇ ਹੋਏ ਸਾਰੇ ਨਾਗਰਿਕਾਂ ਨਾਲ ਉਨ੍ਹਾਂ ਦੇ ਆਦਰਸ਼ਾਂ 'ਤੇ ਚਲਣ ਦੀ ਅਪੀਲ ਕੀਤੀ।

ਸੇਮੀਨਾਰ ਦਾ ਆਯੋਜਨ ਭਗਤ ਕਬੀਰ ਵੇਲਫੇਅਰ ਫਾਉਂਡੇਸ਼ਨ ਵੱਲੋਂ ਕੀਤਾ ਗਿਆ। ਇਸ ਮੌਕੇ 'ਤੇ ਰਾਜਸਭਾ ਸਾਂਸਦ ਡਾ. ਸੁਭਾਸ਼ ਸ਼ਰਮਾ, ਅਮਨਜੋਤ ਕੌਰ, ਡਾ. ਕੁਲਦੀਪ ਅਗਨੀਹੋਤਰੀ, ਪ੍ਰੇਮ ਸਿੰਘ ਢਿੱਲੋਂ, ਸਤਿੰਦਰ ਸੱਤੀ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।

## ਹਰਿਆਣਾ ਵਿੱਚ ਮਾਲ ਸ਼ਿਕਾਇਤਾਂ ਦਾ 48 ਘੰਟੇ ਵਿੱਚ ਹੋਵੇਗਾ ਹੱਲ, ਨਾਗਰਿਕ ਹੇਲਪਡੇਸਕ ਲਾਂਚ : ਡਾ. ਸੁਮਿਤਾ ਮਿਸ਼ਰਾ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਹਰਿਆਣਾ ਦੇ ਮਾਲਿਆ ਵਿਭਾਗ ਨੇ ਰਜਿਸਟ੍ਰੇਸ਼ਨ ਅਤੇ ਹੋਰ ਮਾਲਿਆ ਸੇਵਾਵਾਂ ਨਾਲ ਜੁੜੀ ਜਨ ਸ਼ਿਕਾਇਤਾਂ ਦੇ ਸਮੇਂਬੱਧ ਹੱਲ ਲਈ ਇੱਕ ਸਮਰਪਿਤ ਸਿਟਿਜਨ ਹੇਲਪਡੇਸਕ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।

ਮਾਲਿਆ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਵਿਤੀਕਮੀਸ਼ਨਰ ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਆਦੇਸ਼ਾਨੁਸਾਰ ਸ਼ੁਰੂ ਕੀਤੀ ਗਈ ਇਸ ਪਹਿਲ ਦਾ ਉਦੇਸ਼ ਸ਼ਿਕਾਇਤਾਂ ਦੇ ਹੱਲ ਵਿੱਚ ਹੋਣ ਵਾਲੀ ਦੇਰੀ ਨੂੰ ਖਤਮ ਕਰਨਾ, ਅਨਿਅਮਿਤੱਤਾ 'ਤੇ ਰੋਕ ਲਗਾਉਣਾ ਅਤੇ ਰਾਜਭਰ ਵਿੱਚ ਸਰਕਾਰੀ ਸੇਵਾਵਾਂ ਨੂੰ ਹੋਰ ਵੱਧ ਨਾਗਰਿਕ-ਅਨੁਕੂਲ ਬਨਾਉਣਾ ਹੈ।

ਉਨ੍ਹਾਂ ਨੇ ਦੱਸਿਆ ਕਿ ਨਾਗਰਿਕ ਹੇਲਪਡੇਸਕ ਇੱਕ ਸਿੰਗਲ-ਵਿੰਡੋ ਪਲੇਟਫਾਰਮ ਵੱਜੋਂ ਕੰਮ ਕਰੇਗਾ, ਜਿੱਥੇ ਹਰਿਆਣਾ ਦੇ ਨਿਵਾਸੀ ਤਹਿਸੀਲਾਂ ਵਿੱਚ ਟੋਕਨ ਦੇ ਅਨੁਮੋਦਨ ਵਿੱਚ ਦੇਰੀ, ਆਨਲਾਇਨ ਰਜਿਸਟ੍ਰੇਸ਼ਨ ਪ੍ਰਣਾਲੀ ਵਿੱਚ ਤਕਨੀਕੀ ਕਮਿਆਂ, ਪੇਪਰਲੇਸ ਰਜਿਸਟ੍ਰੇਸ਼ਨ ਨਾਲ ਜੁੜੀ ਸਮੱਸਿਆਵਾਂ, ਭ੍ਰਿਸ਼ਟਾਚਾਰ, ਅਧਿਕਾਰਿਆਂ ਵੱਲੋਂ ਉਤਪੀੜਨ ਜਾਂ ਸਰਕਾਰੀ ਸੇਵਾਵਾਂ, ਵਿਸ਼ੇਸ਼ਕਰ ਜਾਇਦਾਦ ਰਜਿਸਟ੍ਰੇਸ਼ਨ ਨਾਲ ਸਬੰਧਿਤ ਕਿਸੇ ਵੀ ਤਰ੍ਹਾਂ ਦੀ ਅਨਿਅਮਿਤੱਤਾ ਬਾਰੇ ਵਿੱਚ ਸ਼ਿਕਾਇਤ ਦਰਜ ਕਰਵਾ ਸਕਣਗੇ।

ਡਾ. ਮਿਸ਼ਰਾ ਨੇ ਦੱਸਿਆ ਕਿ ਨਾਗਰਿਕ ਦੋ ਮੀਡੀਅਮਾਂ ਨਾਲ ਹੇਲਪਡੇਸਕ ਨਾਲ ਸੰਪਰਕ ਕਰ ਸਕਦੇ ਹਨ-ਨਿਰਧਾਰਿਤ ਲੈਂਡਲਾਇਨ ਨੰਬਰ 0172-271-1693 'ਤੇ ਕਾਲ ਕਰਕੇ ਜਾਂ ਅਧਿਕਾਰਿਕ ਈਮੇਲ ਹੇਲਪਡੇਸਕ-ਆਰਈਵੀ ਐਟ ਐਚਆਰਵਾਈ ਡਾਟ ਜੀਓਵੀ ਡਾਟ ਇਨ 'ਤੇ ਲਿੱਖ ਕੇ। ਇਹ ਹੇਲਪਡੇਸਕ ਸੋਮਵਾਰ ਤੋਂ ਸ਼ੁਕੱਰਵਾਰ ਤੱਕ ਸਾਰੇ ਕਾਰਜ ਦਿਵਸਾਂ 'ਤੇ ਸਵੇਰੇ ੯30 ਬਜੇ ਤੋਂ ੬30 ਬਜੇ ਤੱਕ ਸੰਚਾਲਿਤ ਰਵੇਗਾ। ਸ਼ਿਕਾਇਤ ਦਰਜ ਹੋਣ ਤੋਂ ਬਾਅਦ ਸ਼ਿਕਾਇਤਕਰਤਾ ਦੇ ਰਜਿਸਟਰਡ ਮੋਬਾਇਲ ਨੰਬਰ 'ਤੇ ਆਟੋ-ਜਨਰੇਟੇਡ ਯੂਨਿਕ ਸ਼ਿਕਾਇਤ ਨੰਬਰ ਭੇਜਿਆ ਜਾਵੇਗਾ। ਇਸ ਨਾਲ ਸ਼ਿਕਾਇਤ ਦੀ ਰੀਅਲ-ਟਾਇਮ ਟ੍ਰੈਕਿੰਗ ਸੰਭਵ ਹੋਵੇਗੀ ਅਤੇ ਨਾਗਰਿਕ ਬਿਨਾ ਵਾਰ-ਵਾਰ ਸਰਕਾਰੀ ਦਫ਼ਤਰ ਗਏ ਆਪਣੀ ਸ਼ਿਕਾਇਤ ਦੀ ਸਥਿਤੀ ਜਾਣ ਸਕਣਗੇ, ਜਿਸ ਨਾਲ ਪ੍ਰਕਿਰਿਆ ਵਿੱਚ ਪਾਰਦਰਸ਼ਿਤਾ ਵਧੇਗੀ।

ਉਨ੍ਹਾਂ ਨੇ ਦੱਸਿਆ ਕਿ ਇਸ ਪਹਿਲ ਤਹਿਤ ਨਿਰਧਾਰਿਤ ਸਮੇ ਮਿਆਦ ਵਿੱਚ ਸਮੱਸਿਆ ਦਾ ਹੱਲ ਜਰੂਰੀ ਹੋਵੇਗਾ। ਜੇਕਰ ਰਜਿਸਟ੍ਰੇਸ਼ਨ ਟੋਕਨ ਪੰਜ ਦਿਨਾਂ ਅੰਦਰ ਅਨੁਮੋਦਿਤ ਨਹੀਂ ਹੁੰਦਾ ਹੈ, ਤਾਂ ਨਾਗਰਿਕ ਸਿੱਧੇ ਹੇਲਪਡੇਸਕ 'ਤੇ ਮਾਮਲਾ ਚੱਕ ਸਕਦੇ ਹਨ। ਕਿਸੇ ਵੀ ਪੜਾਅ ਵਿੱਚ ਬੇਵਜਹ ਦੇਰੀ ਹੋਣ 'ਤੇ ਟੋਕਨ ਧਾਰਕਾਂ ਨੂੰ ਤੁਰੰਤ ਸੰਪਰਕ ਕਰਨ ਲਈ ਪ੍ਰੋਤਸਾਹਿਤ ਕੀਤਾ ਗਿਆ ਹੈ।ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਟੋਕਨ ਅਨੁਮੋਦਿਤ ਹੋਣ ਤੋਂ ਬਾਅਦ ਬਿਨੈਕਾਰਾਂ ਨੂੰ ਦਸ ਦਿਨਾਂ ਅੰਦਰ ਅਪਾਇੰਟਮੇਂਟ ਬੁਕ ਕਰਨਾ ਹੋਵੇਗਾ, ਨਹੀਂ ਤਾਂ ਸਿਸਟਮ ਵੱਲੋਂ ਟੋਕਨ ਆਪਣੇ ਆਪ ਰੱਦ ਕਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਜੇਕਰ ਅਪਾਇੰਟਮੇਂਟ ਬੁਕ ਹੋਣ ਤੋਂ ਬਾਅਦ ਬੀਸ ਦਿਨਾਂ ਅੰਦਰ ਰਜਿਸਟ੍ਰੇਸ਼ਨ ਪ੍ਰਕਿਰਿਆ ਪੂਰੀ ਨਹੀਂ ਹੁੰਦੀ ਹੈ ਤਾਂ ਸਬੰਧਿਤ ਟੋਕਨ ਵੀ ਆਪਣੇ ਆਪ ਰੱਦ ਹੋ ਜਾਵੇਗਾ।

ਹੇਲਪਡੇਸਕ ਰਾਹੀਂ ਦਰਜ ਸਾਰੀ ਸ਼ਿਕਾਇਤਾਂ ਦਾ ਨਿਪਟਾਨ 48 ਘੰਟੇ ਅੰਦਰ ਕਰਨਾ ਜਰੂਰੀ ਹੋਵੇਗਾ। ਇਹ ਸਖਤ ਸਮੇ-ਸੀਮਾ ਵਿਭਾਗ ਦੀ ਤੁਰੰਤ ਕਾਰਵਾਈ ਦੀ ਪ੍ਰਤੀਬੱਧਤਾ ਨੂੰ ਦਰਸ਼ਾਉਂਦੀ ਹੈ ਅਤੇ ਇਸ ਨਾਲ ਪੈਂਡਿੰਗ ਸ਼ਿਕਾਇਤਾਂ ਵਿੱਚ ਵਰਣਯੋਗ ਕਮੀ ਆਣ ਦੀ ਉੱਮੀਦ ਹੈ।

ਉਨ੍ਹਾਂ ਨੇ ਦੱਸਿਆ ਕਿ ਇਹ ਯਕੀਨੀ ਕਰਨ ਲਈ ਕਿ ਹੇਲਪਡੇਸਕ ਆਪ ਕੋਈ ਪ੍ਰਸ਼ਾਸਨਿਕ ਰੁਕਾਵਟ ਨਾ ਬਣ ਜਾਵੇ, ਇੱਕ ਕੇਂਦਰੀਕ੍ਰਿਤ ਮਾਨਿਟਰਿੰਗ ਡੈਸ਼ਬੋਰਡ ਵੀ ਸਥਾਪਿਤ ਕੀਤਾ ਗਿਆ ਹੈ। ਇਸ ਡੈਸ਼ਬੋਰਡ ਤੱਕ ਮਾਲਿਆ ਵਿਤੀ ਕਮੀਸ਼ਨਰ ਅਤੇ ਡਿਪਟੀ ਕਮੀਸ਼ਨਰਾਂ ਦੀ ਸਿੱਧੀ ਪਹੁੰਚ ਹੋਵੇਗੀ ਜਿਸ ਨਾਲ ਉਹ ਸ਼ਿਕਾਇਤ ਨਿਪਟਾਨ ਦੀ ਸਥਿਤੀ ਨੂੰ ਰਿਅਲ-ਟਾਇਮ ਵਿੱਚ ਵੇਖ ਸਕਣਗੇਉਨ੍ਹਾਂ ਨੇ ਦੱਸਿਆ ਕਿ ਪੇਪਰਲੇਸ ਰਜਿਸਟ੍ਰੇਸ਼ਨ ਨਾਲ ਸਬੰਧਿਤ ਸ਼ਿਕਾਇਤਾਂ ਲਈ ਨਾਗਰਿਕਾਂ ਨੂੰ ਸ਼ਿਕਾਇਤ ਦਰਜ ਕਰਦੇ ਸਮੇ ਆਪਣਾ ਰਜਿਸਟ੍ਰੇਸ਼ਨ ਟੋਕਨ ਨੰਬਰ ਦੇਣਾ ਜਰੂਰੀ ਹੋਵੇਗਾ ਜਿਸ ਨਾਲ ਸਬੰਧਿਤ ਮਾਮਲੇ ਦੀ ਤੁਰੰਤ ਪਛਾਣ ਅਤੇ ਹੱਲ ਸੰਭਵ ਹੋ ਸਕੇ।

ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਇਹ ਪਹਿਲ ਮਾਲਿਆ ਸੇਵਾਵਾਂ ਨੂੰ ਹੋਰ ਵੱਧ ਸੁਰੱਖਿਅਤ, ਪਾਰਦਰਸ਼ੀ ਅਤੇ ਨਾਗਰਿਕ-ਅਨੁਕੂਲ ਬਨਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਰਾਹੀਂ ਨਾਗਰਿਕਾਂ ਨੂੰ ਸਮੱਸਿਆਵਾਂ ਦੱਸਣ ਲਈ ਇੱਕ ਸਿੱਧਾ ਅਤੇ ਸੁਲਭ ਮੀਡੀਅਮ ਉਪਲਬਧ ਕਰਵਾ ਕੇ ਅਤੇ ਅਧਿਕਾਰਿਆਂ ਨੂੰ ਨਿਰਧਾਰਿਤ ਸਮਾ-ਸੀਮਾ ਤਹਿਤ ਜੁਆਬਦੇਹ ਬਣਾ ਕੇ, ਹਰਿਆਣਾ ਸਰਕਾਰ ਨੇ ਸਪਸ਼ਟ ਸੰਕੇਤ ਦਿੱਤਾ ਹੈ ਕਿ ਸਿਵਲ ਸੇਵਾ ਵੰਡ ਵਿੱਚ ਕਿਸੇ ਵੀ ਪੱਧਰ 'ਤੇ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਮਾਵਾਂ ਧੀਆਂ ਸਤਿਕਾਰ ਯੋਜਨਾ ਦੀ ਰਜਿਸਟ੍ਰੇਸ਼ਨ ਪਟਿਆਲਾ ਜ਼ਿਲ੍ਹਾ ਪੰਜਾਬ ਭਰ ਚੋਂ ਪਹਿਲੇ ਸਥਾਨ ਉਤੇ : ਸਿਹਤ ਮੰਤਰੀ



**ਪਟਿਆਲਾ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕਰਕੇ ਪਟਿਆਲਾ ਦਿਹਾਤੀ ਵਿਧਾਨ ਸਭਾ ਹਲਕੇ ਵਿੱਚ ਚੱਲ ਰਹੇ ਅਤੇ ਪ੍ਰਸਤਾਵਿਤ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਸਿਹਤ ਮੰਤਰੀ ਨੇ ਦੱਸਿਆ ਕਿ ਮਾਵਾਂ ਧੀਆਂ ਸਤਿਕਾਰ ਯੋਜਨਾ ਦੀ ਰਜਿਸਟ੍ਰੇਸ਼ਨ ਵਿੱਚ ਪਟਿਆਲਾ ਪਹਿਲੇ ਸਥਾਨ ਉਤੇ ਹੈ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਦੀ ਰਜਿਸਟ੍ਰੇਸ਼ਨ ਵਿੱਚ ਵੀ ਪਟਿਆਲਾ ਮੋਹਰੀ ਹੈ ਤੇ ਇਹ ਜ਼ਿਲ੍ਹਾ ਦੂਜੇ ਸਥਾਨ ਉਤੇ ਹੈ।

ਮੀਟਿੰਗ ਦੌਰਾਨ, ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਲਾਭਪਾਤਰੀ ਪਰਿਵਾਰਾਂ ਦੇ ਕਾਰਡ ਬਣਾਏ ਜਾਣ ਦਾ ਜਾਇਜ਼ਾ ਲਿਆ ਅਤੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਸਰਕਾਰੀ ਵਿਭਾਗਾਂ ਦੇ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵੀ ਆਪਣੇ ਸਿਹਤ ਕਾਰਡ ਬਣਵਾਏ ਜਾਣ ਤੇ ਇਸ ਯੋਜਨਾ ਦਾ ਲਾਭ ਹੇਠਲੇ ਪੱਧਰ ਉਤੇ ਪਹੁੰਚਾਉਣ ਲਈ ਵੱਧ ਤੋਂ ਵੱਧ ਲੋਕਾਂ ਦੇ ਸਿਹਤ ਕਾਰਡ ਬਣਵਾਏ ਜਾਣ।

ਸਿਹਤ ਮੰਤਰੀ ਨੇ ਕਿਹਾ ਕਿ ਇਸ ਸਕੀਮ ਤਹਿਤ ਸੂਬੇ ਦੇ ਹਰੇਕ ਪਰਿਵਾਰ ਨੂੰ 10 ਲੱਖ ਤੱਕ ਇਲਾਜ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਯੋਜਨਾ ਦੇ ਲਾਗੂਕਰਨ ਦੀ ਰੋਜ਼ਾਨਾ ਨਿਗਰਾਨੀ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੱਧ ਤੋਂ ਵੱਧ ਲਾਭਪਾਤਰੀ ਕਵਰ ਕੀਤੇ ਜਾਣ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਖ਼ੁਦ ਰੋਜ਼ਾਨਾ ਇਸ ਯੋਜਨਾ ਦੇ ਕਾਰਡ ਬਣਾਉਣ ਦਾ ਜਾਇਜ਼ਾ ਲੈ ਰਹੇ ਹਨ, ਇਸ ਲਈ ਇਸ ਵਿੱਚ ਕੋਈ ਅਣਗਹਿਲੀ ਨਾ ਵਰਤੀ ਜਾਵੇ।

ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਦੇ ਛੱਪੜਾਂ ਦੇ ਨਵੀਨੀਕਰਨ, ਯੋਗ ਲਾਭਪਾਤਰੀਆਂ ਨੂੰ ਪੰਜ ਮਰਲੇ ਰਿਹਾਇਸ਼ੀ ਪਲਾਟਾਂ ਦੀ ਵੰਡ ਸਮੇਤ ਸੜਕਾਂ ਦੀ ਮੁਰੰਮਤ ਦੇ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਵਿਕਾਸ ਕਾਰਜ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ ਨੂੰ ਹਦਾਇਤ ਕੀਤੀ ਕਿ ਭਾਦਸੋਂ ਰੋਡ ਉਤੇ ਟਿਵਾਣਾ ਚੌਂਕ ਨੂੰ ਚੌੜਾ ਕਰਕੇ ਇੱਥੇ ਟ੍ਰੈਫਿਕ ਵਿਘਨ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ।ਇਸ ਤੋਂ ਬਿਨ੍ਹਾਂ ਸ਼ਹਿਰ ਵਿੱਚ ਐਲ ਐਂਡ ਟੀ ਵੱਲੋਂ ਪਾਇਪਾਂ ਪਾਉਣ ਲਈ ਪੁੱਟੀਆਂ ਸੜਕਾਂ ਦੀ ਮੁਰੰਮਤ ਵੀ ਤੁਰੰਤ ਕੀਤੀ ਜਾਵੇ।

## ਪੰਜਾਬ ਦੇ ਕਿਸਾਨਾਂ ਨੂੰ ਵੱਡੀ ਰਾਹਤ; ਕੇਂਦਰ ਵੱਲੋਂ ਕਣਕ ਦੇ ਖ਼ਰੀਦ ਮਾਪਦੰਡਾਂ ਵਿੱਚ ਢਿੱਲ



**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਨੇ ਆਖ਼ਰ ਪੰਜਾਬ ਨੂੰ ਕਣਕ ਦੀ ਫ਼ਸਲ ਲਈ ਖ਼ਰੀਦ ਮਾਪਦੰਡਾਂ 'ਚ ਛੋਟ ਦਾ ਐਲਾਨ ਕਰ ਦਿੱਤਾ ਹੈ। ਕੇਂਦਰੀ ਖ਼ੁਰਾਕ ਮੰਤਰਾਲੇ ਵੱਲੋਂ ਅੱਜ ਜਾਰੀ ਪੱਤਰ ਅਨੁਸਾਰ ਹੁਣ ਪੰਜਾਬ ਚੋਂ ਨਵੇਂ ਖ਼ਰੀਦ ਮਾਪਦੰਡਾਂ 'ਤੇ ਫ਼ਸਲੀ ਖ਼ਰੀਦ ਹੋਵੇਗੀ। ਪੰਜਾਬ ਸਰਕਾਰ ਨੇ 9 ਅਪਰੈਲ ਨੂੰ ਕੇਂਦਰ ਨੂੰ ਪੱਤਰ ਲਿਖ ਕੇ ਖ਼ਰੀਦ ਮਾਪਦੰਡਾਂ 'ਚ ਮੋਹਲਤ ਮੰਗੀ ਸੀ। ਗੁਆਂਢੀ ਸੂਬੇ ਰਾਜਸਥਾਨ ਅਤੇ ਹਰਿਆਣਾ ਮਗਰੋਂ ਹੁਣ ਕੇਂਦਰ ਨੇ ਪੰਜਾਬ ਤੇ ਚੰਡੀਗੜ੍ਹ ਯੂ ਟੀ 'ਚ ਕਣਕ ਦੇ ਖ਼ਰੀਦ ਮਾਪਦੰਡਾਂ 'ਚ ਢਿੱਲ ਦਿੱਤੀ ਗਈ ਹੈ। ਕੇਂਦਰੀ ਫ਼ੈਸਲੇ ਮਗਰੋਂ ਹੁਣ ਪੰਜਾਬ ਦੇ ਖ਼ਰੀਦ ਕੇਂਦਰਾਂ 'ਚ ਆਈ ਜਿਣਸ ਦੀ ਖ਼ਰੀਦ 'ਚ ਰਫ਼ਤਾਰ ਆਉਣ ਦੀ ਸੰਭਾਵਨਾ ਹੈ। ਕੇਂਦਰੀ ਟੀਮਾਂ ਵੱਲੋਂ ਸੂਬੇ ਦੇ 22 ਜ਼ਿਲ੍ਹਿਆਂ ਚੋਂ 291 ਨਮੂਨੇ ਭਰੇ ਗਏ ਸਨ ਜਿਨ੍ਹਾਂ ਦੀ ਟੈਸਟਿੰਗ ਮਗਰੋਂ ਭਾਰਤੀ ਖ਼ੁਰਾਕ ਨਿਗਮ ਨੇ ਕੇਂਦਰੀ ਖ਼ੁਰਾਕ ਮੰਤਰਾਲੇ ਨੂੰ ਪੰਜਾਬ ਨੂੰ ਖ਼ਰੀਦ ਮਾਪਦੰਡਾਂ 'ਚ ਛੋਟ ਦੇਣ ਦੀ ਸਿਫ਼ਾਰਸ਼ ਕੀਤੀ ਸੀ।

ਕੇਂਦਰੀ ਖ਼ੁਰਾਕ ਮੰਤਰਾਲੇ ਵੱਲੋਂ ਅੱਜ ਜਾਰੀ ਪੱਤਰ ਅਨੁਸਾਰ ਹੁਣ ਪੰਜਾਬ 'ਚ 70 ਫੀਸਦੀ ਤੱਕ ਬਦਰੰਗ (ਲਸਟਰ ਲੌਸ) ਫ਼ਸਲ ਵੀ ਖ਼ਰੀਦ ਹੋਵੇਗੀ ਅਤੇ ਸੁੰਗੜੇ ਦਾਣੇ ਅਤੇ ਟੁੱਟੇ ਦਾਣਿਆਂ ਦੀ ਮਿਕਦਾਰ ਵੀ 15 ਫ਼ੀਸਦੀ ਤੱਕ ਵਧਾ ਦਿੱਤੀ ਗਈ ਹੈ। ਨੁਕਸਾਨੇ ਦਾਣਿਆਂ ਦੀ ਮਿਕਦਾਰ 6 ਫ਼ੀਸਦੀ ਤੱਕ ਕਰ ਦਿੱਤੀ ਗਈ ਹੈ।

ਕੇਂਦਰੀ ਖ਼ੁਰਾਕ ਮੰਤਰਾਲੇ ਨੇ ਕਿਹਾ ਹੈ ਕਿ ਖ਼ਰੀਦ ਮਾਪਦੰਡਾਂ 'ਚ ਦਿੱਤੀ ਢਿੱਲ ਦੇ ਅੰਤਰਗਤ ਖ਼ਰੀਦ ਕੀਤੀ ਜਾਣ ਵਾਲੀ ਫ਼ਸਲ ਨੂੰ ਵੱਖਰੇ ਤੌਰ 'ਤੇ ਭੰਡਾਰ ਕੀਤਾ ਜਾਵੇ ਅਤੇ ਇਹ ਵੀ ਕਿਹਾ ਕਿ ਜੇ ਨਵੇਂ ਮਾਪਦੰਡਾਂ ਤਹਿਤ ਖ਼ਰੀਦ ਕੀਤੀ ਫ਼ਸਲ ਦੀ ਭੰਡਾਰਨ ਦੌਰਾਨ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ। ਦੱਸਣਯੋਗ ਹੈ ਕਿ ਸੂਬੇ 'ਚ ਮੀਂਹ ਨਾਲ ਕਰੀਬ 1.30 ਲੱਖ ਏਕੜ ਫ਼ਸਲ ਦਾ ਨੁਕਸਾਨ ਹੋਇਆ ਹੈ।

ਪੰਜਾਬ ਦੇ ਖ਼ਰੀਦ ਕੇਂਦਰਾਂ 'ਚ ਇਸ ਵੇਲੇ ਫ਼ਸਲ ਦੀ ਆਮਦ ਤੇਜ਼ ਹੋ ਗਈ ਹੈ ਪ੍ਰੰਤੂ ਖ਼ਰੀਦ ਮਾਪਦੰਡਾਂ ਦਾ ਪੇਚ ਫਸਿਆ ਹੋਣ ਕਰਕੇ ਖ਼ਰੀਦ ਏਜੰਸੀਆਂ ਫ਼ਸਲ ਖ਼ਰੀਦਣ ਤੋਂ ਆਨਾਕਾਨੀ ਕਰ ਰਹੀਆਂ ਸਨ। ਹੁਣ ਕੇਂਦਰੀ ਫ਼ੈਸਲੇ ਨਾਲ ਜਿੱਥੇ ਪੰਜਾਬ ਸਰਕਾਰ ਨੂੰ ਸੁਖ ਦਾ ਸਾਹ ਆਇਆ ਹੈ, ਉੱਥੇ ਕਿਸਾਨਾਂ ਨੂੰ ਵੀ ਵੱਡੀ ਰਾਹਤ ਮਿਲੀ ਹੈ।

## ਸਥਾਨਕ ਨਿਗਮ ਚੌਣਾਂ 'ਤੇ ਕੜੀ ਨਿਗਰਾਨੀ, ਰਾਜ ਚੌਣ ਕਮੀਸ਼ਨ ਨੇ ਜਨਰਲ, ਪੁਲਿਸ ਅਤੇ ਖਰਚਾ ਸੁਪਰਵਾਇਜ਼ਰਾਂ ਦੀ ਨਿਯੁਕਤੀ



**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਰਾਜ ਚੌਣ ਕਮੀਸ਼ਨਰ ਸ੍ਰੀ ਦੇਵੇਂਦਰ ਸਿੰਘ ਕਲਿਆਣ ਨੇ ਆਗਾਮੀ 10 ਮਈ ਨੂੰ ਨਿਰਧਾਰਿਤ ਸਥਾਨਕ ਨਿਗਮ ਚੌਣਾਂ ਨੂੰ ਨਿਸ਼ਪੱਖ, ਪਾਰਦਰਸ਼ੀ ਅਤੇ ਸ਼ਾਂਤੀਪੂਰਨ ਢੰਗ ਨਾਲ ਪੂਰਾ ਕਰਾਉਣ ਅਤੇ ਆਦਰਸ਼ ਆਚਾਰ ਸੰਹਿਤਾ ਦੇ ਪ੍ਰਭਾਵੀ ਪਾਲਨ ਨੂੰ ਯਕੀਨੀ ਕਰਨ ਲਈ ਜਨਰਲ, ਪੁਲਿਸ ਅਤੇ ਖਰਚਾ ਸੁਪਰਵਾਇਜ਼ਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਕਮੀਸ਼ਨ ਵੱਲੋਂ ਸੀਨੀਅਰ ਆਈਏਐਸ, ਆਈਪੀਐਸ ਅਤੇ ਐਚਸੀਐਸ ਅਧਿਕਾਰਿਆਂ ਨੂੰ ਡਿਮਡ ਡਿਪੁਟੇਸ਼ਨ 'ਤੇ ਨਿਯੁਕਤ ਕਰਦੇ ਹੋਏ ਉਨ੍ਹਾਂ ਨੂੰ ਅੰਬਾਲਾ, ਪੰਚਕੂਲਾ, ਸੋਨੀਪਤ ਸਮੇਤ ਹੋਰ ਸਬੰਧਿਤ ਜ਼ਿਲ੍ਹਿਆਂ ਵਿੱਚ ਚੌਣ ਪ੍ਰਕਿਰਿਆ ਦੇ ਹਰੇਕ ਪੜਾਅ ਦੀ ਨਿਗਰਾਨੀ ਲਈ ਤੈਨਾਤ ਕੀਤਾ ਗਿਆ ਹੈ।

ਇਨ੍ਹਾਂ ਸੁਪਰਵਾਇਜ਼ਰਾਂ ਨੂੰ ਚੌਣ ਪ੍ਰਬੰਧਨ ਦੇ ਸਾਰੇ ਪਹਿਲੂਆਂ 'ਤੇ ਨਜਰ ਰਖਣ ਲਈ ਤਿਨ ਪ੍ਰਮੁੱਖ ਸ਼੍ਰੇਣਿਆਂ ਵਿੱਚ ਜਿੰਮੇਵਾਰਿਆ ਸੌਂਪੀ ਗਈ ਹੈ। ਜਨਰਲ ਸੁਪਰਵਾਇਜ਼ਰ, ਜੋ ਸੀਨੀਅਰ ਆਈਏਐਸ/ ਐਚਸੀਐਸ ਅਧਿਕਾਰੀ ਹਨ, ਕਮੀਸ਼ਨ ਦੇ ਪ੍ਰਤੀਨਿਧੀ ਵੱਜੋਂ ਜਮੀਨੀ ਪੱਧਰ 'ਤੇ ਕੰਮ ਕਰਦੇ ਹੋਏ ਈਵੀਐਮ ਅਤੇ ਵੋਟਰ ਕਰਮਿਆਂ ਦੇ ਰੈਂਡਮਾਇਜੇਸ਼ਨ, ਨਾਮਾਂਕਨ ਪ੍ਰਕਿਰਿਆ ਅਤੇ ਨਾਮਾਂਕਨ ਪੱਤਰਾਂ ਦੀ ਜਾਂਚ, ਵੋਟਿੰਗ ਕੇਂਦਰਾਂ 'ਤੇ ਮੂਲਭੂਤ ਸਹੂਲਤਾਂ ਦੀ ਉਪਲਬਧਤਾ ਅਤੇ ਕਿਸੇ ਵੀ ਤਰ੍ਹਾਂ ਦੀ ਅਨਿਮਤੱਤਾ ਜਾਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੇ ਯਤਨਾਂ ਦੀ ਸਿੱਧੇ ਕਮੀਸ਼ਨ ਨੂੰ ਰਿਪੋਰਟ ਕਰਨਗੇ।

ਪੁਲਿਸ ਸੁਪਰਵਾਇਜ਼ਰ, ਜੋ ਸੀਨੀਅਰ ਆਈਪੀਐਸ/ਐਚਪੀਐਸ ਅਧਿਕਾਰੀ ਹਨ, ਕਾਨੂੰਨ-ਵਿਵਸਥਾ ਅਤੇ ਸੁਰੱਖਿਆ ਪ੍ਰਬੰਧਾਂ ਦੀ ਨਿਗਰਾਨੀ ਕਰਦੇ ਹੋਏ ਵੋਟਿੰਗ ਕੇਂਦਰਾਂ ਦੀ ਸੰਵੇਦਨਸ਼ੀਲਤਾ ਦਾ ਆਕਲਨ, ਪੁਲਿਸ ਫੋਰਸ ਅਤੇ ਹੋਮਗਾਰਡ ਦੀ ਤੈਨਾਤੀ ਦੀ ਸਮੀਖਿਆ, ਸ਼ਰਾਬ ਰੋਕ ਅਤੇ ਹਥਿਆਰ ਪ੍ਰਤੀਬੰਧ ਦੇ ਆਦੇਸ਼ਾਂ ਦਾ ਸਖਤੀ ਨਾਲ ਪਾਲਨ ਅਤੇ ਰੈਲੀ ਅਤੇ ਲਾਊਡਸਪੀਕਰ ਦੀ ਇਜਾਜਤ ਲਈ ਸਿੰਗਲ ਵਿੰਡੋ ਪ੍ਰਣਾਲੀ ਦੀ ਨਿਗਰਾਨੀ ਯਕੀਨੀ ਕਰਨਗੇ।ਉੱਥੇ ਹੀ, ਖਰਚਾ ਸੁਪਰਵਾਇਜ਼ਰ, ਜੋ ਡੀਈਟੀਸੀ ਅਧਿਕਾਰੀ ਹਨ, ਚੌਣਾਂ ਵਿੱਚ ਪੈਸੇ ਦੇ ਜੋਰ ਦੇ ਪ੍ਰਭਾਵ ਨੂੰ ਰੋਕਣ ਲਈ ਉਮੀਦਵਾਰਾਂ ਦੇ ਰੁਜਾਨਾ ਖਰਚਾ ਰਜਿਸਟਰ ਦੀ ਨਿਗਰਾਨੀ, ਸਥੈਤਿਕ ਨਿਗਰਾਨੀ ਟੀਮ ਅਤੇ ਫਲਾਇੰਗ ਸਕਵਾਡ ਨਾਲ ਤਾਲਮੇਲ ਕਰ ਅਵੈਧ ਨਕਦੀ ਜਾਂ ਉਪਹਾਰਾਂ ਦੇ ਆਵਾਜਾਈ 'ਤੇ ਰੋਕ ਅਤੇ ਨਿਰਧਾਰਿਤ ਖਰਚਾ ਸੀਮਾ ਦੇ ਅਨੁਪਾਲਨ ਨੂੰ ਯਕੀਨੀ ਕਰਨਗੇ।

ਇਹ ਸਾਰੇ ਸੁਪਰਵਾਇਜ਼ਰ 13 ਮਈ 2026 ਨੂੰ ਵੋਟਿੰਗ ਪ੍ਰਕਿਰਿਆ ਪੂਰੀ ਹੋਣ ਤੱਕ ਆਪਣੇ-ਆਪਣੇ ਵੰਡੇ ਜ਼ਿਲ੍ਹਿਆਂ ਵਿੱਚ ਤੈਨਾਤ ਰਹਿਣਗੇ। ਆਮਜਨ ਦੀ ਸਹੂਲਤ ਲਈ ਇਨ੍ਹਾਂ ਸੁਪਰਵਾਇਜ਼ਰਾਂ ਦੇ ਸੰਪਰਕ ਬਿਯੌਰਾ ਅਤੇ ਉਨ੍ਹਾਂ ਦੇ ਸਥਾਨਕ ਠਹਿਰਾਓ ਦੇ ਪਤੇ ਸਥਾਨਕ ਸਮਾਚਾਰ ਪੱਤਰਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਵੇਬਸਾਇਟ 'ਤੇ ਪ੍ਰਕਾਸ਼ਿਤ ਕੀਤੇ ਜਾਣਗੇ, ਤਾਂ ਜੋ ਕੋਈ ਵੀ ਨਾਗਰਿਕ, ਉਮੀਦਵਾਰ ਜਾਂ ਜਨਪ੍ਰਤੀਨਿਧੀ ਆਚਾਰ ਸੰਹਿਤਾ ਦੇ ਉਲੰਘਨ ਨਾਲ ਸਬੰਧਿਤ ਸ਼ਿਕਾਇਤ ਹੋਣ 'ਤੇ ਨਿਰਧਾਰਿਤ ਜਨ-ਸੁਣਵਾਈ ਸਮੇ ਦੌਰਾਨ ਸਿੱਧੇ ਸੁਪਰਵਾਇਜ਼ਰਾਂ ਨਾਲ ਸੰਪਰਕ ਕਰ ਸਕਣ।

## ਪੰਜਾਬ ਦੇ ਸਕੂਲਾਂ ਵਿੱਚ ਏ.ਆਈ. ਨੂੰ ਮੁੱਖ ਵਿਸ਼ੇ ਵਜੋਂ ਸ਼ਾਮਲ ਕੀਤਾ ਜਾਵੇਗਾ; ਬੋਰਡ ਦੇ ਸਰਟੀਫੀਕੇਟਾਂ 'ਚ ਦਰਜ ਹੋਣਗੇ ਪ੍ਰਾਪਤ ਕੀਤੇ ਅੰਕ

**ਚੰਡੀਗੜ੍ਹ, 21 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਨੇ ਆਪਣੀ ਸਕੂਲ ਸਿੱਖਿਆ ਪ੍ਰਣਾਲੀ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਨੂੰ ਸ਼ਾਮਲ ਕਰਨ ਵੱਲ ਇੱਕ ਫੈਸਲਾਕੁੰਨ ਕਦਮ ਚੁੱਕਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐਸ.ਈ.ਬੀ.) ਵੱਲੋਂ ਰਾਸ਼ਟਰੀ ਪੱਧਰ ਦੀ ਏ.ਆਈ. ਕਾਨਫਰੰਸ ਅਤੇ ਵਰਕਸ਼ਾਪ ਦੀ ਮੇਜ਼ਬਾਨੀ ਕੀਤੀ ਜਾ ਰਹੀ ਹੈ, ਜਿਸ ਵਿੱਚ ਨੀਤੀ-ਘਾੜੇ, ਉਦਯੋਗਿਕ ਆਗੂ ਅਤੇ ਸਿੱਖਿਆ ਸ਼ਾਸਤਰੀ ਕਲਾਸਰੂਮਾਂ ਲਈ ਭਵਿੱਖੀ ਰੂਪਰੇਖਾ ਤਿਆਰ ਕਰ ਰਹੇ ਹਨ। ਇਹ ਪਹਿਲਕਦਮੀ ਇੱਕ ਢਾਂਚਾਗਤ ਤਬਦੀਲੀ ਦਾ ਸੰਕੇਤ ਹੈ , ਜਿਸ ਤਹਿਤ ਪੰਜਾਬ ਵਿੱਚ ਸਿੱਖਿਆ ਦੇ ਖੇਤਰ ਵਿੱਚ ਤੇਜ਼ੀ ਨਾਲ ਵਿਕਸਤ ਹੋ ਰਹੀ ਤਕਨਾਲੋਜੀ-ਸੰਚਾਲਿਤ ਵਿਸ਼ਵ ਅਰਥਵਿਵਸਥਾ ਦੀਆਂ ਮੰਗਾਂ ਦੇ ਨਾਲ-ਨਾਲ ਸਿੱਖਣ ਦੇ ਨਤੀਜਿਆਂ ਵਿੱਚ ਹੋਰ ਸੁਧਾਰ ਵੱਲ ਧਿਆਨ ਦਿੱਤਾ ਜਾ ਰਿਹਾ ਹੈ।

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਾਨਫਰੰਸ ਨੂੰ ਸਿੱਖਿਆ ਪ੍ਰਣਾਲੀ ਦੀ ਨੁਹਾਰ ਬਦਲਣ ਵਾਲੀ ਇੱਕ ਅਗਾਂਹਵਧੂ ਪਹਿਲ ਦੱਸਿਆ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਏਕੀਕਰਨ ਸਿੱਖਿਆ ਸੁਧਾਰਾਂ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਅੱਗੇ ਕਿਹਾ, " ਇਹ ਗੁਣਵੱਤਾ ਸੁਧਾਰ, ਨਵੀਨਤਾ ਅਤੇ ਸਿੱਖਿਆ ਦੇ ਆਧੁਨਿਕੀਕਰਨ ਵਿੱਚ ਵਡਮੁੱਲਾ ਯੋਗਦਾਨ ਪਾਵੇਗਾ ਅਤੇ ਵਿਦਿਆਰਥੀ ਤੇਜ਼ੀ ਨਾਲ ਵਿਕਸਤ ਹੋ ਰਹੇ ਤਕਨਾਲੋਜੀ-ਅਧਾਰਤ ਮਾਹੌਲ ਅਤੇ ਵਿਸ਼ਵਵਿਆਪੀ ਚੁਣੌਤੀਆਂ ਨੂੰ ਬਿਹਤਰ ਢੰਗ ਨਜਿੱਠਣ ਲਈ ਤਿਆਰ ਕਰੇਗਾ।

ਆਪਣੇ ਸਵਾਗਤੀ ਭਾਸ਼ਣ ਦੌਰਾਨ ਪੀ.ਐਸ.ਈ.ਬੀ. ਦੇ ਚੇਅਰਮੈਨ ਡਾ. ਅਮਰਪਾਲ ਸਿੰਘ, ਆਈ.ਏ.ਐਸ. (ਸੇਵਾਮੁਕਤ) ਨੇ ਇੱਕ ਅਹਿਮ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਦੇ ਮੌਜੂਦਾ ਲਾਜ਼ਮੀ ਕੰਪਿਊਟਰ ਸਾਇੰਸ ਪਾਠਕ੍ਰਮ ਦੇ ਆਧਾਰ 'ਤੇ, ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਹੁਣ ਸਿਲੇਬਸ ਦੇ ਇੱਕ ਮੁੱਖ ਹਿੱਸੇ ਵਜੋਂ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਕੰਪਿਊਟਰ ਸਾਇੰਸ ਵਿੱਚ ਸਿੱਖਣ ਦੇ ਨਤੀਜੇ ਵਿਦਿਆਰਥੀਆਂ ਦੇ ਬੋਰਡ ਸਰਟੀਫਿਕੇਟਾਂ ਵਿੱਚ ਵੀ ਦਰਜ ਕੀਤੇ ਜਾਣਗੇ, ਜਿਸ ਨਾਲ ਵਿਸ਼ੇ ਦੇ ਅਕਾਦਮਿਕ ਅਹਿਮੀਅਤ ਵਿੱਚ ਹੋਰ ਵਾਧਾ ਹੋਵੇਗਾ।ਇਸ ਪਹਿਲ ਦੀ ਵਡਮੁੱਲੀ ਅਹਿਮੀਅਤ ਨੂੰ ਸਮਝਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਡੇ ਰਹਿਣ ਅਤੇ ਸਿੱਖਣ ਦੇ ਬੁਨਿਆਦੀ ਤਰੀਕਿਆਂ ਨੂੰ ਨਵਾਂ ਆਕਾਰ ਦੇ ਰਹੀ ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਜੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਵਾਲ ਇਹ ਨਹੀਂ ਕਿ ਏ.ਆਈ. ਸਿੱਖਿਆ ਨੂੰ ਕਿਸ ਹੱਦ ਤੱਕ ਪ੍ਰਭਾਵਤ ਕਰੇਗਾ, ਸਗੋਂ ਮਸਲਾ ਇਹ ਹੈ ਕਿ ਅਸੀਂ ਕਿਵੇਂ ਜ਼ਿੰਮੇਵਾਰੀ ਅਤੇ ਦੂਰਦਰਸ਼ਤਾ ਨਾਲ ਉਸ ਪ੍ਰਭਾਵ ਨੂੰ ਕਿਵੇਂ ਕਬੂਲ ਸਕਦੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਪੀਐਸਈਬੀ ਨਾ ਸਿਰਫ਼ ਤਕਨਾਲੋਜੀ ਦੇ ਹੁਨਰਮੰਦ ਉਪਭੋਗਤਾ ਸਗੋਂ ਜ਼ਿੰਮੇਵਾਰ ਡਿਜੀਟਲ ਨਾਗਰਿਕ ਬਣਾਉਣ ਲਈ ਏ.ਆਈ. ਦੀ ਵਰਤੋਂ ਲਈ ਇੱਕ ਨੈਤਿਕ ਆਧਾਰ ਬਣਾਉਣ ਲਈ ਵਚਨਬੱਧ ਹੈ।

ਕਾਨਫਰੰਸ ਵਿੱਚ ਦੇਸ਼ ਭਰ ਦੇ ਪ੍ਰਮੁੱਖ ਸਿੱਖਿਆ ਸ਼ਾਸਤਰੀਆਂ ਅਤੇ ਨੀਤੀ -ਘਾੜਿਆਂ ਵੱਲੋਂ ਵਿਸਥਾਰਿਤ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਹਰਿਆਣਾ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਪ੍ਰੋ. ਪਵਨ ਕੁਮਾਰ ਨੇ ਸਾਰੇ ਵਿਸ਼ਿਆਂ ਵਿੱਚ ਏ.ਆਈ. ਨੂੰ ਏਕੀਕ੍ਰਿਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ,"ਇਹ ਸਾਰੇ ਵਿਸ਼ਿਆਂ ਦੇ ਪਾਠਕ੍ਰਮ ਵਿੱਚ ਏ.ਆਈ. ਨੂੰ ਸ਼ਾਮਲ ਕਰਨ ਦਾ ਸਹੀ ਸਮਾਂ ਹੈ। ਏਆਈ ਨੂੰ ਕੰਪਿਊਟਰ ਸਾਇੰਸ ਤੱਕ ਸੀਮਿਤ ਨਹੀਂ ਰੱਖਿਆ ਜਾਣਾ ਚਾਹੀਦਾ ਬਲਕਿ ਸਾਰੇ ਵਿਸ਼ਿਆਂ ਤੱਕ ਲਿਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਪਹਿਲਾਂ ਹੀ ਏਆਈ ਤੋਂ ਜਾਣੂ ਹਨ ਅਤੇ ਹੁਣ ਉਨ੍ਹਾਂ ਦੀ ਸਮਰੱਥਾ ਨੂੰ ਸੇਧਿਤ ਕਰਕੇ ਉਨ੍ਹਾਂ ਨੂੰ ਉਦਯੋਗ ਦੇ ਹਾਣੀ ਬਣਾਉਣ 'ਤੇ ਧਿਆਨ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ।

ਜੰਮੂ ਅਤੇ ਕਸ਼ਮੀਰ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ, ਗੁਲਾਮ ਹਸਨ ਸ਼ੇਖ ਨੇ ਏਆਈ ਨੂੰ ਪੂਰੇ ਜ਼ਿੰਮੇਵਾਰਾਨਾ ਢੰਗ ਤੇ ਸੁਹਿਰਦਤਾ ਨਾਲ ਅਪਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, " ਜ਼ਿੰਮੇਵਾਰੀ ਇਹਨਾਂ ਤਕਨੀਕਾਂ ਨੂੰ ਸੋਚ-ਸਮਝ ਕੇ ਅਪਣਾਉਣ ਦੀ ਹੈ ਤਾਂ ਜੋ ਅਸਮਾਨਤਾ ਪੈਦਾ ਕੀਤੇ ਬਿਨਾਂ ਸਿੱਖਿਆ ਨੂੰ ਵਧਾਇਆ ਜਾ ਸਕੇ। ਸਹੀ ਪਹੁੰਚ ਨਾਲ ਏਆਈ ਦੀ ਨੈਤਿਕ ਅਤੇ ਸੁਰੱਖਿਅਤ ਵਰਤੋਂ ਨੂੰ ਯਕੀਨੀ ਬਣਾਉਂਦੇ ਹੋਏ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ,।"ਇੰਟੇਲ ਵਿਖੇ ਏਸ਼ੀਆ ਪੈਸੀਫਿਕ ਅਤੇ ਜਾਪਾਨ ਦੇ ਸੀਨੀਅਰ ਡਾਇਰੈਕਟਰ ਸ਼ਵੇਤਾ ਖੁਰਾਨਾ ਨੇ ਉਦਯੋਗਿਕ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਅਧਿਆਪਕਾਂ ਨੂੰ ਸਸ਼ਕਤ ਬਣਾਉਣ 'ਤੇ ਕੇਂਦਰਿਤ ਪਹਿਲਕਦਮੀਆਂ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ ਅਸਲ ਤਬਦੀਲੀ ਸਿੱਖਿਆ ਅਤੇ ਉਦਯੋਗਾਂ ਨੂੰ ਇੱਕ ਸਾਂਝੇ ਪਲੇਟਫਾਰਮ 'ਤੇ ਲਿਆ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ, ਜੋ ਵਿਕਸਤ ਹੋ ਰਹੀਆਂ ਉਦਯੋਗਿਕ ਜ਼ਰੂਰਤਾਂ ਨੂੰ ਪੂਰਾ ਕਰੇਗਾ। ਸੀ.ਬੀ.ਐਸ.ਈ. ਵਿੱਚ ਸਿਖਲਾਈ ਅਤੇ ਹੁਨਰ ਸਿੱਖਿਆ ਦੇ ਡਾਇਰੈਕਟਰ ਡਾ. ਬਿਸਵਜੀਤ ਸਾਹਾ ਨੇ ਸੂਬਿਆਂ ਦਰਮਿਆਨ ਤਕਨੀਕੀ ਪਾੜੇ ਨੂੰ ਪੂਰਨ ਦਾ ਸੱਦਾ ਦਿੱਤਾ।

# ਪਾਵਰਕਾਮ ਵਲੋਂ ਇਨ੍ਹਾਂ ਪਰਿਵਾਰਾਂ ਨੂੰ ਵੱਡੀ ਰਾਹਤ, ਬਿਜਲੀ ਕੁਨੈਕਸ਼ਨਾਂ ਨੂੰ ਲੈ ਕੇ ਲਿਆ ਅਹਿਮ .ਫੈਸਲਾ

**ਕੌਮੀ ਪਤ੍ਰਿਕਾ**

ਜ਼ੀਰਕਪੁਰ 21 ਅਪ੍ਰੈਲ। ਲੰਬੇ ਸਮੇਂ ਤੋਂ ਬਿਜਲੀ ਸੰਕਟ ਨਾਲ ਜੂਝ ਰਹੀ ਸੁਸ਼ਮਾ ਜੋਇਨੈਸਟ ਸੁਸਾਇਟੀ ਦੇ ਵਸਨੀਕਾਂ ਲਈ ਆਖ਼ਰਕਾਰ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ। ਪਾਵਰਕਾਮ ਦੇ ਬੋਰਡ ਆਫ ਡਾਇਰੈਕਟਰ ਦੀ ਅਹਿਮ ਮੀਟਿੰਗ ਦੌਰਾਨ ਸੁਸਾਇਟੀ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਫ਼ੈਸਲਾ ਕੀਤਾ ਗਿਆ ਕਿ ਹੁਣ ਬਿਲਡਰ ਦੇ ਸਿੰਗਲ ਪੁਆਇੰਟ ਮੀਟਰ ਸਿਸਟਮ ਨੂੰ ਖ਼ਤਮ ਕਰਕੇ ਵਸਨੀਕਾਂ ਨੂੰ ਸਿੱਧੇ ਵੱਖਰੇ ਬਿਜਲੀ ਮੀਟਰ ਜਾਰੀ ਕੀਤੇ ਜਾਣਗੇ। ਇਹ ਫੈਸਲਾ ਨਾ ਸਿਰਫ਼ ਸੈਂਕੜੇ ਪਰਿਵਾਰਾਂ ਲਈ ਰਾਹਤ ਲੈ ਕੇ ਆਇਆ ਹੈ, ਸਗੋਂ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੇ ਵਿਵਾਦ ’ਤੇ ਵੀ ਵੱਡਾ ਹੱਲ ਮੰਨਿਆ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਫ਼ੈਸਲੇ ਦੇ ਤੁਰੰਤ ਬਾਅਦ ਹੀ ਪਾਵਰਕਾਮ ਵੱਲੋਂ ਵੀਰਵਾਰ ਤੋਂ ਸੁਸਾਇਟੀ ਅੰਦਰ ਹੀ ਵਿਸ਼ੇਸ਼ ਕੈਂਪ ਲਾਇਆ ਜਾ ਰਿਹਾ ਹੈ। ਇੱਥੇ ਵਸਨੀਕਾਂ ਤੋਂ ਮੀਟਰ ਜਾਰੀ ਕਰਨ ਲਈ ਲੋੜੀਂਦੇ ਦਸਤਾਵੇਜ਼ ਇਕੱਠੇ ਕੀਤੇ ਜਾਣਗੇ। ਇਸ ਕਦਮ ਨਾਲ ਲੋਕਾਂ ਨੂੰ ਦਫ਼ਤਰਾਂ ਦੇ ਚੱਕਰ ਕੱਟਣ ਤੋਂ ਰਾਹਤ ਮਿਲੇਗੀ ਅਤੇ ਪੂਰੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ। ਸੁਸਾਇਟੀ ਵਸਨੀਕ ਰੋਹਿਣੀ ਸਿੰਗਲਾ, ਪੁਨੀਤ ਕੁਮਾਰ, ਦੀਦਾਰ ਸਿੰਘ ਸਮੇਤ ਹੋਰਨਾਂ ਨੇ ਦੱਸਿਆ ਕਿ ਪਾਵਰਕਾਮ ਵੱਲੋਂ ਉਨ੍ਹਾਂ ਨੂੰ ਵੱਖਰੇ ਮੀਟਰ ਜਾਰੀ ਕਰਨ ਦੀ ਅਧਿਕਾਰਕ ਜਾਣਕਾਰੀ ਦੇ ਦਿੱਤੀ ਗਈ ਹੈ। ਇਹ ਦਿਨ ਸੁਸਾਇਟੀ ਦੇ ਲੋਕਾਂ ਲਈ ਦੀਵਾਲੀ ਤੋਂ ਘੱਟ ਨਹੀਂ ਹੈ, ਕਿਉਂਕਿ ਲੰਬੇ ਸਮੇਂ ਤੋਂ ਬਿਜਲੀ ਦੇ ਮੁੱਦੇ ਕਾਰਨ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਹੁਣ ਵੱਖਰੇ ਮੀਟਰ ਮਿਲਣ ਨਾਲ ਲੋਕਾਂ ਨੂੰ ਸਿੱਧੀ ਤੇ ਸਥਿਰ ਬਿਜਲੀ ਸਪਲਾਈ ਮਿਲਣ ਦੀ ਉਮੀਦ ਹੈ। ਪਾਵਰਕਾਮ ਦੀਆਂ ਹਦਾਇਤਾਂ ਮੁਤਾਬਕ ਮੀਟਰ ਲਗਵਾਉਣ ਲਈ ਵਸਨੀਕਾਂ ਨੂੰ ਕੁੱਝ ਲਾਜ਼ਮੀ ਦਸਤਾਵੇਜ਼ ਜਮ?ਹਾਂ ਕਰਵਾਉਣੇ ਪੈਣਗੇ। ਇਸ ’ਚ ਪ੍ਰਾਰਥੀ ਦੀ ਫੋਟੋ, ਬਿਲਡਰ ਵੱਲੋਂ ਜਾਰੀ ਕੀਤਾ ਪੁਜ਼ੈਸ਼ਨ ਲੈਟਰ ਜਾਂ ਰਜਿਸਟਰੀ ਦੀ ਕਾਪੀ, ਆਧਾਰ ਕਾਰਡ ਦੀ ਕਾਪੀ ਤੇ ਫਲੈਟ ਦੋ ਵਿਅਕਤੀਆਂ ਦੇ ਨਾਮ ’ਤੇ ਹੈ ਤਾਂ ਇਕ ਦੇ ਨਾਮ ਮੀਟਰ ਲਾਉਣ ਲਈ ਦੂਜੇ ਵਿਅਕਤੀ ਵੱਲੋਂ ਸਹਿਮਤੀ ਪੱਤਰ ਸ਼ਾਮਲ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਦਸਤਾਵੇਜ਼ ਪੂਰੇ ਹੋਣ ’ਤੇ ਤੇ ਲੋੜੀਂਦੀ ਫੀਸ ਜਮ?ਹਾਂ ਹੋਣ ਤੋਂ ਬਾਅਦ ਤੁਰੰਤ ਮੀਟਰ ਜਾਰੀ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ। ਪਾਵਰਕਾਮ ਦੇ ਨਿਗਰਾਨ ਇੰਜੀਨੀਅਰ ਅਮਨਦੀਪ ਸਿੰਘ ਗਿੱਲ ਨੇ ਦੱਸਿਆ ਕਿ ਲੋਕਾਂ ਦੀ ਸੁਵਿਧਾ ਨੂੰ ਧਿਆਨ ’ਚ ਰੱਖਦਿਆਂ ਕੈਂਪ ਸਿੱਧਾ ਸੁਸਾਇਟੀ ਅੰਦਰ ਲਾਇਆ ਗਿਆ ਹੈ ਤਾਂ ਜੋ ਕਿਸੇ ਨੂੰ ਵੀ ਬਾਹਰ ਦਫ਼ਤਰਾਂ ਦੇ ਚੱਕਰ ਨਾ ਲਾਉਣੇ ਪੈਣ। ਉਨ੍ਹਾਂ ਕਿਹਾ ਕਿ ਵਸਨੀਕ ਅਗਲੇ ਦੋ ਦਿਨਾਂ ’ਚ ਆਪਣੇ ਅਰਜ਼ੀਆਂ ਪੂਰੀ ਕਰਕੇ ਜਮ?ਹਾਂ ਕਰਵਾ ਦਿੰਦੇ ਹਨ ਤਾਂ ਆਉਣ ਵਾਲੇ ਹਫ਼ਤੇ ’ਚ ਹੀ ਸੁਸਾਇਟੀ ਦੇ ਵੱਡੇ ਹਿੱਸੇ ’ਚ ਮੀਟਰ ਲਾਉਣ ਦੀ ਪ੍ਰਕਿਰਿਆ ਪੂਰੀ ਕਰ ਦਿੱਤੀ ਜਾਵੇਗੀ। ਸੁਸ਼ਮਾ ਵੈਲਸੀਆ ਸੁਸਾਇਟੀ ਸਬੰਧੀ ਪੁੱਛੇ ਜਾਣ ’ਤੇ



ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਮੌਜੂਦਾ ਮੀਟਿੰਗ ਦੌਰਾਨ ਇਸ ਮਾਮਲੇ ’ਤੇ ਕੋਈ ਵਿਚਾਰ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕਿਸੇ ਵੀ ਸੁਸਾਇਟੀ ਨੂੰ ਬਿਜਲੀ ਕੁਨੈਕਸ਼ਨ ਦੇਣ ਲਈ ਰੈਗੂਲੇਟਰੀ ਨਿਯਮਾਂ ਦੀ ਪਾਲਣਾ ਲਾਜ਼ਮੀ ਹੈ ਤੇ ਹਰ ਮਾਮਲੇ ਨੂੰ ਵੱਖਰੇ ਤੌਰ ’ਤੇ ਹੀ ਦੇਖਿਆ ਜਾਂਦਾ ਹੈ। ਮਾਹਰਾਂ ਮਤਾਬਕ ਸੁਸ਼ਮਾ ਜੋਇਨੈਸਟ ਲਈ ਲਿਆ ਗਿਆ ਫ਼ੈਸਲਾ ਨਾ ਸਿਰਫ਼ ਸੁਸਾਇਟੀ ਲਈ ਮਿਸਾਲ ਬਣੇਗਾ, ਸਗੋਂ ਭਵਿੱਖ ’ਚ ਹੋਰ ਇਸ ਤਰ੍ਹਾਂ ਦੇ ਮਾਮਲਿਆਂ ਲਈ ਵੀ ਰਾਹ ਦਰਸਾਏਗਾ। ਫਿਲਹਾਲ ਸੁਸਾਇਟੀ ਦੇ ਵਸਨੀਕਾਂ ’ਚ ਖ਼ੁਸ਼ੀ ਦੀ ਲਹਿਰ ਹੈ ਅਤੇ ਲੋਕ ਉਮੀਦ ਕਰ ਰਹੇ ਹਨ ਕਿ ਹੁਣ ਬਿਜਲੀ ਸੰਕਟ ਦਾ ਪੂਰਾ ਹੱਲ ਜਲਦੀ ਹੀ ਹਕੀਕਤ ਬਣੇਗਾ।

### ਕਾਦੀਆਂ ’ਚ ਆਵਾਰਾ ਕੁੱਤਿਆਂ ਦੀ ਦਹਿਸ਼ਤ, 3 ਲੋਕਾਂ ਨੂੰ ਬੁਰੀ ਤਰ੍ਹਾਂ ਨੋਚਿਆ

ਕਾਦੀਆਂ 21 ਅਪ੍ਰੈਲ। ਸ਼ਹਿਰ ਵਿਚ ਆਵਾਰਾ ਕੁੱਤਿਆਂ ਦੀ ਦਹਿਸ਼ਤ ਵੱਧਦੀ ਜਾ ਰਹੀ ਹੈ। ਤਾਜ਼ਾ ਘਟਨਾ ਵਿਚ ਤੇਜਪਾਲ ਪਰਾਸ਼ਰ, ਹੈਪੀ ਖੋਸਲਾ ਅਤੇ ਤਨਮਏ ਨੂੰ ਆਵਾਰਾ ਕੁੱਤਿਆਂ ਨੇ ਵੱਢ ਲਿਆ, ਜਿਨ੍ਹਾਂ ਦਾ ਇਲਾਜ ਸਥਾਨਕ ਹਸਪਤਾਲ ਵਿਚ ਚੱਲ ਰਿਹਾ ਹੈ। ਇਸ ਘਟਨਾ ਤੋਂ ਬਾਅਦ ਲੋਕਾਂ ’ਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਸਥਾਨਕ ਲੋਕਾਂ ਅਤੇ ਸਮਾਜ ਸੇਵਕਾਂ ਦਾ ਦੋਸ਼ ਹੈ ਕਿ ਨਗਰ ਕੌਂਸਲ ਵੱਲੋਂ ਆਵਾਰਾ ਕੁੱਤਿਆਂ ਨੂੰ ਕਾਬੂ ਕਰਨ ਲਈ ਕੋਈ ਢੰਗ ਦੀ ਯੋਜਨਾ ਨਹੀਂ ਬਣਾਈ ਗਈ। ਸਮਾਜ ਸੇਵਿਕਾ ਮੁਸਕਾਨ ਅਤੇ ਸਮਾਜ ਸੇਵਕ ਜੰਗੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਸਮੱਸਿਆ ਨਾਲ ਨਜਿੱਠਣ ਲਈ ਤੁਰੰਤ ਨੀਤੀ ਬਣਾਉਣੀ ਚਾਹੀਦੀ ਹੈ, ਕਿਉਂਕਿ ਕਈ ਥਾਵਾਂ ’ਤੇ ਇਸ ਕਾਰਨ ਲੋਕ ਜ਼ਖ਼ਮੀ ਹੋ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਜੇ ਨਗਰ ਕੌਂਸਲ ਨਿਯਮਾਂ ਅਨੁਸਾਰ ਨਸਬੰਦੀ ਅਤੇ ਟੀਕਾਕਰਨ ਮੁਹਿੰਮ ਢੰਗ ਨਾਲ ਚਲਾਏ, ਤਾਂ ਇਸ ਸਮੱਸਿਆ ’ਤੇ ਕਾਬੂ ਪਾਇਆ ਜਾ ਸਕਦਾ ਹੈ। ਸ਼ਹਿਰ ਵਾਸੀਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਤੁਰੰਤ ਕਾਰਵਾਈ ਕਰ ਕੇ ਲੋਕਾਂ ਨੂੰ ਆਵਾਰਾ ਕੁੱਤਿਆਂ ਦੇ ਖ਼ਤਰੇ ਤੋਂ ਬਚਾਇਆ ਜਾਵੇ।

## ਮਸ਼ਹੂਰ ਸ਼ੂਗਰ ਮਿੱਲ ’ਚ ਹੋ ਗਈ ਗੈਸ ਲੀਕ ! ਸਕਿਓਰਟੀ ਗਾਰਡ ਦੀ ਮੌਤ, ਬੜੌਤ ’ਚ ਫੈਲੀ ਸਨਸਨੀ

ਨੈਸ਼ਨਲ ਡੈਸਕ 21 ਅਪ੍ਰੈਲ। ਉੱਤਰ ਪ੍ਰਦੇਸ਼ ਤੋਂ ਇਕ ਸਨਸਨੀਖੇਜ਼ ਖਬਰ ਮਿਲੀ ਹੈ, ਜਿੱਥੋਂ ਦੇ ਬਾਗਪਤ ਜ਼ਿਲ੍ਹੇ ਵਿੱਚ ਸਥਿਤ ਮਲਕਪੁਰ ਚੀਨੀ ਮਿੱਲ ਦੇ ਵੇਸਟ ਵਾਟਰ ਟ?ਰੀਟਮੈਂਟ ਪਲਾਂਟ ਵਿੱਚ ਮੰਗਲਵਾਰ ਨੂੰ ਅਚਾਨਕ ਗੈਸ ਲੀਕ ਹੋਣ ਕਾਰਨ ਇੱਕ ਸਕਿਓਰਟੀ ਗਾਰਡ ਦੀ ਮੌਤ ਹੋ ਗਈ, ਜਦਕਿ 6 ਹੋਰ



ਕਰਮਚਾਰੀਆਂ ਦੀ ਹਾਲਤ ਵਿਗੜ ਗਈ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਇਸ ਮਿੱਲ ਦਾ ਪਿੜਾਈ ਸੀਜ਼ਨ 2 ਅਪ੍ਰੈਲ ਨੂੰ ਖ਼ਤਮ ਹੋ ਗਿਆ ਸੀ। ਮੰਗਲਵਾਰ ਸ਼ਾਮ ਨੂੰ ਸੁਰੱਖਿਆ ਗਾਰਡ ਸੁਰੇਸ਼ ਸ਼ਰਮਾ (50) ਪਲਾਂਟ ਦੇ ਅੰਦਰ ਲਾਈਟ ਜਗਾਉਣ ਲਈ ਗਿਆ ਸੀ। ਉੱਥੇ ਪਹਿਲਾਂ ਹੀ ਗੈਸ ਲੀਕ ਹੋ ਰਹੀ ਸੀ, ਜਿਸ ਕਾਰਨ ਉਨ੍ਹਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਸੁਰੇਸ਼ ਦਾ ਰੌਲਾ ਸੁਣ ਕੇ ਦੂਜਾ ਗਾਰਡ ਪ੍ਰਦੀਪ, ਲੇਬਰ ਠੇਕੇਦਾਰ ਦਾ ਪੁੱਤਰ ਹਾਮਿਦ ਅਤੇ ਹੋਰ ਕਰਮਚਾਰੀ ਮੌਕੇ ’ਤੇ ਪਹੁੰਚੇ, ਪਰ ਉਹ ਵੀ ਜ਼ਹਿਰੀਲੀ ਗੈਸ ਦੀ ਲਪੇਟ ਵਿੱਚ ਆ ਗਏ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਇਲਾਜ ਦੌਰਾਨ ਬੜੌਤ ਦੇ ਮੈਡੀਸਿਟੀ ਹਸਪਤਾਲ ਵਿੱਚ ਸੁਰੇਸ਼ ਸ਼ਰਮਾ ਦੀ ਮੌਤ ਹੋ ਗਈ। ਇੱਕ ਕਰਮਚਾਰੀ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਸ ਨੂੰ ਮੇਰਠ ਰੈਫਰ ਕਰ ਦਿੱਤਾ ਗਿਆ ਹੈ, ਜਦਕਿ ਬਾਕੀ 4 ਦਾ ਇਲਾਜ ਚੱਲ ਰਿਹਾ ਹੈ। ਸੁਰੱਖਿਆ ਗਾਰਡ ਦੀ ਮੌਤ ਤੋਂ ਬਾਅਦ ਗੁੱਸੇ ਵਿੱਚ ਆਏ ਪਰਿਵਾਰਕ ਮੈਂਬਰਾਂ ਅਤੇ ਸਥਾਨਕ ਲੋਕਾਂ ਨੇ ਹਸਪਤਾਲ (383) ਵਿਖੇ ਭਾਰੀ ਹੰਗਾਮਾ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤੱਕ ਮਿੱਲ ਪ੍ਰਬੰਧਕਾਂ ਖ਼?ਲਾਫ਼ ਸਖ਼ਤ ਕਾਰਵਾਈ ਨਹੀਂ ਹੁੰਦੀ, ਉਹ ਲਾਸ਼ ਨੂੰ ਪੋਸਟਮਾਰਟਮ ਲਈ ਨਹੀਂ ਜਾਣ ਦੇਣਗੇ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਸੁਪਰਡੈਂਟ ਸੂਰਜ ਕੁਮਾਰ ਰਾਏ ਨੇ ਦੱਸਿਆ ਕਿ ਪੁਲਸ ਟੀਮ ਨੇ ਮੌਕੇ ’ਤੇ ਪਹੁੰਚ ਕੇ ਸਾਰਿਆਂ ਨੂੰ ਰੈਸਕਿਊ ਕੀਤਾ ਹੈ। ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਪਲਾਂਟ ਵਿੱਚ ਗੈਸ ਲੀਕ ਹੋਣ ਦੇ ਕਾਰਨਾਂ ਅਤੇ ਮਿੱਲ ਦੀ ਲਾਪਰਵਾਹੀ ਦੀ ਜਾਂਚ ਵੀ ਕੀਤੀ ਜਾ ਰਹੀ ਹੈ।

## ਕੋਟਕਪੂਰਾ ’ਚ ਭਿਆਨਕ ਹਾਦਸਾ: ਬੱਸ ਡਰਾਈਵਰ ਨੂੰ ਪਿਆ ਦੌਰਾ, ਆਹਮੋ-ਸਾਹਮਣੇ ਭਿੜੀਆਂ ਦੋ ਬੱਸਾਂ

ਕੋਟਕਪੂਰਾ 21 ਅਪ੍ਰੈਲ। ਸਥਾਨਕ ਸ਼ਹਿਰ ਦੇ ਨਵੇਂ ਬੱਸ ਸਟੈਂਡ ਨੇੜੇ ਇੱਕ ਬੱਸ ਦੇ ਚਾਲਕ ਨੂੰ ਦੌਰਾ ਪੈਣ (ਚੱਕਰ ਆਉਣ) ਕਾਰਨ ਨਿੱਜੀ ਕੰਪਨੀਆਂ ਦੀਆਂ ਦੋ ਬੱਸਾਂ ਦੀ ਆਹਮੋ-ਸਾਹਮਣੀ ਟੱਕਰ ਹੋ ਗਈ। ਹਾਦਸਾ ਵੱਡਾ ਹੋਣ ਦੇ ਬਾਵਜੂਦ ਖੁਸ਼ਕਿਸਮਤੀ ਇਹ ਰਹੀ ਕਿ ਦੋਵਾਂ ਬੱਸਾਂ ਵਿੱਚ ਸਵਾਰ ਸਾਰੀਆਂ ਸਵਾਰੀਆਂ ਅਤੇ ਇਨ੍ਹਾਂ ਕੋਲੋਂ ਲੰਘ ਰਹੇ ਹੋਣ ਵਾਹਨਾਂ ਦੇ ਚਾਲਕਾਂ ਦਾ ਪੂਰੀ ਤਰ੍ਹਾਂ ਬਚਾਅ ਹੋ ਗਿਆ ਅਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਾਮ 6:15 ਵਜੇ ਦੇ ਕਰੀਬ ਫਰੀਦਕੋਟ ਤੋਂ ਬਠਿੰਡਾ ਜਾ ਰਹੀ ਨਿਊ ਦੀਪ ਕੰਪਨੀ ਦੀ ਬੱਸ ਜਦੋਂ ਕੋਟਕਪੂਰਾ ਦੇ ਨਵੇਂ ਬੱਸ ਸਟੈਂਡ ਨੇੜੇ ਦਸਮੇਸ਼ ਮਾਰਕੀਟ ਦੇ ਸਾਹਮਣੇ ਪਹੁੰਚੀ ਤਾਂ ਡਰਾਈਵਰ ਕਰਨੈਲ ਸਿੰਘ ਨੂੰ ਅਚਾਨਕ ਦੌਰਾ ਪੈ ਗਿਆ, ਜਿਸ ਕਾਰਨ ਬੱਸ ਦਾ ਸੰਤੁਲਨ ਵਿਗੜ ਗਿਆ ਅਤੇ ਇਹ ਬੱਸ ਪਹਿਲਾਂ ਇੱਕ ਕਾਰ ਨਾਲ ਟਕਰਾਈ ਅਤੇ ਉਸ ਤੋਂ ਬਾਅਦ ਸਾਹਮਣੇ ਤੋਂ ਆ ਰਹੀ ਜੀ.ਐਨ.ਟੀ ਕੰਪਨੀ ਦੀ ਬੱਸ ਨਾਲ ਜਾ ਟਕਰਾਈ। ਦੋ ਬੱਸਾਂ ਵਿਚਕਾਰ ਵਾਪਰੇ ਆਹਮੋ-ਸਾਹਮਣੇ ਹਾਦਸੇ ਤੋਂ ਬਾਅਦ ਮੌਕੇ ’ਤੇ ਇਕੱਤਰ ਲੋਕਾਂ ਵੱਲੋਂ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਗਿਆ ਅਤੇ ਦੌਰਾ ਪੈਣ ਕਾਰਨ ਜ਼ਖਮੀ ਹੋਏ ਡਰਾਈਵਰ ਨੂੰ ਤੁਰੰਤ ਸਥਾਨਕ ਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਸਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਇਸ ਸਬੰਧ ਵਿੱਚ ਨਿਊ ਦੀਪ ਬੱਸ ਵਿੱਚ ਸਵਾਰ ਇਕ ਯਾਤਰੀ ਗੋਰਾ ਸਿੰਘ ਨੇ ਦੱਸਿਆ ਕਿ ਡਰਾਈਵਰ ਨੂੰ ਅਚਾਨਕ ਦੌਰਾ ਪੈਣ ਕਾਰਨ ਇਹ ਹਾਦਸਾ ਵਾਪਰਿਆ। ਦੂਜੀ ਬੱਸ ਦੇ ਡਰਾਈਵਰ ਹਰਦੀਪ ਸਿੰਘ ਨੇ ਦੱਸਿਆ ਕਿ ਜਿਵੇਂ ਹੀ ਉਹ ਬੱਸ ਸਟੈਂਡ ਤੋਂ ਬਾਹਰ ਨਿਕਲੇ ਤਾਂ ਸਾਹਮਣੇ ਤੋਂ ਆ ਰਹੀ ਇਹ ਬੱਸ ਉਨ੍ਹਾਂ ਦੀ ਬੱਸ ਨਾਲ ਆ ਕੇ ਟਕਰਾਅ ਗਈ। ਮੌਕੇ ’ਤੇ ਇਕੱਤਰ ਕੁੱਝ ਲੋਕਾਂ ਨੇ ਦੱਸਿਆ ਕਿ ਦੋਵਾਂ ਬੱਸਾਂ ਦੀ ਰਫ਼ਤਾਰ ਜ਼ਿਆਦਾ ਨਾ ਹੋਣ ਕਾਰਨ ਸਵਾਰੀਆਂ ਦਾ ਬਚਾਅ ਹੋ ਗਿਆ। ਹਾਦਸੇ ਦੀ ਸੂਚਨਾ ਮਿਲਣ ’ਤੇ ਸਿਟੀ ਟਰੈਫਿਕ ਪੁਲਸ ਦੇ ਇੰਚਾਰਜ ਏ. ਐਸ. ਆਈ ਹਰਪਾਲ ਸਿੰਘ ਸਮੇਤ ਟੀਮ ਮੌਕੇ ’ਤੇ ਪੁੱਜੇ ਅਤੇ ਭਾਰੀ ਆਵਾਜਾਈ ਵਾਲੀ ਇਸ ਸੜਕ ’ਤੇ ਟਰੈਫਿਕ ਨੂੰ ਪਹਿਲ ਦੇ ਆਧਾਰ ’ਤੇ ਚਾਲੂ ਕਰਵਾਇਆ। ਇਸ ਦੌਰਾਨ ਟਰੈਫਿਕ ਇੰਚਾਰਜ ਹਰਪਾਲ ਸਿੰਘ ਅਤੇ ਮੌਕੇ ’ਤੇ ਪੁੱਜੀ ਪੁਲਸ ਦੀ ਟੀਮ ਨੇ ਦੱਸਿਆ ਕਿ ਟਰੈਫਿਕ ਨੂੰ ਬਹਾਲ ਕਰਵਾ ਦਿੱਤਾ ਗਿਆ ਹੈ ਅਤੇ ਇਸ ਹਾਦਸੇ ਵਿੱਚ ਕਿਸੇ ਤਰ੍ਹਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

### ਖੰਭੇ ਤੋਂ ਡਿੱਗਣ ਨਾਲ ਵਿਅਕਤੀ ਦੀ ਮੌਤ

ਬਠਿੰਡਾ 21 ਅਪ੍ਰੈਲ। ਸਥਾਨਕ ਭੁੱਚੋ ਕਲਾ ਵਿਖੇ ਬਿਜਲੀ ਦੀਆਂ ਤਾਰਾਂ ਦੀ ਮੁਰੰਮਤ ਕਰਨ ਸਮੇਂ ਬਿਜਲੀ ਦੇ ਖੰਭੇ ਤੋਂ ਡਿੱਗਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਇਕ ਵਿਅਕਤੀ ਬਿਜਲੀ ਦੇ ਖੰਭੇ ’ਤੇ ਚੜ੍ਹ ਕੇ ਤਾਰਾਂ ਦੀ ਮੁਰੰਮਤ ਕਰ ਰਿਹਾ ਸੀ। ਇਸ ਦੌਰਾਨ ਸੰਤੁਲਨ ਵਿਗੜਨ ਕਾਰਨ ਖੰਭੇ ਤੋਂ ਡਿੱਗ ਪਿਆ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ। ਸੂਚਨਾ ਮਿਲਣ ’ਤੇ ਸਹਾਰਾ ਜਨ ਸੇਵਾ ਲਾਈਫ ਸੇਵਿੰਗ ਬ੍ਰਿਗੇਡ ਹੈਲਪਲਾਈਨ ਟੀਮ, ਸੰਦੀਪ ਗਿੱਲ ਅਤੇ ਗੁੱਲੀ ਠਾਕੁਰ ਮੌਕੇ ’ਤੇ ਪਹੁੰਚੇ। ਵਿਅਕਤੀ ਦੀ ਮੌਕੇ ’ਤੇ ਹੀ ਮੌਤ ਹੋ ਗਈ। ਸਹਾਰਾ ਟੀਮ ਨੇ ਮ੍ਰਿਤਕ ਦੀ ਲਾਸ਼ ਨੂੰ ਸਿਵਲ ਹਸਪਤਾਲ, ਮੁਰਦਾਘਰ ਵਿੱਚ ਪਹੁੰਚਾਇਆ। ਮ੍ਰਿਤਕ ਦੀ ਪਛਾਣ ਸੇਵਕ ਸਿੰਘ 39 ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਭੋਖੜਾ ਵਜੋਂ ਹੋਈ ਹੈ।

### ਮੁਕਤਸਰ ’ਚ ਵੱਡੀ ਵਾਰਦਾਤ ! ਤੇਜ਼ਧਾਰ ਹਥਿਆਰਾਂ ਨਾਲ ਮਹੰਤ ਦਾ ਕਤਲ

ਸ੍ਰੀ ਮੁਕਤਸਰ ਸਾਹਿਬ 21 ਅਪ੍ਰੈਲ। ਸ੍ਰੀ ਮੁਕਤਸਰ ਸਾਹਿਬ ਵਿਚ ਵੱਡੀ ਵਾਰਦਾਤ ਹੋਣ ਦੀ ਖ਼ਬਰ ਮਿਲੀ ਹੈ। ਗਿੱਦੜਬਾਹਾ ਦੇ ਪਿੰਡ ਕੋਟਭਾਈ ਵਿਖੇ ਘਰ ’ਚ ਇਕੱਲੇ ਰਹਿ ਰਹੇ ਮਹੰਤ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਮਹੰਤ ਦੀ ਪਛਾਣ ਸਰਬਜੀਤ ਕੌਰ ਦੇ ਰੂਪ ਵਿਚ ਹੋਈ ਹੈ। ਘਟਨਾ ਦੀ ਸੂਚਨਾ ਪਾ ਕੇ ਪੁਲਸ ਨੇ ਮੌਕੇ ’ਤੇ ਪਹੁੰਚ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਡੀ. ਐੱਸ. ਪੀ. ਅਰੁਣ ਮੁੰਡਨ ਨੇ ਦੱਸਿਆ ਕਿ ਪਿੰਡ ਦੇ ਛੱਪੜ ਕੋਲ ਇਕ ਘਰ ’ਚ ਮਹੰਤ ਸਰਬਜੀਤ ਕੌਰ (36) ਘਰ ਵਿੱਚ ਇਕੱਲੀ ਰਹਿ ਰਹੀ ਸੀ। ਉਨ੍ਹਾਂ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸਰਬਜੀਤ ਕੌਰ ਦੀ ਲਾਸ਼ ਘਰ ’ਚ ਮੰਜੇ ’ਤੇ ਪਈ ਹੈ ਤਾਂ ਪੁਲਸ ਨੇ ਮੌਕੇ ’ਤੇ ਜਾ ਕੇ ਵੇਖਿਆ ਕਿ ਸਰਬਜੀਤ ਕੌਰ ਦੀ ਲਾਸ਼ ਘਰ ’ਚ ਮੰਜੇ ’ਤੇ ਪਈ ਸੀ, ਜਿਸ ਦੀ ਗਰਦਨ ’ਤੇ ਤੇਜ਼ਧਾਰ ਹਥਿਆਰਾਂ ਦੇ ਵੀ ਨਿਸ਼ਾਨ ਪਾਏ ਗਏ। ਮੁੱਢਲੀ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਗਲੇ ’ਤੇ ਤੇਜਧਾਰ ਹਥਿਆਰਾਂ ਦਾ ਵਾਰ ਕੀਤਾ ਗਿਆ ਹੈ।

## ਬੇਮੌਸਮੀ ਬਾਰਿਸ਼ ਨੇ ਫਿੱਕੀ ਕੀਤੀ ਕਣਕ ਦੀ ਚਮਕ: ਗੁਰਦਾਸਪੁਰ ਦੀਆਂ ਮੰਡੀਆਂ ’ਚ ਕੇਂਦਰੀ ਟੀਮ ਦੀ ਦਸਤਕ

**ਕੌਮੀ ਪਤ੍ਰਿਕਾ**

ਗੁਰਦਾਸਪੁਰ 21 ਅਪ੍ਰੈਲ। ਬੀਤੇ ਦਿਨੀਂ ਹੋਈ ਬੇਮੌਸਮੀ ਬਾਰਿਸ਼ ਅਤੇ ਗੜੇਮਾਰੀ ਕਾਰਨ ਕਣਕ ਦੀ ਫ਼ਸਲ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਅੱਜ ਕੇਂਦਰ ਸਰਕਾਰ ਦੀ ਵਿਸ਼ੇਸ਼ ਟੀਮ ਵੱਲੋਂ ਗੁਰਦਾਸਪੁਰ ਜ਼ਿਲੇ ਦੀਆਂ ਵੱਖ-ਵੱਖ ਦਾਣਾ ਮੰਡੀਆਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਟੀਮ ਨੇ ਗੁਰਦਾਸਪੁਰ ਦੀ ਮੁੱਖ ਦਾਣਾ ਮੰਡੀ ’ਚ ਪਹੁੰਚੀ ਕਣਕ ਦੀ ਗੁਣਵੱਤਾ ਦੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਅਗਲੇਰੀ ਕਾਰਵਾਈ ਲਈ ਵੱਖ-ਵੱਖ ਢੇਰੀਆਂ ਤੋਂ ਸੈਂਪਲ ਇਕੱਤਰ ਕੀਤੇ। ਕੇਂਦਰੀ ਟੀਮ ਦੇ ਅਧਿਕਾਰੀਆਂ ਨੇ ਮੰਡੀਆਂ ’ਚ ਮੌਜੂਦ ਕਿਸਾਨਾਂ ਅਤੇ ਆੜ੍ਹਤੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਗੱਲਬਾਤ ਕਰਦਿਆਂ ਏ. ਐਫ. ਐੱਸ. ਸੀ. ਕੰਵਲਜੀਤ ਸਿੰਘ ਅਤੇ ਆੜ੍ਹਤੀ ਅਸ਼ੋਕ ਵੈਦ ਨੇ ਦੱਸਿਆ ਕਿ ਬੇਮੌਸਮੀ ਬਾਰਿਸ਼ ਕਾਰਨ ਕਣਕ ਦੇ ਦਾਣੇ ਦੀ ਕੁਦਰਤੀ ਚਮਕ ਫਿੱਕੀ ਪੈ ਗਈ ਹੈ ਅਤੇ ਦਾਣੇ ’ਚ ਨਮੀ ਦੀ ਮਾਤਰਾ ਵੀ ਕਾਫੀ ਵੱਧ ਗਈ ਹੈ। ਕੇਂਦਰੀ ਟੀਮ ਦੇ ਮੈਂਬਰਾਂ ਨੇ ਵੱਖ-ਵੱਖ ਥਾਵਾਂ ਤੋਂ ਕਣਕ ਦੇ ਨਮੂਨੇ ਲਏ ਹਨ ਤਾਂ ਜੋ ਲੈਬਾਰਟਰੀ ਟੈਸਟ ਰਾਹੀਂ ਇਹ ਪਤਾ ਲਗਾਇਆ ਜਾ ਸਕੇ ਕਿ ਪ੍ਰਭਾਵਿਤ ਫ਼ਸਲ ਸਰਕਾਰ ਵੱਲੋਂ ਨਿਰਧਾਰਿਤ ਖਰੀਦ ਮਾਪਦੰਡਾਂ ’ਚ ਕਿੰਨੀ ਕੁ ਢਿੱਲ ਦੀ ਹੱਕਦਾਰ ਹੈ। ਦੌਰੇ ਦੌਰਾਨ ਕਿਸਾਨਾਂ ਨੇ ਟੀਮ ਅੱਗੇ ਆਪਣਾ ਦੁੱਖੜਾ ਸੁਣਾਉਂਦਿਆਂ ਮੰਗ ਕੀਤੀ ਕਿ ਖ਼ਰਾਬ ਹੋਈ ਫ਼ਸਲ ’ਤੇ ਲਗਾਈ ਜਾਣ ਵਾਲੀ ‘ਵੈਲਿਊ ਕੱਟ’ (ਕੀਮਤ ਦੀ ਕਟੌਤੀ) ਨੂੰ ਤੁਰੰਤ ਖ਼ਤਮ ਕੀਤਾ ਜਾਵੇ ਅਤੇ ਮੰਡੀਆਂ ’ਚ ਖਰੀਦ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇ। ਕੇਂਦਰੀ ਅਧਿਕਾਰੀਆਂ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਇਹ ਸੈਂਪਲ ਜਾਂਚ ਲਈ ਲੈਬਾਰਟਰੀ ਭੇਜੇ ਜਾਣਗੇ ਅਤੇ ਰਿਪੋਰਟ ਦੇ ਆਧਾਰ ’ਤੇ ਕੇਂਦਰ ਸਰਕਾਰ ਨੂੰ ਜਲਦ ਤੋਂ ਜਲਦ ਰਾਹਤ ਲਈ ਸਿਫ਼ਾਰਸ਼ਾਂ ਭੇਜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਮਕਸਦ ਕਿਸਾਨਾਂ ਨੂੰ ਵੱਧ ਤੋਂ ਵੱਧ ਰਾਹਤ ਪਹੁੰਚਾਉਣਾ ਹੈ ਤਾਂ ਜੋ ਉਨ੍ਹਾਂ ਨੂੰ ਮੰਡੀਆਂ ’ਚ ਖੱਜਲ-ਖੁਆਰ ਨਾ ਹੋਣਾ ਪਵੇ।



ਦੂਜੇ ਪਾਸੇ ਬਾਰਿਸ਼ ਕਾਰਨ ਕਣਕ ’ਚ ਨਮੀ ਦੀ ਮਾਤਰਾ 15 ਤੋਂ 17 ਫੀਸਦੀ ਤੱਕ ਰਿਕਾਰਡ ਕੀਤੀ ਗਈ ਹੈ, ਜਿਸ ਕਾਰਨ ਸਰਕਾਰੀ ਖਰੀਦ ਏਜੰਸੀਆਂ ਅਜੇ ਖਰੀਦ ਕਰਨ ਤੋਂ ਝਿਜਕ ਰਹੀਆਂ ਹਨ। ਇਸ ਮੌਕੇ ਸਥਾਨਕ ਪ੍ਰਸ਼ਾਸਨ ਦੇ ਅਧਿਕਾਰੀ, ਖ਼ੁਰਾਕ ਤੇ ਸਪਲਾਈ ਵਿਭਾਗ ਦੇ ਨੁਮਾਇੰਦੇ ਅਤੇ ਭਾਰਤੀ ਖ਼ੁਰਾਕ ਨਿਗਮ (ਐੱਫ. ਸੀ. ਆਈ.) ਦੇ ਅਧਿਕਾਰੀ ਵੀ ਮੌਜੂਦ ਸਨ।

## ਕਮਿਸ਼ਨਰ ਤੇ ਜੁਆਇੰਟ ਕਮਿਸ਼ਨਰ ਦੀ ਵੀ ਪ੍ਰਵਾਹ ਨਹੀਂ ਕਰ ਰਹੇ ਜਲੰਧਰ ਨਿਗਮ ਦੀ ਓ. ਐਂਡ ਐੱਮ. ਬ੍ਰਾਂਚ ਦੇ ਅਧਿਕਾਰੀ

**ਕੌਮੀ ਪਤ੍ਰਿਕਾ**

ਜਲੰਧਰ 21 ਅਪ੍ਰੈਲ। ਨਗਰ ਨਿਗਮ ਜਲੰਧਰ ਦੀ ਆਪ੍ਰੇਸ਼ਨ ਐਂਡ ਮੇਨਟੀਨੈਂਸ (ਓ. ਐਂਡ ਐੱਮ.) ਬ੍ਰਾਂਚ ਇਕ ਵਾਰ ਫਿਰ ਚਰਚਾ ਵਿਚ ਹੈ। ਸੀਵਰੇਜ, ਪੀਣ ਵਾਲੇ ਪਾਣੀ ਅਤੇ ਸਟਰੀਟ ਲਾਈਟ ਨਾਲ ਜੁੜੇ ਕੰਮਾਂ ਵਿਚ ਪਾਰਦਰਸ਼ਤਾ ਨੂੰ ਲੈ ਕੇ ਉੱਠੇ ਸਵਾਲਾਂ ਵਿਚਕਾਰ ਸਬੰਧਤ ਅਧਿਕਾਰੀਆਂ ਵਲੋਂ 1 ਸਾਲ ਦਾ ਜ਼ਰੂਰੀ ਰਿਕਾਰਡ ਹੁਣ ਤਕ ਮੁਹੱਈਆ ਨਹੀਂ ਕਰਵਾਇਆ ਗਿਆ ਹੈ, ਜਿਸ ਨਾਲ ਪੂਰੇ ਮਾਮਲੇ ’ਤੇ ਸ਼ੱਕ ਹੋਰ ਡੂੰਘਾ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤੀ ਸਰਵਹਿੱਤ ਕੌਂਸਲ ਦੇ ਪ੍ਰਧਾਨ ਰਾਜਨ ਸ਼ਾਰਦਾ ਵੱਲੋਂ ਇਸ ਬ੍ਰਾਂਚ ਵਿਚ ਕਥਿਤ ਬੇਯਕੀਨੀਆਂ ਨੂੰ ਲੈ ਕੇ ਸ਼ਿਕਾਇਤ ਦਰਜ ਕਰਵਾਈ ਗਈ ਸੀ। ਸ਼ਿਕਾਇਤ ਵਿਚ ਕਈ ਅਹਿਮ ਬਿੰਦੂ ਉਠਾਏ ਗਏ ਸਨ, ਜਿਨ੍ਹਾਂ ਦੇ ਆਧਾਰ ’ਤੇ ਨਗਰ ਨਿਗਮ ਕਮਿਸ਼ਨਰ ਨੇ ਫਰਵਰੀ ਵਿਚ ਜੁਆਇੰਟ ਕਮਿਸ਼ਨਰ ਜ਼ਰੀਏ ਸਬੰਧਤ ਬ੍ਰਾਂਚ ਤੋਂ ਪਿਛਲੇ ਇਕ ਸਾਲ ਦੇ ਐਸਟੀਮੇਟ ਅਤੇ ਐੱਮ. ਬੀ. ਬੁੱਕ ਦਾ ਰਿਕਾਰਡ ਮੰਗਿਆ ਸੀ। ਦੱਸਿਆ ਜਾ ਰਿਹਾ ਹੈ ਕਿ 3 ਮਾਰਚ ਨੂੰ ਦੁਬਾਰਾ ਨਿਰਦੇਸ਼ ਜਾਰੀ ਕੀਤੇ ਗਏ ਪਰ ਉਸ ਦੇ ਬਾਵਜੂਦ ਰਿਕਾਰਡ ਪੇਸ਼ ਨਹੀਂ ਕੀਤਾ ਗਿਆ। ਇਸ ਦੇ ਬਾਅਦ ਸੁਪਰਿੰਟੈਂਡਿੰਗ ਇੰਜੀਨੀਅਰ (ਐੱਸ. ਈ.) ਪੱਧਰ ਤੋਂ ਵੀ ਰਿਮਾਈਂਡਰ ਜਾਰੀ ਕਰ ਕੇ ਸਖ਼ਤ ਹਦਾਇਤ ਦਿੱਤੀ ਗਈ, ਫਿਰ ਵੀ ਅਧਿਕਾਰੀਆਂ ਦਾ ਰਵੱਈਆ ਢਿੱਲਾ ਹੀ ਬਣਿਆ ਹੋਇਆ ਹੈ। ਸੂਤਰਾਂ ਦੀ ਮੰਨੀਏ ਤਾਂ ਰਿਕਾਰਡ ਦੇਣ ਵਿਚ ਹੋ ਰਹੀ ਦੇਰੀ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਰਹੇ ਹਨ ਅਤੇ ਇਸ ਨੂੰ ਸੰਭਾਵਿਤ ਗੜਬੜੀਆਂ ਨੂੰ ਲੁਕਾਉਣ ਦੀ ਕੋਸ਼ਿਸ਼ ਦੇ ਰੂਪ ਵਿਚ ਵੀ ਦੇਖਿਆ ਜਾ ਰਿਹਾ ਹੈ। ਉਥੇ ਹੀ, ਵਿਭਾਗੀ ਪੱਧਰ ’ਤੇ ਸਾਫ਼ ਕਰ ਦਿੱਤਾ ਗਿਆ ਹੈ ਕਿ ਹੁਕਮਾਂ ਦੀ ਅਣਦੇਖੀ ਕਰਨ ਵਾਲੇ ਅਧਿਕਾਰੀਆਂ ਖ਼?ਲਾਫ਼ ਜ਼ਿੰਮੇਵਾਰੀ ਤੈਅ ਕਰ ਕੇ ਕਰਵਾਈ ਕੀਤੀ ਜਾਵੇਗੀ। ਇਸ ਪੂਰੇ ਘਟਨਾਚੱਕਰ ਨੇ ਨਗਰ ਨਿਗਮ ਦੀ ਕਾਰਜਪ੍ਰਣਾਲੀ ’ਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਖਾਸ ਗੱਲ ਇਹ ਹੈ ਕਿ ਜੂਨੀਅਰ ਇੰਜੀਨੀਅਰ (ਜੇ. ਈ.) ਅਤੇ ਸਬ-ਡਿਵੀਜ਼ਨਲ ਆਫਿਸਰ (ਐੱਸ. ਡੀ. ਓ.) ਪੱਧਰ ਦੇ ਅਧਿਕਾਰੀ, ਉੱਚ ਅਧਿਕਾਰੀਆਂ ਵਰਗੇ ਐੱਸ. ਈ., ਜੁਆਇੰਟ ਕਮਿਸ਼ਨਰ ਅਤੇ ਕਮਿਸ਼ਨਰ ਦੇ ਨਿਰਦੇਸ਼ਾਂ ਨੂੰ ਵੀ ਗੰਭੀਰਤਾ ਨਾਲ ਨਹੀਂ ਲੈ ਰਹੇ, ਜੋ ਸਿਸਟਮ ਦੀ ਕਮਜ਼ੋਰ ਸਥਿਤੀ ਨੂੰ ਉਜਾਗਰ ਕਰਦਾ ਹੈ। ਹੁਣ ਵੇਖਣਾ ਹੋਵੇਗਾ ਕਿ ਆਉਣ ਵਾਲੇ ਦਿਨਾਂ ਵਿਚ ਪ੍ਰਸ਼ਾਸਨ ਇਸ ਮਾਮਲੇ ਵਿਚ ਕੀ ਰੁਖ਼ ਅਪਣਾਉਂਦਾ ਹੈ ਅਤੇ ਕੀ ਅਸਲ ਵਿਚ ਜ਼ਿੰਮੇਵਾਰਾਂ ’ਤੇ ਕਾਰਵਾਈ ਹੁੰਦੀ ਹੈ ਜਾਂ ਨਹੀਂ।

### ਪੰਜਾਬ ’ਚ ਵੱਡੀ ਵਾਰਦਾਤ, ਮੋਟਰਸਾਈਕਲ ਸਵਾਰਾਂ ਨੇ ਨੌਜਵਾਨ ਨੂੰ ਮਾਰੀਆਂ ਗੋਲੀਆਂ

ਸਰਾਏ ਅਮਾਨਤ ਖਾਂ/ਝਬਾਲ 21 ਅਪ੍ਰੈਲ। ਸਰਹੱਦੀ ਥਾਣਾ ਸਰਾਏ ਅਮਾਨਤ ਖਾਂ ਅਧੀਨ ਆਉਂਦੇ ਪਿੰਡ ਭੂਸੇ ਵਿਖੇ ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਇਕ ਨੌਜਵਾਨ ਨੂੰ ਗੋਲੀਆਂ ਮਾਰ ਦਿੱਤੀਆਂ। ਗੋਲੀਆਂ ਲੱਗਣ ਕਾਰਣ ਨੌਜਵਾਨ ਗੰਭੀਰ ਜ਼ਖਮੀ ਹੋ ਗਿਆ। ਇਸ ਸਬੰਧੀ ਗੋਲੀਆਂ ਲੱਗਣ ਨਾਲ ਜ਼ਖ਼ਮੀ ਹੋਏ ਨਿਰਵੈਰ ਸਿੰਘ ਦੇ ਪਿਤਾ ਅੰਗਰੇਜ਼ ਸਿੰਘ ਵਾਸੀ ਭੂਸੇ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਨਿਰਵੈਰ ਸਿੰਘ ਬੀਤੀ ਦੇਰ ਸ਼ਾਮ ਪਿੰਡ ਭੂਸੇ ਦੇ ਅੱਡੇ ਤੋਂ ਘਰ ਦਾ ਕੁਝ ਸਮਾਨ ਲੈਣ ਲਈ ਗਿਆ ਸੀ ਤਾਂ ਪਿੱਛੋਂ ਆਏ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨਾਲ ਹੋਈ ਮਾਮੂਲੀ ਤਕਰਾਰ ਦੌਰਾਨ ਉਕਤ ਨੌਜਵਾਨਾਂ ਨੇ ਨਿਰਵੈਰ ਸਿੰਘ ’ਤੇ ਗੋਲੀਆਂ ਚਲਾ ਦਿੱਤੀਆਂ। ਜਿਸ ਨਾਲ ਨਿਰਵੈਰ ਸਿੰਘ ਗੰਭੀਰ ਜ਼ਖਮੀ ਹੋਗਿਆ। ਇਸ ਦੌਰਾਨ ਜ਼ਖਮੀ ਨਿਰਵੈਰ ਨੂੰ ਤੁਰੰਤ ਅੰਮ੍ਰਿਤਸਰ ਦੇ ਪ੍ਰਾਈਵੇਟ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਉਸ ਦਾ ਇਲਾਜ ਚੱਲ ਰਿਹਾ ਹੈ। ਘਟਨਾ ਦਾ ਪਤਾ ਚੱਲਦਿਆਂ ਥਾਣਾ ਸਰਾਏ ਅਮਾਨਤ ਖਾਂ ਤੋਂ ਡੀ. ਐੱਸ. ਪੀ ਸੁਖਬੀਰ ਸਿੰਘ ਅਤੇ ਐੱਸ. ਐੱਚ. ਓ ਬਲਜਿੰਦਰ ਸਿੰਘ ਬਾਜਵਾ ਦੀ ਅਗਵਾਈ ਵਿਚ ਪੁਲਸ ਟੀਮ ਘਟਨਾ ਵਾਲੀ ਥਾਂ ’ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਡੀ. ਐੱਸ. ਪੀ. ਸੁਖਬੀਰ ਸਿੰਘ ਅਨੁਸਾਰ ਗੋਲੀਆਂ ਮਾਰਨ ਵਾਲੇ ਅਣਪਛਾਤੇ ਵਿਅਕਤੀਆਂ ਦੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ।

### ਔਰਤਾਂ ਤੇ ਬੱਚਿਆਂ ਦਾ ਝੁੰਡ ਮੰਡੀ ’ਚੋਂ ਕਣਕ ਕਰ ਰਿਹਾ ਚੋਰੀ, ਕਿਸਾਨਾਂ ਨੇ ਸੁਰੱਖਿਆ ਪ੍ਰਬੰਧ ਦੀ ਕੀਤੀ ਮੰਗ

ਗੁਰਦਾਸਪੁਰ 21 ਅਪ੍ਰੈਲ। ਗੁਰਦਾਸਪੁਰ ਦੀ ਦਾਣਾ ਮੰਡੀ ’ਚ ਪਹੁੰਚੀ ਕਣਕ ’ਚ ਨਮੀ ਦੀ ਮਾਤਰਾ ਜ਼ਿਆਦਾ ਹੋਣ ਦੇ ਕਾਰਨ ਜਿੱਥੇ ਪਹਿਲਾਂ ਹੀ ਖਰੀਦ ਨਾ ਹੋਣ ਦੇ ਕਾਰਨ ਕਿਸਾਨ ਪ੍ਰੇਸ਼ਾਨ ਦਿਖਾਈ ਦੇ ਰਹੇ ਹਨ, ਉੱਥੇ ਹੁਣ ਰਾਤ ਸਮੇਂ ਕਣਕ ਚੋਰੀ ਹੋਣ ਦੇ ਕਾਰਨ ਕਿਸਾਨ ਬੇਹੱਦ ਦੁਖੀ ਹਨ। ਦੇਰ ਰਾਤ ਜਦੋਂ ਕਿਸਾਨ ਸੁੱਤੇ ਹੁੰਦੇ ਹਨ ਤਾਂ ਔਰਤਾਂ ਅਤੇ ਬੱਚਿਆਂ ਦੇ ਝੁੰਡ ਜਿਹੜੇ ਪ੍ਰਵਾਸੀ ਨਜ਼ਰ ਆਉਂਦੇ ਹਨ, ਕਣਕ ਦੀਆਂ ਢੇਰੀਆਂ ਤੋਂ ਕਣਕ ਚੋਰੀ ਕਰਕੇ ਲੈ ਜਾ ਰਹੇ ਹਨ। ਦੱਸਣਯੋਗ ਹੈ ਕਿ ਇਕ ਪਾਸੇ ਜਿੱਥੇ ਬੇਮੌਸਮੀ ਬਾਰਿਸ਼ ਨੇ ਪਹਿਲਾਂ ਹੀ ਪੁੱਤਾਂ ਵਾਂਗ ਪਾਲੀ ਕਿਸਾਨਾਂ ਦੀ ਕਣਕ ਦੀ ਫਸਲ ’ਤੇ ਪਾਣੀ ਫੇਰ ਦਿੱਤਾ ਹੈ, ਉੱਥੇ ਹੀ ਹੁਣ ਧੁੱਪ ਲੱਗਣ ਤੋਂ ਬਾਅਦ ਕਣਕ ਦੀ ਕਟਾਈ ਤੋਂ ਬਾਅਦ ਜਦੋਂ ਕਣਕ ਗੁਰਦਾਸਪੁਰ ਦੀ ਦਾਣਾ ਮੰਡੀ ’ਚ ਪਹੁੰਚ ਰਹੀ ਹੈ ਤਾਂ ਉੱਥੇ ਨਮੀ ਦੀ ਮਾਤਰਾ ਕਾਰਨ ਇਕ ਤਾਂ ਕਣਕ ਦੀ ਖਰੀਦ ਨਹੀਂ ਹੋ ਰਹੀ। ਦੂਜੇ ਪਾਸੇ ਰਾਤ ਸਮੇਂ ਕਣਕ ਚੋਰੀ ਹੋਣ ਦੇ ਕਾਰਨ ਕਿਸਾਨ ਪ੍ਰੇਸ਼ਾਨ ਦਿਖਾਈ ਦੇ ਰਹੇ ਹਨ। ਕਿਸਾਨਾਂ ਦਾ ਦੋਸ਼ ਹੈ ਕਿ ਦੇਰ ਰਾਤ ਜਦੋਂ ਕਿਸਾਨ ਸੁੱਤੇ ਹੁੰਦੇ ਹਨ ਤਾਂ ਔਰਤਾਂ ਅਤੇ ਬੱਚਿਆਂ ਦਾ ਝੁੰਡ ਜਿਹੜੇ ਪ੍ਰਵਾਸੀ ਨਜ਼ਰ ਆਉਂਦੇ ਹਨ, ਰਾਤ ਸਮੇਂ ਦਾਣਾ ਮੰਡੀ ’ਚ ਆਉਂਦੇ ਹਨ ਅਤੇ ਢੇਰੀਆਂ ਵਿਚੋਂ ਬੋਰੀਆਂ ਭਰ ਕੇ ਕਣਕ ਚੋਰੀ ਕਰਕੇ ਲੈ ਜਾਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਕ ਪਾਸੇ ਮੰਡੀ ਵਿਚ ਕਣਕ ਦੀ ਖਰੀਦ ਸ਼ੁਰੂ ਨਹੀਂ ਹੋ ਰਹੀ ਅਤੇ ਨਮੀ ਦੀ ਮਾਤਰਾ ਵੱਧ ਹੋਣ ਦਾ ਡਰ ਵੀ ਉਨ੍ਹਾਂ ਨੂੰ ਸਤਾ ਰਿਹਾ ਹੈ । ਦੂਜੇ ਪਾਸੇ ਇੱਕ ਹੋਰ ਵੱਡਾ ਨੁਕਸਾਨ ਕਿਸਾਨਾਂ ਦਾ ਹੋ ਰਿਹਾ ਹੈ। ਇਸ ਸਬੰਧੀ ਕਿਸਾਨਾਂ ਵੱਲੋਂ ਸੂਚਿਤ ਕਰਨ ਤੋਂ ਬਾਅਦ ਕਿਸਾਨ ਆਗੂ ਇੰਦਰ ਪਾਲ ਸਿੰਘ ਵੀ ਮੌਕੇ ’ਤੇ ਪਹੁੰਚੇ ਅਤੇ ਮੰਗ ਕੀਤੀ ਕਿ ਮੰਡੀ ਵਿਚ ਪੁਲਸ ਦੀ ਗਸ਼ਤ ਰਾਤ ਦੇ ਸਮੇਂ ਹੋਣੀ ਚਾਹੀਦੀ ਹੈ ਜਾਂ ਫਿਰ ਆੜਤੀਆਂ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਕਿਸਾਨਾਂ ਦੀ ਫਸਲ ਦੇ ਸੁਰੱਖਿਆ ਪ੍ਰਬੰਧ ਕਰਨੇ ਚਾਹੀਦੇ ਹਨ, ਕਿਉਂਕਿ ਇਸ ਤਰ੍ਹਾਂ ਕਿਸਾਨਾਂ ਨੂੰ ਦੋਹਰੀ ਮਾਰ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਕੁਦਰਤੀ ਮਾਰ ਕਾਰਨ ਕਿਸਾਨਾਂ ਦੀਆਂ ਫਸਲਾਂ ਹੇਠਾਂ ਡਿੱਗਣ ਕਾਰਨ ਕਣਕ ਦੀ ਫਸਲ ਦਾ ਝਾੜ ਘੱਟ ਗਿਆ ਹੈ ।

## ਗਾਣਿਆਂ ’ਚ ਅਸ਼ਲੀਲਤਾ ਕੀਤੀ ਤਾਂ ਖ਼ੈਰ ਨਹੀਂ ! ਹਰਿਆਣਾ ਮਹਿਲਾ ਕਮਿਸ਼ਨ ਦੀ ਗਾਇਕਾਂ ਨੂੰ ਸਖ਼ਤ ਚਿਤਾਵਨੀ

**ਏਜੰਸੀਆਂ**

ਨੈਸ਼ਨਲ ਡੈਸਕ 21 ਅਪ੍ਰੈਲ। ਹਰਿਆਣਾ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਨੇ ਮਨੋਰੰਜਨ ਜਗਤ ਵਿੱਚ ਵੱਧ ਰਹੀ ਅਸ਼ਲੀਲਤਾ



ਅਤੇ ਔਰਤਾਂ ਪ੍ਰਤੀ ਵਰਤੀ ਜਾ ਰਹੀ ਅਭਦਰ ਭਾਸ਼ਾ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਕਰਨਾਲ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਕਲਾਕਾਰ ਨੂੰ ਔਰਤਾਂ ਦੀ ਮਾਣ-ਮਰਿਆਦਾ ਨਾਲ ਖਿਲਵਾੜ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਮਸ਼ਹੂਰ ਰੈਪਰ ਬਾਦਸ਼ਾਹ ਦੇ ਵਿਵਾਦਿਤ ਗੀਤ ’ਟਟੀਰੀ’ ਦੇ ਮਾਮਲੇ ਵਿੱਚ ਰੇਣੂ ਭਾਟੀਆ ਨੇ ਦੱਸਿਆ ਕਿ ਗਾਇਕ ਨੇ ਕਮਿਸ਼ਨ ਦੇ ਸਾਹਮਣੇ ਆਪਣੀ ਗਲਤੀ ਸਵੀਕਾਰ ਕਰ ਲਈ ਹੈ। ਆਪਣੀ ਭੁੱਲ ਸੁਧਾਰਨ ਲਈ ਬਾਦਸ਼ਾਹ ਨੇ 30 ਲੋੜਵੰਦ ਬੱਚੀਆਂ ਨੂੰ ਗੋਦ ਲੈਣ ਤੇ ਉਨ੍ਹਾਂ ਦੀ ਸਿੱਖਿਆ ਤੇ ਪਾਲਣ-ਪੋਸ਼ਣ ਦਾ ਪੂਰਾ ਖਰਚਾ ਚੁੱਕਣ ਦਾ ਵਾਅਦਾ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਭਰੋਸਾ ਦਿੱਤਾ ਹੈ ਕਿ ਉਹ ਭਵਿੱਖ ਵਿੱਚ ਔਰਤਾਂ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਗੀਤ ਵੀ ਤਿਆਰ ਕਰਨਗੇ। ਕਮਿਸ਼ਨ ਨੇ ਹੁਣ ਹਰਿਆਣਵੀ ਗਾਇਕ ਮਾਸੂਮ ਸ਼ਰਮਾ ’ਤੇ ਵੀ ਸ਼ਿਕੰਜਾ ਕੱਸਿਆ ਹੈ। ਦੇਹਰਾਦੂਨ ਦੇ ਇੱਕ ਕਾਲਜ ਪ੍ਰੋਗਰਾਮ ਦੌਰਾਨ ਅਭਦਰ ਭਾਸ਼ਾ ਦੀ ਵਰਤੋਂ ਕਰਨ ਦੇ ਦੋਸ਼ ਵਿੱਚ ਉਨ੍ਹਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਮਾਸੂਮ ਸ਼ਰਮਾ ਨੂੰ 21 ਅਪ੍ਰੈਲ ਨੂੰ ਕਮਿਸ਼ਨ ਦੇ ਸਾਹਮਣੇ ਨਿੱਜੀ ਤੌਰ ’ਤੇ ਪੇਸ਼ ਹੋਣ ਦਾ ਹੁਕਮ ਦਿੱਤਾ ਗਿਆ ਹੈ। ਰੇਣੂ ਭਾਟੀਆ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਵੀ ਮਾਮਲਾ ਸੰਗਿਆਨ ਵਿੱਚ ਆਉਂਦਾ ਹੈ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ ਕਿਉਂਕਿ ਕਲਾਕਾਰਾਂ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ।

## ਸਿੱਖਿਆ ਪ੍ਰਣਾਲੀ ’ਤੇ ਸਿੱਧਾ ਹਮਲਾ ! ਪੰਜਾਬ ਸਰਕਾਰ ਦੀ ਨਵੀਂ ਡੈਪੂਟੇਸ਼ਨ ਨੀਤੀ ਵਿਰੁੱਧ ਅਧਿਆਪਕਾਂ ਨੇ ਖੋਲ੍ਹਿਆ ਮੋਰਚਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 21 ਅਪ੍ਰੈਲ। ਪੰਜਾਬ ਸਰਕਾਰ ਵੱਲੋਂ ਮਿਡਲ ਸਕੂਲਾਂ ਵਿਚੋਂ ਅਧਿਆਪਕਾਂ ਨੂੰ ਡੈਪੂਟੇਸ਼ਨ ’ਤੇ ਭੇਜਣ ਦੇ ਫ਼ੈਸਲੇ ਖ਼?ਲਾਫ਼ ਸੂਬੇ ਭਰ ਵਿੱਚ ਵਿਰੋਧ ਦੀ ਲਹਿਰ ਤੇਜ਼ ਹੋ ਗਈ ਹੈ। ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ. ਟੀ. ਐੱਫ.) ਨੇ ਇਸ ਨੂੰ ਸਿੱਖਿਆ ਪ੍ਰਣਾਲੀ ’ਤੇ ਸਿੱਧਾ ਹਮਲਾ ਕਰਾਰ ਦਿੰਦਿਆਂ ਸਰਕਾਰ ਨੂੰ ਸਖ਼ਤ ਸ਼ਬਦਾਂ ਵਿਚ ਘੇਰਿਆ ਹੈ। ਡੀ. ਟੀ. ਐੱਫ. ਆਗੂਆਂ ਮੁਤਾਬਕ ਸਰਕਾਰ ਵੱਲੋਂ ਜਾਰੀ ਪੱਤਰ ਅਨੁਸਾਰ ਘੱਟ ਵਿਦਿਆਰਥੀਆਂ ਵਾਲੇ ਮਿਡਲ ਸਕੂਲਾਂ ਵਿਚੋਂ ਵੱਡੀ ਗਿਣਤੀ ਵਿਚ ਅਧਿਆਪਕ ਕੱਢ ਕੇ ਵੱਧ ਗਿਣਤੀ ਵਾਲੇ ਸਕੂਲਾਂ ਵਿਚ ਭੇਜੇ ਜਾਣਗੇ। ਨਵੀਂ ਨੀਤੀ ਤਹਿਤ 1 ਤੋਂ 30 ਵਿਦਿਆਰਥੀਆਂ ਵਾਲੇ ਸਕੂਲਾਂ ਵਿਚ ਕੇਵਲ 2 ਅਧਿਆਪਕ, 60 ਤੱਕ 3 ਅਤੇ 90 ਤੱਕ 4 ਅਧਿਆਪਕ ਹੀ ਰੱਖੇ ਜਾਣਗੇ, ਜਦ ਕਿ ਬਾਕੀਆਂ ਨੂੰ ‘ਆਰਜ਼ੀ ਪ੍ਰਬੰਧ’ ਦੇ ਨਾਂ ’ਤੇ ਸ਼ਿਫ਼ਟ ਕੀਤਾ ਜਾਵੇਗਾ। ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਇਹ ਫ਼ੈਸਲਾ ਪੇਂਡੂ ਸਕੂਲਾਂ ਨੂੰ ਖ਼ਤਮ ਕਰਨ ਵੱਲ ਇਕ ਸੋਚਿਆ-ਸਮਝਿਆ ਕਦਮ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਹੀ ਕਈ ਵਿਸ਼ਿਆਂ ਦੇ ਅਧਿਆਪਕ ਘਟਾਏ ਜਾ ਚੁੱਕੇ ਹਨ ਅਤੇ ਹੁਣ ਇਹ ਨੀਤੀ ਵਿਦਿਆਰਥੀਆਂ ਨੂੰ ਮਾਹਰ ਅਧਿਆਪਕਾਂ ਤੋਂ ਵਾਂਝਾ ਕਰ ਦੇਵੇਗੀ। ਸੰਗਠਨ ਨੇ ਦੋਸ਼ ਲਾਇਆ ਕਿ ਇਹ ਫ਼ੈਸਲਾ ‘ਸਿੱਖਿਆ ਦਾ ਅਧਿਕਾਰ ਕਾਨੂੰਨ 2009’ ਦੀ ਸਿੱਧੀ ਉਲੰਘਣਾ ਹੈ। ਅਧਿਆਪਕਾਂ ਦੀ ਘਾਟ ਕਾਰਨ ਪਹਿਲਾਂ ਹੀ ਸਕੂਲਾਂ ਵਿਚ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ, ਜਦਕਿ ਸਰਕਾਰ ਇਸ ਨੂੰ ਹੋਰ ਬਦਤਰ ਕਰਨ ਵੱਲ ਵੱਧ ਰਹੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਦਾ ਇਹ ਕਦਮ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਅਤੇ ਨਵੀਆਂ ਭਰਤੀਆਂ ਤੋਂ ਪਿੱਛੇ ਹਟਣ ਦਾ ਸਪੱਸ਼ਟ ਸੰਕੇਤ ਹੈ। ਉਨ੍ਹਾਂ ਦੋਸ਼ ਲਾਇਆ ਕਿ ‘ਸਕੂਲ ਆਫ਼ ਐਮੀਨੈਂਸ’ ਅਤੇ ਪੀ. ਐੱਮ. ਸ੍ਰੀ ਸਕੂਲਾਂ ਨੂੰ ਤਰਜੀਹ ਦੇ ਕੇ ਪੇਂਡੂ ਇਲਾਕਿਆਂ ਦੇ ਆਮ ਸਕੂਲਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਸਾਫ਼ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਇਹ ਫ਼ੈਸਲਾ ਤੁਰੰਤ ਵਾਪਸ ਨਾ ਲਿਆ ਤਾਂ ਪਿੰਡਾਂ ਦੀਆਂ ਪੰਚਾਇਤਾਂ ਅਤੇ ਮਾਪਿਆਂ ਨੂੰ ਨਾਲ ਜੋੜ ਕੇ ਸੜਕਾਂ ’ਤੇ ਉਤਰਿਆ ਜਾਵੇਗਾ।







